
# ਸਿਖੁ ਸੁੋ ਖੋਜਿ ਲਹੈ




ਜਸਵੰਤ ਸਿੰਘ ਜ਼.ਫਰ

Original with:
Jaswant Singh Zafar
Digitized by:
Panjab Digital Library

*Original with;*
Jaswant Singh Zafar
*Digitized by;*
Panjab Digital Library

# ਸਿਖੁ ਸੋ ਖੋਜਿ ਲਹੈ

ਜਹਾ ਬੋਲ ਤਹ ਅਛਰ ਆਵਾ ॥
ਜਹ ਅਬੋਲ ਤਹ ਮਨੁ ਨ ਰਹਾਵਾ॥
(ਕਬੀਰ ਜੀ)

*Original with;*
Jaswant Singh Zafar
*Digitized by;*
Panjab Digital Library

**ਇਸੇ ਕਲਮ ਤੋਂ-**

* ਦੋ ਸਾਹਾਂ ਵਿਚਕਾਰ (ਕਵਿਤਾ)
* ਅਸੀਂ ਨਾਨਕ ਦੇ ਕੀ ਲਗਦੇ ਹਾਂ (ਕਵਿਤਾ)
* ਇਹ ਬੰਦਾ ਕੀ ਹੁੰਦਾ (ਕਵਿਤਾ)
* ਭਗਤੁ ਸਤਿਗੁਰੂ ਹਮਾਰਾ (ਨਿਬੰਧ)
* ਮੈਨੂੰ ਇਉਂ ਲੱਗਿਆ (ਨਿਬੰਧ)
* ਨਾਨਕ ਏਵੈ ਜਾਣੀਐ (ਨਿਬੰਧ)
* ਪਿਆਰੇ ਆਓ ਘਰੇ (ਕਵਿਤਾ)
* ਬੁੱਢਾ ਦਰਿਆ (ਨਾਟਕ)
* जीती जागती बात (ਚੋਣਵੀਆਂ ਕਵਿਤਾਵਾਂ ਦਾ ਹਿੰਦੀ ਅਨੁਵਾਦ)
* ਲਫ਼ਜ਼ਾਂ ਦਾ ਪਰਲਾ ਪੱਤਣ (ਚੋਣਵੀਆਂ ਕਵਿਤਾਵਾਂ ਦਾ ਅੰਗਰੇਜ਼ੀ ਅਨੁਵਾਦ)
  (The Other Shore of Words)

*Original with;*
Jaswant Singh Zafar
*Digitized by;*
Panjab Digital Library

# ਸਿਖੁ ਸੋੁ ਖੋਜਿ ਲਹੈ

(ਨਿਬੰਧ)

ਜਸਵੰਤ ਸਿੰਘ ਜ਼ਫ਼ਰ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

*Original with;*
Jaswant Singh Zafar
*Digitized by;*
Panjab Digital Library

# *Sikh Sou Khoj Lahey*

*Essays by*

**Jaswant Zafar ©**
#28, Basant Vihar, Jawaddi
Ludhiana-141013 (Pb.)
Ph: +91 80540-004977
E-mail : jaszafar@yahoo.com

**ISBN : 978-81-7883-403-0**
**Rs. 200/-**

First Editon : 2007, Second Editon : 2009, Third Edition : 2014, Fourth Edition : 2018, Fifth Edition : 2020, Sixth Edition : 2021,
**Seventh Edition : 2023**

*Printed and Bound In India*
Published by
A Group of

**Chetna Parkashan**
PUNJABI BHAWAN, LUDHIANA - 141001 (Pb.) INDIA
KOTKAPURA | CANADA | USA

**Gulati Publishers Ltd**
# 111, 8312-128 Street Surrey B.C. - V3W4G2
CANADA Ph : +1 604-750-0189
Ph. 0161-2413613, 2404928, (M) 98152-98459, 98762-07774
Ph.: 95011-45039
Website: www.chetnaparkashan.com
E-mail: chetnaparkashan@gmail.com, gulatipublishersltd@gmail.com
Printer : R.K. Offset, Delhi

All rights reserved
This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

follow us on : www.facebook.com/ChetnaParkashan
**Follow us on : Instagram / Chetna_Parkashan**

*Original with;*
Jaswant Singh Zafar
*Digitized by;*
Panjab Digital Library

ਅਕਾਲੀ ਕੌਰ ਸਿੰਘ ਨਿਹੰਗ
ਡਾ. ਕੁਲਬੀਰ ਸਿੰਘ ਥਿੰਦ
ਅਤੇ
ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ
ਦੀ ਘਾਲ, ਖੋਜ ਅਤੇ ਸਿਰੜ ਦੇ ਨਾਂ

*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

# ਤਰਤੀਬ


- ਭੂਮਿਕਾ / ਡਾ. ਬਲਕਾਰ ਸਿੰਘ ...................... 9
- ਮੋਹਿ ਕਬੀਰਾ ਨਾਊ ਰੇ ...................... 15
- ਗੁਰੂ ਨਾਨਕ ਬੁੱਢੇ ਨਹੀਂ ਸਨ ...................... 36
- ਪ੍ਰਕਿਰਤੀ ਬੋਧ: ਗੁਰਬਾਣੀ ਬਨਾਮ ਵਿਗਿਆਨ ...................... 46
- ਪਾਣੀ ਪਿਤਾ ਜਗਤ ਕਾ ...................... 58
- ਸਫਲਿਓ ਬਿਰਖੁ ਹਰੀਆਵਲਾ ...................... 70
- ਅਸਲ ਭਗਤ ਸਿੰਘ ਨੂੰ ਤਲਾਸ਼ਦਿਆਂ ...................... 77
- ਨੂਰਪੁਰੀ ਨੂੰ ਚੇਤੇ ਕਰਦਿਆਂ ...................... 90
- ਦੀਵਾਲੀ ਦਾ ਹਨੇਰਾ ਪਾਸਾ ...................... 98
- ਆਓ ਆਪਣੀ ਪੀੜ੍ਹੀ ਹੇਠ ਸੋਟਾ ਫੇਰੀਏ ...................... 102
  (ਪ੍ਰਸੰਗ : ਡੇਰਾ ਸਰਸਾ ਵਿਵਾਦ)



*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

# ਭੂਮਿਕਾ

ਪੰਜਾਬੀਆਂ ਦਾ ਸੁਭਾਅ ਹੈ ਕਿ ਉਹ ਕਿਸੇ ਵੀ ਨਵੀਂ ਗੱਲ ਵੱਲ ਛੇਤੀ ਰੁਚਿਤ ਹੋ ਜਾਂਦੇ ਹਨ। ਇਸੇ ਕਰਕੇ ਇਹ ਹਾਲਾਤ ਮੁਤਾਬਿਕ ਢਲ ਜਾਣ ਦੀ ਸਮਰੱਥਾ ਦੇ ਮਾਲਕ ਹੋ ਗਏ ਲੱਗਦੇ ਹਨ। ਪਰ ਇਸੇ ਹੀ ਕਰਕੇ ਇਹ ਸੌਖਿਆਂ ਵਰਗਲਾਏ ਵੀ ਜਾ ਸਕਦੇ ਹਨ।ਇਸੇ ਕਰਕੇ ਹੀ ਗੁਰੂ ਵਰੋਸਾਈ ਇਸ ਧਰਤੀ ਤੇ ਬਾਬਿਆਂ ਤੇ ਢਾਬਿਆਂ ਦੀ ਭਰਮਾਰ ਹੋ ਗਈ ਹੈ। ਸਿੱਖ ਸਭਿਆਚਾਰ ਮੱਧ-ਵਰਗੀ ਸਭਿਆਚਾਰ ਕਿਹਾ ਜਾ ਸਕਦਾ ਹੈ ਅਤੇ ਇਸ ਵਿਚ ਉਪਰਲੇ ਤੇ ਹੇਠਲੇ ਉਲਾਰ-ਸਭਿਆਚਾਰ ਨੂੰ ਕੋਈ ਮਾਨ ਸਨਮਾਨ ਦਿਤਾ ਗਿਆ ਨਜ਼ਰ ਘੱਟ ਆਉਂਦਾ ਹੈ। ਮੱਧ-ਵਰਗ ਨੂੰ ਸਥਾਪਤੀ-ਸਰੋਕਾਰਾਂ ਤੋਂ ਬਚਾ ਕੇ ਰੱਖਣ ਲਈ ਲੋੜੀਂਦੀ ਜੋਤਿ-ਪ੍ਰੇਰਨਾ ਅਤੇ ਜੁਗਤਿ-ਵਿਧੀ ਗੁਰਬਾਣੀ ਵਿਚ ਦਿੱਤੀ ਹੋਈ ਹੈ। ਇਸ ਦੇ ਹੁੰਦਿਆਂ ਵੀ ਸਿੱਖ ਸਮਾਜ ਕਿਉਂ ਨਿਘਾਰਮੁਖੀ ਹੁੰਦਾ ਚਲਾ ਜਾ ਰਿਹਾ ਹੈ, ਇਸ ਬਾਰੇ ਗੱਲ ਕਰਨ ਵਾਲਿਆਂ ਦੀ ਗਿਣਤੀ ਦਿਨੋ ਦਿਨ ਘਟਦੀ ਜਾ ਰਹੀ ਹੈ। ਗਿਣਤੀ ਦੇ ਗੱਲ ਕਰਨ ਵਾਲਿਆਂ ਵਿਚੋਂ ਜਸਵੰਤ ਸਿੰਘ ਜ਼ਫ਼ਰ ਇਕ ਹੈ।ਇਸ ਗੱਲ ਦਾ ਪ੍ਰਮਾਣ ਉਸਨੇ ਜਦੋਂ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਪੁਸਤਕ ਰਾਹੀਂ ਦਿੱਤਾ ਸੀ ਤਾਂ ਉਸਦੀ ਤਨਜ਼ੀਆ ਸ਼ੈਲੀ ਦਾ ਸਿੱਕਾ ਦੋਸਤਾਂ ਨੇ ਮੰਨ ਲਿਆ ਸੀ। ਇਸ ਤੋਂ ਬਾਅਦ ਵੀ ਉਹ ਲਗਾਤਾਰ ਇਹ ਤਾਂ ਪੁੱਛਦਾ ਰਹਿੰਦਾ ਸੀ ਕਿ ਉਸਦੀ ਚੇਤਨਾ ਦਾ ਪ੍ਰਗਟਾਵਾ ਉਸ ਨੂੰ ਆਪਣਿਆਂ ਨਾਲ ਟਕਰਾਉ ਵਿਚ ਤਾਂ ਨਹੀਂ ਲੈ ਆਵੇਗਾ? ਉਸਦਾ ਇਹ ਡਰ ਚਾਰ ਚੁਫ਼ੇਰੇ ਫੈਲੇ ਆਤੰਕ ਨਾਲੋਂ ਵੱਧ, ਅਜਿਹਾ ਕਰ ਰਿਹਾਂ ਨੂੰ ਤਨਜ਼ੀਆ ਸਵਾਲ ਹੀ ਹੈ। ਉਤਰ ਇਸ ਧਾਰਨਾ ਦੇ ਉਦਾਲੇ ਘੁੰਮਦਾ ਰਹਿੰਦਾ ਸੀ ਕਿ ਜਿਹੜੇ ਟਕਰਾਉ ਲਈ ਤਿਆਰ ਬਰ ਤਿਆਰ ਰਹਿੰਦੇ ਹਨ, ਉਨ੍ਹਾਂ ਕੋਲ ਨਾ ਪੜ੍ਹਣ ਦੀ ਵਿਹਲ ਹੈ ਅਤੇ ਨਾ ਰੁਚੀ ਹੈ। ਫਿਰ ਵੀ ਫਸਾਉਣ ਵਾਲਿਆਂ ਦਾ ਇਕ ਵਰਗ ਮੌਕੇ ਮੁਹੱਈਆ ਕਰਦਾ ਰਹਿੰਦਾ ਹੈ। ਸਮਾਜਕ ਭਲਾਈ ਦੇ ਅਜਿਹੇ ਮੁਦੱਈਆਂ ਨੂੰ ਕੌਣ ਰੋਕ ਸਕਦਾ ਹੈ? ਪ੍ਰਸੰਗ ਵਿਚੋਂ ਕੱਢੀ ਹੋਈ ਕੋਈ ਵੀ ਗੱਲ ਕਿਸੇ ਦੇ ਵੀ ਖਿਲਾਫ਼, ਕਦੋਂ ਤੇ ਕਿੱਥੇ ਵਰਤੀ ਜਾ ਸਕਦੀ ਹੈ, ਇਸਦੇ ਵਿਸਥਾਰ ਦਾ ਜਿਨ੍ਹਾਂ ਨੂੰ ਪਤਾ ਨਹੀਂ, ਉਹ ਅਸਲ ਵਿਚ 'ਮੌਜ ਵਿਚ' ਹਨ। ਸਿੱਖ ਸਥਾਪਤੀ ਅਤੇ ਸਿੱਖ ਚੇਤਨਾ ਵਿਚਕਾਰ ਸੰਭਵ ਤਨਾਉ ਦੀ ਧਰਾਤਲ ਤੇ ਉੱਗੇ ਹੋਏ ਲਤੀਫ਼ਿਆਂ ਦੀ ਫ਼ਸਲ ਦੇ ਵਿਸਥਾਰ ਵਿਚ ਨਾ ਜਾਣ ਵਿਚ ਹੀ ਭਲਾਈ ਪਰਵਾਨ ਕਰ ਲੈਣੀ ਚਾਹੀਦੀ ਹੈ। ਵੈਸੇ ਵੀ ਇਥੇ ਉਸ ਕਿਤਾਬ ਦਾ ਜ਼ਿਕਰ ਕਰਨਾ ਹੈ, ਜਿਸਦਾ ਲੇਖਕ ਪਾਲਨਾ ਪੋਸਨਾ ਵਿਚ ਸੁਜੱਗ ਸਿੱਖ ਹੈ, ਕਿੱਤੇ ਵਲੋਂ ਇੰਜਨੀਅਰ ਹੈ ਅਤੇ

*Original with;*
Jaswant Singh Zafar
*Digitized by;*
Panjab Digital Library

ਸੁਭਾਅ ਵਲੋਂ ਸ਼ਾਇਰ ਹੈ।ਜਦੋਂ ਉਹ ਇਨ੍ਹਾਂ ਵਿਚੋਂ ਵਿਹਲਾ ਹੋਵੇ ਤਾਂ ਕਾਰਟੂਨਿਸਟ ਹੋਣਾ ਪਸੰਦ ਕਰਦਾ ਹੈ। ਇਹ ਸਾਰੇ ਰੰਗ ਉਸਦੀਆਂ ਲਿਖਤਾਂ ਵਿਚੋਂ ਸਵੱਲੀ ਨਿਗਾਹ ਵਾਲਿਆਂ ਨੂੰ ਨਜ਼ਰ ਆ ਜਾਣੇ ਚਾਹੀਦੇ ਹਨ।

ਮੈਨੂੰ ਜ਼ਫ਼ਰ ਦੀ ਇਹ ਗਲ ਬੜੀ ਪਿਆਰੀ ਲਗਦੀ ਹੈ ਕਿ ਹਰ ਹਾਲਤ ਵਿਚ ਘੱਟ ਬੋਲਣਾ, ਬਹੁਤੀ ਗੱਲ ਨੂੰ ਥੋੜ੍ਹੇ ਸ਼ਬਦਾਂ ਵਿਚ ਕਹਿਣਾ ਅਤੇ ਲੁਕੇ ਰਹਿਣ ਦੀ ਕੋਸ਼ਿਸ਼ ਕਰਨਾ, ਉਸ ਨੂੰ ਚੰਗਾ ਲਗਦਾ ਹੈ। ਵੈਸੇ ਉਸ ਬਾਰੇ ਗੱਲ ਕਰਦਿਆਂ ਉਸ ਨੂੰ ਵਿਚਲਤ ਨ ਕਰਨ ਦੀ ਚੇਤਨਾ ਨੂੰ ਧਿਆਨ ਵਿਚ ਰੱਖਕੇ ਤੁਰਨ ਦੀ ਕੋਸ਼ਿਸ਼ ਕਰਨ ਦੀ ਲੋੜ ਨਹੀਂ ਹੈ। ਪਰ ਫਿਰ ਵੀ ਆਪਣੇ ਵਲੋਂ ਬਹੁਤਾ ਕਹਿਣ ਦੀ ਥਾਂ, ਉਸ ਵਲੋਂ ਕਹੇ ਹੋਏ ਦੇ ਆਧਾਰ ਉਤੇ ਗੱਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਨੌਂ ਲੇਖਾਂ ਦੀ ਇਸ ਕਿਤਾਬ 'ਸਿਖੁ ਸੁ ਖੋਜਿ ਲਹੈ' ਵਿਚੋਂ ਬਹੁਤੇ ਲੇਖ ਛਪੇ ਹੋਏ ਹੀ ਕਹਿਣੇ ਚਾਹੀਦੇ ਹਨ ਕਿਉਂਕਿ ਛਪਣ ਲਈ ਕਤਾਰ ਵਿਚ ਲੱਗ ਕੇ ਛਪਣ ਵਾਲੇ ਲੇਖਾਂ ਦਾ ਵੀ ਮੈਨੂੰ ਪਤਾ ਹੈ। ਇਕ ਛਾਪਣ ਵਾਲੇ ਨੂੰ ਤਾਂ ਦੋਸਤੀ ਦਾ ਮਾਣ ਰੱਖਦਿਆਂ ਮਰਹੂਮ ਪ੍ਰੋ. ਗੁਰਬਚਨ ਸਿੰਘ ਤਾਲਿਬ ਦੇ ਸ਼ਬਦਾਂ ਵਿਚ ਕਹਿਣਾ ਪਿਆ ਸੀ ਕਿ "ਕਿਬਲਾ! ਅਭੀ ਹਮਨੇ ਨੌਕਰੀ ਕਰਨੀ ਹੈ"। ਜਿਹੜਾ ਬੰਦਾ ਆਪ ਹੀ ਆਤੰਕਤ ਹੋਣ ਦੀ ਚੇਤਨਾ ਤੋਂ ਖਹਿੜਾ ਛੁਡਾਉਂਦਾ ਫਿਰਦਾ ਹੋਵੇ, ਉਸ ਨੇ ਕਿਸੇ ਨੂੰ ਆਪਣੀ ਲੇਖਣੀ ਨਾਲ ਆਤੰਕਤ ਕੀਤਾ ਹੋਵੇ, ਮੇਰੀ ਸਮਝ ਤੋਂ ਬਾਹਰ ਹੈ। ਲਗਦਾ ਹੈ ਕਿ ਅਸੀਂ ਅੰਦਰੋਂ ਹੀ ਆਤੰਕਤ ਹੋ ਗਏ ਹਾਂ। ਇਹ ਸਥਿਤੀ ਚੇਤਨਾ ਦੇ ਦਾਇਤਵ ਤੋਂ ਵਿਛੜਿਆਂ ਹੀ ਪੈਦਾ ਹੁੰਦੀ ਹੈ। ਚੇਤਨਾ ਦੇ ਦਾਇਤਵ ਨਾਲ ਜੋੜਣ ਦੀ ਜੋ ਕੋਸ਼ਿਸ਼ ਜ਼ਫ਼ਰ ਨੇ ਇਸ ਪੁਸਤਕ ਰਾਹੀਂ ਕੀਤੀ ਹੈ, ਉਸ ਨੂੰ ਸ਼ੁਭ ਸ਼ਗਨ ਕਹਿਣਾ ਚਾਹੀਦਾ ਹੈ।

ਇਨ੍ਹਾਂ ਲੇਖਾਂ ਵਿਚ ਜ਼ਫ਼ਰ ਦੀ ਸਿੱਖ ਪਾਲਨਾ-ਪੋਸਨਾ ਅਤੇ ਆਧੁਨਿਕ ਅੰਤਰਦ੍ਰਿਸ਼ਟੀਆਂ ਦਾ ਬੋਧ ਕਰਿੰਘੜੀ ਪਾ ਕੇ ਤੁਰਦੇ ਨਜ਼ਰ ਆ ਜਾਂਦੇ ਹਨ। ਜੇ ਗੱਲ ਪੁਸਤਕ ਵਿਚੋਂ ਇਕ ਲੇਖ 'ਗੁਰੂ ਨਾਨਕ ਬੁੱਢੇ ਨਹੀਂ ਸਨ' ਦੀ ਕਰੀਏ ਤਾਂ ਜ਼ਫ਼ਰ ਨੂੰ ਇਹ ਗੱਲ ਤੰਗ ਕਰਦੀ ਨਜ਼ਰ ਆ ਜਾਂਦੀ ਹੈ ਕਿ ਗੁਰੂ ਦੀ ਸਿੱਖਿਆ ਹੈ ਕਿ "ਗੁਰਮੁਖਿ ਬੁਢੇ ਕਦੇ ਨਾਹੀ..."। ਪਰ ਜੋ ਕੁਝ ਪ੍ਰਾਪਤ ਹੈ, ਉਸ ਮੁਤਾਬਿਕ ਗੁਰੂ ਨਾਨਕ ਦੇਵ ਜੀ ਉਥੇ ਵੀ ਬੁੱਢੇ ਵਿਖਾਏ ਗਏ ਹਨ, ਜਿਥੇ ਉਨ੍ਹਾਂ ਨੂੰ ਜਵਾਨ ਵਿਖਾਇਆ ਜਾਣਾ ਚਾਹੀਦਾ ਸੀ। ਜ਼ਫ਼ਰ ਨੇ ਇਹ ਗੱਲ ਬਾਣੀ ਵਿਚੋਂ ਹਵਾਲੇ ਦੇ ਕੇ ਸਾਹਮਣੇ ਲਿਆਂਦੀ ਹੈ। ਇਸ ਵੇਲੇ ਸਿੱਖਾਂ ਨੇ ਪਰੰਪਰਾ ਨੂੰ ਏਨਾਂ ਮਹੱਤਵ ਦੇ ਲਿਆ ਹੈ ਕਿ ਧਰਮ ਬਹੁਤ ਪਿੱਛੇ ਰਹਿ ਗਿਆ ਨਜ਼ਰ ਆਉਣ ਲੱਗ ਪਿਆ ਹੈ। ਅਜਿਹਾ ਤਾਂ ਹੋਇਆ ਹੈ ਕਿਉਂਕਿ ਸਮਕਾਲੀ ਹਵਾਲੇ ਨਾਲ ਗੱਲ ਕਰਨ ਦੀ ਥਾਂ, ਬੀਤ ਗਏ ਦੀਆਂ ਗੱਲਾਂ ਨਾਲ ਸਰਚਣ ਦੀ ਆਦਤ ਸਿੱਖ ਭਾਈਚਾਰੇ ਦੀ ਬਹੁਸੰਮਤੀ ਨੇ ਪਾਲ ਲਈ ਹੈ। ਇਸ ਲੇਖ ਵਿਚ ਉਪਰੋਕਤ ਮਸਲੇ ਨੂੰ ਸਮਕਾਲੀ ਮਾਨਸਿਕਤਾ ਨਾਲ ਜੋੜਕੇ, ਜ਼ਫ਼ਰ ਕਹਿੰਦਾ ਹੈ, "ਅਸੀਂ ਬਜ਼ੁਰਗਾਂ ਦੇ ਵਾਰਸ ਹੋਣ ਤੇ ਗੌਰਵ ਤਾਂ ਕਰਦੇ ਹਾਂ ਪ੍ਰੰਤੂ ਉਹਨਾਂ ਦੇ ਅਸੂਲਾਂ ਦੇ ਧਾਰਨੀ ਹੋਣ ਦਾ ਸਿਦਕ ਘੱਟ ਹੀ ਪਾਲਦੇ ਹਾਂ"। ਬੁਢੇਪੇ ਦੇ ਜਿਸ

*Original with;*
Jaswant Singh Zafar
*Digitized by;*
Panjab Digital Library

ਖੜੋਤ-ਬਿੰਬ ਨਾਲ ਗੁਰੂ ਜੀ ਨੂੰ ਤਸਵੀਰਾਂ ਜਾਂ ਚਿਤਰਾਂ ਨਾਲ ਜੋੜ ਕੇ ਪਰਵਾਨ ਕਰ ਲਿਆ ਗਿਆ ਹੈ, ਉਸਦੀ ਪੁਸ਼ਟੀ ਨਾ ਹੀ ਵੇਈਂ ਨਦੀ ਵਾਲੀ ਘਟਨਾ ਤੋਂ ਹੁੰਦੀ ਹੈ ਅਤੇ ਨਾ ਹੀ ਚਾਰਾਂ ਉਦਾਸੀਆਂ ਨਾਲ ਜੁੜੀਆਂ ਘਟਨਾਵਾਂ ਜਾਂ ਸਾਖੀਆਂ ਤੋਂ ਹੁੰਦੀ ਹੈ। ਕਿਤੇ ਇਹ "ਅੰਧੀ ਰਯਤਿ ਗਿਆਨ ਵਿਹੂਣੀ.." ਦਾ ਨਤੀਜਾ ਤਾਂ ਨਹੀ? ਇਹ ਸਵਾਲ ਵੀ ਉਸੇ ਸੁਰ ਵਿਚ ਹੈ, ਜਿਸਨੂੰ ਜ਼ਫ਼ਰ ਦੀ ਸ਼ੈਲੀ ਕਿਹਾ ਜਾ ਸਕਦਾ ਹੈ।

ਇਸ ਪੁਸਤਕ ਵਿਚ ਲਏ ਗਏ ਸਰੋਕਾਰਾਂ ਦਾ ਬਖਾਨ ਜ਼ਫ਼ਰ ਨੇ ਵਧੇਰੇ ਕਰਕੇ ਗੁਰਬਾਣੀ ਦੇ ਹਵਾਲੇ ਨਾਲ ਕੀਤਾ ਹੈ। ਇਹ ਕਹਿਣਾ ਮੁਸ਼ਕਲ ਲਗਦਾ ਹੈ ਕਿ ਉਹ ਮਸਲਿਆਂ ਨੂੰ ਗੁਰਬਾਣੀ ਰਾਹੀਂ ਵੇਖਦਾ ਹੈ ਕਿ ਗੁਰਬਾਣੀ ਨੂੰ ਮਸਲਿਆਂ ਦੇ ਹੱਲ ਵਾਸਤੇ ਮਾਧਿਅਮ ਸਮਝਦਾ ਹੈ। ਸ਼ਾਇਦ ਦੋਨੋਂ। ਉਸਦੀ ਇਸ ਪਹੁੰਚ ਦੇ ਦੀਦਾਰੇ ਉਸਦੇ ਲੇਖ 'ਪ੍ਰਾਕ੍ਰਿਤੀ ਬੋਧ : ਗੁਰਬਾਣੀ ਬਨਾਮ ਵਿਗਿਆਨ' ਵਿਚੋਂ ਬਾਖ਼ੂਬੀ ਹੋ ਜਾਂਦੇ ਹਨ। ਉਸ ਨੂੰ ਲਗਦਾ ਹੈ ਕਿ ਗੁਰਬਾਣੀ ਨੂੰ ਵਿਗਿਆਨਕ ਕਹਿਣ ਦਾ ਹਾਸੋਹੀਣਾ ਰਿਵਾਜ ਪੈ ਗਿਆ ਹੈ। ਉਸਦਾ ਵਿਸ਼ਵਾਸ਼ ਹੈ ਕਿ "ਵਿਗਿਆਨ ਦੇ ਕੁਦਰਤ ਪ੍ਰਤੀ ਰਵਈਏ ਅਤੇ ਉਸਦੀ ਕਾਰਗੁਜ਼ਾਰੀ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਦੇਖਿਆ, ਪਰਖਿਆ ਅਤੇ ਸਮਝਿਆ ਜਾਵੇ"। ਇਸ ਲਈ ਉਸਦਾ ਆਧਾਰ ਇਹ ਹੈ ਕਿ "ਕਾਰਟੇਜ਼ੀਅਨ ਨਿਖੇੜ ਕਾਰਣ ਵਿਗਿਆਨੀਆਂ ਨੂੰ ਸਭ ਚੀਜ਼ਾਂ ਬੇਜਾਨ ਅਤੇ ਵਿਯੋਜਿਤ ਨਜ਼ਰ ਆਉਂਦੀਆਂ ਹਨ"। ਇਸ ਦੀ ਵਿਗਿਆਨਕ ਫਾਰਮੂਲੇਸ਼ਨ ਦਾ ਜ਼ਿਕਰ ਜ਼ਫ਼ਰ ਨੇ ਊਰਜਾ, ਪਦਾਰਥ ਅਤੇ ਰੌਸ਼ਨੀ ਦੀ ਰਫ਼ਤਾਰ ਦੇ ਹਵਾਲੇ ਨੂੰ ਧਿਆਨ ਵਿਚ ਰੱਖਦਿਆਂ ਦੱਸਿਆ ਹੈ ਕਿ "ਬਾਣੀਕਾਰਾਂ ਨੇ ਕੁਦਰਤ ਨੂੰ ਨਾ ਕੇਵਲ ਕਰਤੇ ਦੀ ਖੇਡ ਮੰਨਿਆਂ, ਸਗੋਂ ਇਸਨੂੰ ਕਰਤੇ ਦਾ ਆਪਾ ਵੀ ਕਿਹਾ"। ਗੁਰਬਾਣੀ ਦੇ ਹਵਾਲਿਆਂ ਨਾਲ ਆਪਣੀਆਂ ਧਾਰਨਾਵਾਂ ਦੀ ਪੁਸ਼ਟੀ ਕਰਦਿਆਂ ਲੇਖਕ ਇਸ ਨਤੀਜੇ ਤੇ ਪਹੁੰਚਦਾ ਹੈ ਕਿ "ਗੁਰਬਾਣੀ ਦਾ ਕੁਦਰਤ ਬੋਧ 'ਆਧੁਨਿਕਤਾ' ਕਾਰਣ ਪੈਦਾ ਹੋਏ ਖ਼ਤਰਿਆਂ ਅਤੇ ਮਸਲਿਆਂ ਨੂੰ ਨਜਿਠਨ ਲਈ ਪਥ ਪ੍ਰਦਰਸ਼ਕ ਵੀ ਬਣਦਾ ਹੈ"। ਇਸੇ ਨੂੰ 'ਪਾਣੀ ਪਿਤਾ ਜਗਤ ਕਾ' ਨਾਲ ਰਲਾਕੇ ਪੜ੍ਹਿਆਂ, ਜ਼ਫ਼ਰ ਦੀ ਸੁਜੱਗਤਾ ਦੇ ਹੋਰ ਪਾਸਾਰ ਵੀ ਸਾਹਮਣੇ ਆ ਜਾਂਦੇ ਹਨ। ਉਸ ਨੂੰ 'ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ' ਦੀ ਇਕ ਪਾਸੇ ਵਿਗਿਆਨਕ ਸੋਝੀ ਹੈ ਅਤੇ ਦੂਜੇ ਪਾਸੇ ਪਾਣੀ ਦੇ ਇਸ ਮਹੱਤਵ ਦਾ ਵੀ ਅਹਿਸਾਸ ਹੈ ਕਿ "ਪਾਣੀ ਸੌਂਦਰਯ ਵੀ ਹੈ ਅਤੇ ਸ਼ਕਤੀ ਵੀ ਹੈ। ਇਹ ਰੁੱਤਾਂ ਅਤੇ ਮੌਸਮਾਂ ਦੀ ਖੇਡ ਦਾ ਮੁੱਖ ਪਾਤਰ ਹੈ ਅਤੇ ਕੁਦਰਤ ਦੇ ਹੋਰ ਬੇਅੰਤ ਕੌਤਕਾਂ ਦਾ ਮਾਧਿਅਮ ਵੀ ਹੈ"। ਆਪਣੇ ਰਚਨਾਤਮਕ ਪ੍ਰਗਟਾਵਿਆਂ ਦੇ ਕਲਾਤਮਿਕ ਲਮ੍ਹਿਆਂ ਵੇਲੇ ਬੁਲੰਦੀ ਤੇ ਗੱਲ ਕਰਦਿਆਂ ਵੀ ਲੇਖਕ ਧਰਤੀ ਨਾਲੋਂ ਨਾਤਾ ਨਹੀਂ ਤੋੜਦਾ ਅਤੇ ਪੰਜਾਬੀ ਸਭਿਆਚਾਰ ਨੂੰ ਘੜਨ ਵਿਚ ਪੁਰਾਣੇ ਪੰਜਾਬ ਦੇ ਦਰਿਆਵਾਂ ਦੀ ਗੱਲ, ਹਵਾਲੇ ਵਿਚਲੇ ਲੇਖ ਵਿਚ ਕਰਦਾ ਹੈ।ਇਸਦੀ ਪੁਸ਼ਟੀ ਉਹ ਜਦੋਂ ਪ੍ਰੋ. ਪੂਰਨ ਸਿੰਘ ਦੇ ਹਵਾਲੇ ਨਾਲ ਕਰਦਾ ਹੈ ਤਾਂ ਗੁਰੂ ਦੇ ਨਾਮ 'ਤੇ ਜਿਉਣ ਵਾਲੇ ਪੰਜਾਬ ਦੇ ਵਾਰਸ ਕਵੀ ਨੂੰ ਨਮੋ ਵੀ ਕਰਦਾ ਨਜ਼ਰ ਆ ਜਾਂਦਾ ਹੈ। ਇਸ ਆਧਾਰ

*Original with;*
Jaswant Singh Zafar
*Digitized by;*
Panjab Digital Library

'ਤੇ ਇਹ ਕਹਿਣ ਨੂੰ ਜੀਅ ਕਰਦਾ ਹੈ ਕਿ ਕਵੀ ਅਤੇ ਕਾਵਿ ਦੀ ਇਕਸੁਰਤਾ ਜ਼ਫ਼ਰ ਦੀ ਰੂਹ ਦੇ ਬਹੁਤ ਨੇੜੇ ਹਨ। ਪ੍ਰਸੰਗ ਵਿਚ ਮਿਸਾਲ ਇਹ ਲਈ ਹੈ:

**ਖਾੜ ਖਾੜ ਚੱਲਣ ਵਿਚ ਮੇਰੇ ਸੁਫ਼ਨਿਆਂ**
**ਪੰਜਾਬ ਦੇ ਦਰਿਆ**
**ਪਿਆਰ ਅੱਗ ਇਹਨਾ ਨੂੰ ਲੱਗੀ ਹੋਈ**
**ਪਿਆਰਾ ਜਾਪੁ ਸਾਹਿਬ ਗਾਉਂਦੇ**
**ਠੰਢੇ ਤੇ ਠਾਰਦੇ, ਪਜਾਰਦੇ**

ਇਸ ਬੁਲੰਦੀ ਤੇ ਵਿਚਰਦੇ ਜ਼ਫ਼ਰ ਨੂੰ ਚੁਫ਼ੇਰੇ ਖਿਲਰੀਆਂ ਉਹ ਤ੍ਰਾਸਦਿਕ ਵੰਗਾਰਾਂ ਨਹੀਂ ਭੁਲਦੀਆਂ, ਜਿਹੜੀਆਂ ਉਸਦੇ ਪਿਆਰੇ 'ਬੁਢੇ ਦਰਿਆ' ਨੂੰ 'ਗੰਦੇ ਨਾਲ਼ੇ' ਵਿਚ ਲਗਾਤਾਰ ਤਬਦੀਲ ਕਰੀ ਜਾ ਰਹੀਆਂ ਹਨ। ਉਸਦੀ ਚੀਕ-ਬੁਲਬਲੀ ਹੈ ਕਿ ਪਾਣੀਆਂ ਦੀ ਸੰਭਾਲ ਤਾਂ ਪਾਣੀਆਂ ਦੀ ਵੰਡ ਨਾਲੋਂ ਵੀ ਅਹਿਮ ਮੁੱਦਾ ਹੈ।

ਜ਼ਫ਼ਰ ਦੀ ਚੇਤਨਾ ਵਿਚ ਪਾਣੀ ਉਸ ਪ੍ਰਾਕ੍ਰਿਤੀ ਦਾ ਹੀ ਹਿੱਸਾ ਹਨ, ਜਿਸਦੀ ਗੱਲ ਉਸਨੇ 'ਸਫਲਿਓ ਬਿਰਖੁ ਹਰਿਆਵਲਾ' ਵਿਚ ਕੀਤੀ ਹੋਈ ਹੈ। ਉਹ ਰੁੱਖਾਂ ਦੇ ਰੱਬੀ ਗੁਣਾਂ ਦੀ ਗੱਲ ਵੀ ਕਰਦਾ ਹੈ ਅਤੇ ਇਹ ਵੀ ਬੁਲੰਦ ਸੁਰ ਵਿਚ ਕਹਿੰਦਾ ਹੈ ਕਿ "ਰੁੱਖ, ਬਿਰਖ ਅਤੇ ਵਣ ਤ੍ਰਿਣ ਕੇਵਲ ਖੇੜੇ ਜਾਂ ਸੁੰਦਰਤਾ ਦੇ ਹੀ ਪ੍ਰਤੀਕ ਨਹੀਂ, ਸਗੋਂ ਧਰਤੀ ਦੇ ਸਾਰੇ ਜੀਆ ਜੰਤ ਦੇ ਜੀਵਨ ਦਾ ਆਧਾਰ ਹਨ"। ਰੁੱਖ ਲੇਖਕ ਲਈ ਪਰੰਪਰਕ ਰੋਲ ਮਾਡਲ ਵਾਂਗ ਹਨ, ਜੋ ਦਰਵੇਸ਼ੀ ਜੇਰੇ ਨਾਲ 'ਪਰਉਪਕਾਰੀ ਜਨ' ਬਨਣ ਦੀ ਉਡੀਕ ਕਰੀ ਜਾ ਰਹੇ ਹਨ ਅਤੇ ਕਰਦੇ ਵੀ ਰਹਿਣਗੇ। ਇਸਦੀ ਪੁਸ਼ਟੀ ਬਾਬਾ ਫਰੀਦ ਦੇ ਸ਼ਬਦਾਂ "ਦਰਵੇਸ਼ਾਂ ਨੂੰ ਲੋੜੀਐ ਰੁਖਾਂ ਦੀ ਜੀਰਾਂਦ" ਨਾਲ ਕਰ ਦਿੱਤੀ ਹੈ।

ਸੰਖੇਪ ਵਿਚ ਗੱਲ ਕਰਨ ਵਾਲੇ ਲੇਖਕ ਬਾਰੇ ਲੰਬੀ ਗੱਲ ਨਹੀਂ ਸੋਭਦੀ, ਮੈਨੂੰ ਪਤਾ ਹੈ। ਇਸੇ ਲਈ ਮੈਂ ਲੇਖਕ ਦੇ ਉਨ੍ਹਾਂ ਗੁਣਾਂ ਅਤੇ ਲਿਖਤਾਂ ਦਾ ਵਿਸਥਾਰ ਵਿਚ ਜ਼ਿਕਰ ਨਹੀਂ ਕੀਤਾ, ਜਿਨ੍ਹਾਂ ਦਾ ਹਵਾਲਾ ਮੁੱਢ ਵਿਚ ਆ ਗਿਆ ਹੈ। ਪਰ ਉਸਦੀ ਚੇਤਨਾ ਨਾਲ ਜੋ ਵੀ ਪਹਿਲੂ ਟਕਰਾਇਆ, ਉਸਦਾ ਮਰਮੀ-ਬਖਾਨ ਸਾਹਮਣੇ ਆ ਗਿਆ, ਇਹ ਗੱਲ ਕਹਿਣ ਦਾ ਮੈਂ ਯਤਨ ਕਰ ਰਿਹਾ ਹਾਂ। ਇਸਦਾ ਲੁਤਫ਼ ਤਾਂ ਇਸ ਕਿਤਾਬ ਨੂੰ ਪੜ੍ਹਕੇ ਹੀ ਲਿਆ ਜਾ ਸਕਦਾ ਹੈ। ਪਰ ਮੇਰਾ ਲਾਲਚ ਇਹ ਹੈ ਕਿ ਤਿੰਨ ਕੁ ਸਫੇ ਦੇ ਲੇਖ 'ਦੀਵਾਲੀ ਦਾ ਹਨੇਰਾ ਪਾਸਾ' ਦਾ ਜ਼ਿਕਰ ਜ਼ਰੂਰ ਕਰਾਂ। ਮੈਡੀਟੇਟਿਵ ਸ਼ੈਲੀਕਾਰ ਜ਼ਫ਼ਰ ਗੱਲ ਸਿੱਧੀ ਤੇ ਸੌਖੀ ਕਰਦਾ ਹੈ, ਪਰ ਸਮਝ ਤਾਂ ਹੀ ਆ ਸਕਦੀ ਹੈ, ਜੇ ਸਮਝਣ ਦੀ ਤੀਬਰਤਾ ਪੈਦਾ ਹੋਵੇ। ਦੀਵਾਲੀ ਦੇ ਚੁਫ਼ੇਰੇ ਖਿਲਰੇ ਪਾਸਾਰਾਂ ਨਾਲ ਜੁੜੇ ਸ਼ਬਦਾਂ ਦੇ ਜ਼ਿਕਰ ਨਾਲ ਇਸ ਧਾਰਨਾ ਦੀ ਪੁਸ਼ਟੀ ਹੋ ਜਾਵੇਗੀ- "ਪਿੰਡਾਂ ਵਿਚ ਭਾਵੇਂ ਇਹ (ਦੀਵਾਲੀ) ਸਿਰਫ਼ ਮਨਾਈ ਜਾਂਦੀ ਹੈ, ਪਰ ਸ਼ਹਿਰਾਂ ਵਿਚ ਇਹ ਮਨਾਉਣ ਦੇ ਨਾਲ ਨਾਲ ਮੰਗੀ ਵੀ ਜਾਂਦੀ ਹੈ, ਦਿੱਤੀ ਵੀ ਜਾਂਦੀ ਹੈ ਅਤੇ ਇਕੱਠੀ ਵੀ ਕੀਤੀ ਜਾਂਦੀ ਹੈ"। ਇਸ ਨਾਲ ਤਿਉਹਾਰੀ-ਵਿਸ਼ਵਾਸ਼ ਦੀ ਆੜ ਵਿਚ ਪਨਪ ਰਹੀ

*Original with;*
Jaswant Singh Zafar
*Digitized by;*
Panjab Digital Library

ਮੰਡੀ ਅਤੇ ਭ੍ਰਿਸ਼ਟਾਚਾਰ ਦੀ ਦੌੜ ਦੇ ਨਾਲ ਨਾਲ, ਪਿੰਡਾਂ ਅਤੇ ਸ਼ਹਿਰਾਂ ਵਿਚ ਵਧ ਰਹੇ ਪਾੜੇ ਵੱਲ ਵੀ ਇਸ਼ਾਰਾ ਹੋ ਗਿਆ ਹੈ। ਇਸ ਦਾ ਕਰਿਟੀਕ ਅਖ਼ੀਰ ਵਿਚ ਇਸ ਤਰ੍ਹਾਂ ਦੇ ਦਿੱਤਾ ਹੈ, "(ਦੀਵਾਲੀ ਨੂੰ) ਆਤਮਿਕ ਹਨੇਰ, ਵਾਤਾਵਰਣ ਦੇ ਪ੍ਰਦੂਸ਼ਣ, ਮਾਨਸਿਕ ਕੁਹਜ ਅਤੇ ਖ਼ੁਦਗਰਜ਼ ਸਬੰਧਾਂ ਦੀ ਮੂੰਹ ਬੋਲਦੀ ਤਸਵੀਰ ਬਣਾ ਲਿਆ ਹੈ।"

ਗਲ਼ੀਆਂ ਸੜੀਆਂ ਕੀਮਤਾਂ ਦੀ ਮਲ੍ਹਮ ਪੱਟੀ ਤੋਂ ਪਹਿਲਾਂ ਲੋੜੀਂਦੀ ਨਸ਼ਤਰ ਜ਼ਫ਼ਰ ਕੋਲ ਹੈ ਅਤੇ ਇਸ ਨੂੰ ਉਹ ਜਿਸ ਸਾਦਗੀ ਨਾਲ ਵਰਤ ਲੈਂਦਾ ਜਾਂ ਕਹਿ ਦੇਂਦਾ ਹੈ, ਇਸ ਨਾਲ ਹਾਸਾ ਅਤੇ ਚੀਸ ਦੋਵੇਂ ਪੈਦਾ ਹੋ ਜਾਣ ਦੀਆਂ ਸੰਭਾਵਨਾਵਾਂ ਸਾਹਮਣੇ ਆ ਜਾਂਦੀਆਂ ਹਨ। ਬੱਸ ਚੋਣ ਆਪਣੀ ਆਪਣੀ ਹੈ ਅਤੇ ਇਸ ਸਪੇਸ ਦੇ ਦੇਣ ਕਾਰਨ ਹੀ ਜ਼ਫ਼ਰ ਪ੍ਰਚਾਰਕ ਹੋਣ ਤੋਂ ਬਚ ਗਿਆ ਹੈ। ਭੱਜਦਿਆਂ ਨਾਲ ਭੱਜਣ ਦੀ ਉਸ ਨੂੰ ਜਾਚ ਨਹੀਂ ਹੈ। ਉਹ ਸਵਾਲ ਪੈਦਾ ਕਰਦਾ ਜਾਂਦਾ ਹੈ ਅਤੇ ਸਵਾਲਾਂ ਪਿੱਛੇ ਲੁਕੇ ਹੋਏ ਜਵਾਬਾਂ ਦੀ ਜ਼ਿੰਮੇਵਾਰੀ ਪਾਠਕ ਤੇ ਛੱਡ ਦੇਂਦਾ ਹੈ। ਇਸ ਵਾਸਤੇ ਉਸ ਦੇ ਲੇਖ 'ਅਸਲ ਭਗਤ ਸਿੰਘ ਨੂੰ ਤਲਾਸ਼ਦਿਆਂ' ਨੂੰ ਵਾਰ ਵਾਰ ਪੜ੍ਹਨ ਦੀ ਲੋੜ ਪੈ ਸਕਦੀ ਹੈ। ਕਹਿਣਾ ਤਾਂ ਉਹ ਬਹੁਤ ਕੁਝ ਚਾਹੁੰਦਾ ਹੈ ਪਰ ਕਹਿੰਦਾ ਏਨਾ ਹੀ ਹੈ ਕਿ ਅਸੀਂ ਕਿਹੜੇ ਭਗਤ ਸਿੰਘ ਦੇ ਦੀਵਾਨੇ ਹਾਂ? ਜੋ ਸਾਡੇ ਲਈ ਜਾਨ ਤੇ ਖੇਡ ਗਿਆ ਸੀ ਜਾਂ ਜਿਸ ਵਾਂਗ ਅਸੀਂ ਕੁਰਬਾਨੀ ਕਰਨ ਨੂੰ ਤਿਆਰ ਨਹੀਂ ਹਾਂ? ਸਹੂਲਤਮੁਖੀ-ਬਿੰਬਾਂ ਦੀ ਖੜੋਤ-ਸਥਾਪਤੀ ਨਾਲ ਸਰਚਣ ਦਾ ਸਿਆਸੀ ਸਵਾਂਗ ਸਾਡੇ ਸਮਕਾਲ ਦਾ ਅਸਲ ਦੁਖਾਂਤ ਹੈ। ਇਸ ਜ਼ਖ਼ਮ ਨੂੰ ਜ਼ਫ਼ਰ ਦੀ ਕਾਵਿ-ਨਸ਼ਤਰ ਇਉਂ ਛੇੜਦੀ ਹੈ:

**ਸ਼ਹੀਦ-ਏ-ਆਜ਼ਮ ਦੇ ਸ਼ਹੀਦੀ ਦਿਨ ਦੀ**
**ਛੁੱਟੀ ਨਾ ਹੋਵੇ,**
**ਇਹ ਗੱਲ ਨਹੀਂ ਜਰਾਂਗੇ**
**ਰੋਸ ਹੜਤਾਲ ਕਰਾਂਗੇ**
**ਕਲਾਸਾਂ ਦਾ ਬਾਈਕਾਟ ਕਰਕੇ**
**ਨਾ ਪੜ੍ਹਣ ਪੜ੍ਹਾਉਣ ਦਿਆਂਗੇ**
**ਤੇ ਨਾ ਪੜ੍ਹਾਂਗੇ**
**ਸ਼ਹੀਦ ਦੇ ਸ਼ਹੀਦੀ ਦਿਨ ਤੇ**
**ਜੋ ਆਖਰੀ ਸਮੇਂ ਤੱਕ**
**ਪੜ੍ਹਦਾ ਰਿਹਾ ਸੀ**

ਭਗਤ ਸਿੰਘ ਵਾਸਤੇ 'ਤਸ਼ੱਦਦ ਦੇ ਤੌਰ ਤਰੀਕਿਆਂ ਦਾ ਰੋਮਾਂਸ' ਕਿਵੇਂ 'ਗੰਭੀਰ ਵੀਚਾਰਾਂ' ਵਿਚ ਪਰੀਵਰਤਿਤ ਹੋ ਗਿਆ ਸੀ, ਇਸ ਦਾ ਲੇਖ ਪੜ੍ਹਿਆਂ ਹੀ ਪਤਾ ਲੱਗ ਸਕਦਾ ਹੈ। ਪੜ੍ਹਨ ਦੀ ਆਦਤ ਨਾ ਹੋਣ ਕਰਕੇ ਆਪਣਿਆਂ ਦੀ ਕਦਰ ਕਰਨ ਦਾ ਵੱਲ ਗੁਆਚਦਾ ਜਾ ਰਿਹਾ ਹੈ। ਸਿੱਟੇ ਵਜੋਂ ਚੇਤਨਾ ਅਤੇ ਸੁੱਤ ਸਮਾਨਾਂਤਰਤਾ ਵਿਚ ਆ ਗਈਆਂ ਹਨ। ਕਿਥੋਂ ਕਿਥੇ ਪਹੁੰਚ ਗਏ ਹਾਂ? ਚੇਤਨਾ ਸਵਾਲਾਂ ਦੇ ਜੰਗਲ ਵਿਚ

*Original with;*
Jaswant Singh Zafar
*Digitized by;*
Panjab Digital Library

ਗੁਆਚੀ ਹੋਈ ਲਗਦੀ ਹੈ ਅਤੇ ਸੁੱਤ ਮੌਸਮੀ ਦਰਿਆ ਵਾਂਗ ਠਾਠਾਂ ਮਾਰਦੀ ਵਹਿ ਰਹੀ ਹੈ। ਗੱਲ ਮੁਕਾਣ ਲਈ ਜ਼ਫ਼ਰ ਦੀ ਕਾਵਿ ਟੂਕ ਹੀ ਠੀਕ ਰਹੇਗੀ:

**ਬਾਬੇ (ਗੁਰਬਾਣੀ) ਗਾਉਂਦੇ**
***'ਮਨਮੁਖ ਮੂੜ ਮਾਇਆ ਚਿਤ ਵਾਸੁ'***
**ਮਾਇਆ ਵੱਟੇ ਸਭ ਲਈ ਅਰਦਾਸ**
**ਕਿ ਸਰਬਤ ਦੇ ਕਾਰਜ ਰਾਸ ਕਰਨੇ**
**ਬੁਰੇ ਵੀ ਬਰੀ ਜ਼ਾਲਮ ਵੀ ਜੇਤੂ**
**ਤੇ ਨਕਲਚੂ ਪਾਸ ਕਰਨੇ**

ਜੋ ਕੁਝ ਮੈਂ ਕਿਹਾ ਹੈ, ਇਹ ਜ਼ਫ਼ਰ ਦੀ ਭਰੀ ਪਤੀਲੀ (ਕਿਤਾਬ) ਵਿਚੋਂ ਕੁਝ ਦਾਣੇ ਹਨ। ਇਸ ਨਾਲ ਰੱਜ ਆਉਣ ਦੀ ਤਵੱਕੋ ਨਹੀਂ ਕੀਤੀ ਜਾ ਸਕਦੀ। ਮੈਂ ਇਸ ਕਿਤਾਬ 'ਸਿਖੁ ਸੁ ਖੋਜਿ ਲਹੈ' ਨੂੰ ਪੜ੍ਹਨ ਦੀ ਸਿਫ਼ਾਰਸ਼ ਕਰਦਾ ਹਾਂ ਅਤੇ ਜ਼ਫ਼ਰ ਨੂੰ ਇਸ ਖ਼ੂਬਸੂਰਤ ਤੋਹਫ਼ੇ ਲਈ ਵਧਾਈ ਦਿੰਦਾ ਹਾਂ।

ਬਲਕਾਰ ਸਿੰਘ (ਪ੍ਰੋਫ਼ੈਸਰ)
34, ਅਰਬਨ ਅਸਟੇਟ, ਫੇਜ਼ 1, ਪਟਿਆਲਾ

*Original with;*
Jaswant Singh Zafar
*Digitized by;*
Panjab Digital Library

# ਮੋਹਿ ਕਬੀਰਾ ਨਾਊ ਰੇ

ਗੁਰੂ ਨਾਨਕ ਸਾਹਿਬ ਨੇ ਚਾਰ ਉਦਾਸੀਆਂ ਦੌਰਾਨ ਜਿਥੇ ਗੁਰਮਤਿ ਗਿਆਨ ਪ੍ਰਕਾਸ਼ ਦੀਆਂ ਕਿਰਨਾਂ ਨੂੰ ਸਥਾਪਤ ਧਾਰਮਿਕ ਥਾਵਾਂ 'ਤੇ ਅਤੇ ਆਮ ਲੋਕਾਂ ਵਿਚ ਜਾ ਕੇ ਫੈਲਾਇਆ, ਉਥੇ ਨਾਲ ਦੀ ਨਾਲ ਵੱਖ ਵੱਖ ਥਾਵਾਂ ਤੋਂ ਇਸ ਦੇ ਸੋਮਿਆਂ ਦੀ ਪਛਾਣ ਕਰਕੇ ਵੱਖ ਵੱਖ ਭਗਤਾਂ ਦੀ ਬਾਣੀ ਦੇ ਰੂਪ ਵਿਚ ਇਸ ਗਿਆਨ ਪ੍ਰਕਾਸ਼ ਨੂੰ ਖੁਦ ਇਕੱਠਾ ਵੀ ਕੀਤਾ। ਗੁਰੂ ਨਾਨਕ ਸਾਹਿਬ ਤੋਂ ਬਾਅਦ ਉਨ੍ਹਾਂ ਦੇ ਉਤਰਾ ਅਧਿਕਾਰੀ ਗੁਰੂਆਂ ਨੇ ਵੀ ਗੁਰਮਤਿ ਗਿਆਨ ਅਤੇ ਗੁਰਮਤਿ ਚਿੰਤਨ ਦੇ ਇਨ੍ਹਾਂ ਸੋਮਿਆ ਦੀ ਭਾਲ-ਟੋਲ ਜਾਰੀ ਰੱਖੀ। ਅਜਿਹੇ ਗਿਆਨ-ਵਿਚਾਰ ਨੂੰ ਵਿਚਾਰਿਆ ਵਿਸਥਾਰਿਆ, ਪਸਾਰਿਆ ਪਰਚਾਰਿਆ ਅਤੇ ਇਕ ਧਰਮ ਦੇ ਰੂਪ ਵਿਚ ਸੰਗਠਿਤ ਕੀਤਾ। ਗੁਰਮਤਿ ਗਿਆਨ ਅਤੇ ਗੁਰਮਤਿ ਚਿੰਤਨ ਦੇ ਇਹ ਸੋਮੇ ਸਨ - ਗੁਰੂ ਨਾਨਕ ਸਾਹਿਬ ਤੋਂ ਤਿੰਨ ਸਦੀਆਂ ਪਹਿਲਾਂ ਪੈਦਾ ਹੋਏ ਭਗਤ ਜੈ ਦੇਵ ਜੀ ਤੇ ਫਰੀਦ ਜੀ, ਦੋ ਸਦੀਆਂ ਪਹਿਲਾਂ ਪੈਦਾ ਹੋਏ ਭਗਤ ਤਰਲੋਚਨ ਜੀ ਤੇ ਭਗਤ ਨਾਮਦੇਵ ਜੀ, ਇਕ ਸਦੀ ਪਹਿਲਾਂ ਪੈਦਾ ਹੋਏ ਭਗਤ ਰਾਮਾਨੰਦ ਜੀ ਤੇ ਭਗਤ ਰਵਿਦਾਸ ਜੀ। ਪੌਣੀ ਸਦੀ ਪਹਿਲਾਂ ਪੈਦਾ ਹੋਏ ਭਗਤ ਸੈਣ ਜੀ ਅਤੇ ਭਗਤ ਕਬੀਰ ਜੀ, ਅੱਧੀ ਸਦੀ ਪਹਿਲਾਂ ਪੈਦਾ ਹੋਏ ਭਗਤ ਧੰਨਾ ਜੀ ਅਤੇ ਭਗਤ ਪੀਪਾ ਜੀ।

ਅਸੀਂ ਕਹਿੰਦੇ ਹਾਂ ਕਿ ਗੁਰੂ ਨਾਨਕ ਨੇ ਭਾਈ ਲਹਿਣੇ ਨੂੰ ਗੁਰਗੱਦੀ ਬਖਸ਼ੀ। ਇਹ ਗੁਰਗੱਦੀ ਕੀ ਚੀਜ਼ ਸੀ ਜੋ ਗੁਰੂ ਸਾਹਿਬਾਨ ਆਪਣੇ ਤੋਂ ਅਗਲੇ ਗੁਰੂ ਨੂੰ ਬਖਸ਼ਦੇ ਰਹੇ? ਕੀ ਇਹ ਕਿਸੇ ਡੇਰੇ ਦੀ ਜ਼ਮੀਨ ਜਾਂ ਇਮਾਰਤ ਦੀ ਸੌਂਪਣਾ ਹੁੰਦੀ ਸੀ, ਜਾਂ ਕੋਈ ਸਿੰਘਾਸਣ, ਤਖਤਪੋਸ਼ ਜਾਂ ਕੋਈ ਪੋਲੀ ਜਿਹੀ ਗੱਦੀ ਹੁੰਦੀ ਸੀ? ਅਜਿਹਾ ਕੁਛ ਵੀ ਨਹੀਂ ਸੀ। ਗੱਦੀ, ਤਖਤਪੋਸ਼ ਜਾਂ ਡੇਰਾ ਤਾਂ ਕੀ ਗੁਰੂ ਪੀੜ੍ਹੀ ਬਦਲਣ ਨਾਲ ਅਕਸਰ ਗੁਰੂ ਟਿਕਾਣੇ ਵਾਲੇ ਨਗਰ ਵੀ ਬਦਲ ਜਾਂਦੇ ਰਹੇ। ਨਵੇਂ ਨਗਰ ਵਸਦੇ ਰਹੇ। ਗੁਰੂ ਨਾਨਕ ਨੇ ਭਾਈ ਲਹਿਣੇ ਨੂੰ ਕਰਤਾਰਪੁਰ ਵਿਖੇ ਗੁਰਗੱਦੀ ਬਖਸ਼ੀ ਪਰ ਗੁਰੂ ਅੰਗਦ ਸਾਹਿਬ ਦਾ ਮੁੱਖ ਟਿਕਾਣਾ ਖਡੂਰ ਸਾਹਿਬ ਬਣਿਆ। ਗੁਰੂ ਅਮਰਦਾਸ ਜੀ ਗੋਇੰਦਵਾਲ ਸਾਹਿਬ ਟਿਕੇ। ਗੁਰੂ ਰਾਮ ਦਾਸ ਜੀ ਨਵੇਂ ਨਗਰ ਚੱਕ ਰਾਮ ਦਾਸ (ਅੰਮ੍ਰਿਤਸਰ) ਵਿਖੇ ਆ ਗਏ। ਗੁਰੂ ਅਰਜਨ ਦੇਵ ਜੀ ਤੋਂ ਬਾਅਦ ਗੁਰੂ ਹਰਗੋਬਿੰਦ ਜੀ ਨੇ ਕੀਰਤਪੁਰ ਸਾਹਿਬ ਨੂੰ ਆਪਣਾ ਟਿਕਾਣਾ ਬਣਾਇਆ। ਗੁਰੂ ਹਰਕ੍ਰਿਸ਼ਨ ਸਾਹਿਬ ਦਾ ਗੁਰੂ-ਕਾਲ ਦਿੱਲੀ ਵਿਖੇ ਬੀਤਿਆ। ਗੁਰੂ ਤੇਗ ਬਹਾਦਰ ਜੀ ਨੇ

*Original with;*
Jaswant Singh Zafar
*Digitized by;*
Panjab Digital Library

ਅਨੰਦਪੁਰ ਸਾਹਿਬ ਨੂੰ ਗੁਰੂ-ਕੇਂਦਰ ਬਣਾਇਆ। ਗੁਰੂ ਗੋਬਿੰਦ ਸਿੰਘ ਜੀ ਦਾ ਕਾਫੀ ਸਮਾਂ ਪਾਉਂਟਾ ਸਾਹਿਬ ਵਿਖੇ ਬੀਤਿਆ ਅਤੇ ਮਗਰਲੇ ਸਮੇਂ ਨੰਦੇੜ ਚਲੇ ਗਏ। ਕਹਿਣ ਤੋਂ ਭਾਵ ਇਹ ਗੁਰਗੱਦੀ ਸਿੰਘਾਸਨ, ਪਲੰਘ, ਡੇਰੇ ਜਾਂ ਜਾਇਦਾਦ ਨਾਲ ਤਾਂ ਕੀ ਇਕ ਸ਼ਹਿਰ ਜਾਂ ਇਲਾਕੇ ਨਾਲ ਵੀ ਨਹੀਂ ਸੀ ਜੁੜੀ ਹੋਈ। ਫਿਰ ਉਹ ਕੀ ਸੀ ਜੋ ਗੁਰੂ ਨਾਨਕ ਸਾਹਿਬ ਭਾਈ ਲਹਿਣੇ ਨੂੰ ਸੌਂਪ ਕੇ ਉਨਾਂ ਨੂੰ ਗੁਰੂ ਅੰਗਦ ਬਣਾਉਂਦੇ ਹਨ? ਅਸਲ ਵਿਚ ਗੁਰਗੱਦੀ ਕੋਈ ਵਸਤੂ ਨਹੀਂ ਸੀ, ਇਹ ਤਾਂ ਇਕ ਭਾਵ ਸੀ, ਸਿਧਾਂਤ ਸੀ, ਜ਼ਿੰਮੇਵਾਰੀ ਸੀ। ਇਸ ਲਈ ਗੁਰਗੱਦੀ ਵਰਗੇ ਵਸਤੂਵਾਚਕ ਨਾਮ ਦੀ ਬਜਾਏ ਭਾਵਵਾਚਕ ਨਾਮ ਗੁਰਿਆਈ ਵਰਤਣਾ ਉਚਿਤ ਹੈ। ਇਹ ਗੁਰਿਆਈ ਸੀ ਪੋਥੀ ਸਾਹਿਬ ਦੀ ਬਾਣੀ, ਭਾਵ ਗੁਰੂ ਨਾਨਕ ਦੀ ਆਪਣੀ ਅਤੇ ਉਨ੍ਹਾਂ ਤੋਂ ਪਹਿਲਾਂ ਹੋਏ ਭਗਤ ਨਾਮਦੇਵ, ਭਗਤ ਰਵਿਦਾਸ, ਭਗਤ ਕਬੀਰ ਅਤੇ ਹੋਰ ਭਗਤਾਂ ਦੀ ਬਾਣੀ ਦੇ ਰੂਪ ਵਿੱਚ ਪ੍ਰਗਟ ਹੋਈ ਵਿਚਾਰਧਾਰਾ, ਜਿਸਦੀ ਰੌਸ਼ਨੀ ਵਿਚ ਨਵੇਂ ਮਨੁੱਖ ਦੀ ਸਿਰਜਣਾ ਕਰਨਾ ਗੁਰੂ ਨਾਨਕ ਦਾ ਮਿਸ਼ਨ ਸੀ। ਭਗਤ ਨਾਮਦੇਵ ਜੀ ਅਤੇ ਭਗਤ ਕਬੀਰ ਜੀ ਇਸ ਵਿਚਾਰਧਾਰਾ ਨੂੰ ਗੁਰਮਤਿ ਮਾਰਗ ਜਾਂ ਗੁਰਮਤਿ ਵਿਚਾਰਧਾਰਾ ਦਾ ਨਾਮ ਦੇ ਚੁੱਕੇ ਸਨ -

**ਭਨਤਿ ਨਾਮਦੇਉ ਸੁਕ੍ਰਿਤ ਸੁਮਤਿ ਭਏ॥**
**ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠਿ ਗਏ॥** (718, ਨਾਮਦੇਵ ਜੀ)

**ਗੁਰਮਤਿ ਰਾਮ ਨਾਮ ਗਹੁ ਮੀਤਾ॥**
**ਪ੍ਰਣਵੈ ਨਾਮਾ ਇਉ ਕਹੈ ਗੀਤਾ॥** (874, ਨਾਮਦੇਵ ਜੀ)

**ਗੁਰਮਤਿ ਰਸਿ ਰਸਿ ਹਰਿ ਗੁਨ ਗਾਵੈ ॥**
**ਰਾਮੈ ਰਾਮ ਰਮਤ ਸੁਖੁ ਪਾਵੈ॥** (326, ਕਬੀਰ ਜੀ)

**ਮੇਰੇ ਰਾਮ ਐਸਾ ਖੀਰੁ ਬਿਲੋਈਐ ॥**
**ਗੁਰਮਤਿ ਮਨੂਆ ਅਸਥਿਰੁ ਰਾਖਹੁ**
**ਇਨ ਬਿਧਿ ਅੰਮ੍ਰਿਤੁ ਪੀਓਈਐ ॥** (332, ਕਬੀਰ ਜੀ)

**ਗੁਰਮਤਿ ਰਾਮੈ ਨਾਮਿ ਬਸਾਈ॥**
**ਅਸਥਿਰੁ ਰਹੈ ਨ ਕਤਹੂੰ ਜਾਈ ॥** (481, ਕਬੀਰ ਜੀ)

ਅਜਿਹੀ ਵਿਚਾਰਧਾਰਾ ਨੂੰ ਅਪਨਾਉਣ ਵਾਲਿਆਂ ਨੂੰ ਕਬੀਰ ਸਾਹਿਬ ਨੇ ਗੁਰਮੁਖ ਕਿਹਾ ਸੀ-

**ਜਾ ਕਉ ਗੁਰਮੁਖਿ ਆਪਿ ਬੁਝਾਈ ॥**
**ਤਾ ਕੇ ਹਿਰਦੈ ਰਹਿਆ ਸਮਾਈ॥** (655, ਕਬੀਰ ਜੀ)

*Original with;*
Jaswant Singh Zafar
*Digitized by;*
Panjab Digital Library

**ਕਹੈ ਕਬੀਰੁ ਏਕੈ ਕਰਿ ਕਰਨਾ॥**
**ਗੁਰਮੁਖਿ ਹੋਇ ਬਹੁਰਿ ਨਹੀ ਮਰਨਾ॥** (872, ਕਬੀਰ ਜੀ)

**ਜਾਨੀ ਜਾਨੀ ਰੇ ਰਾਜਾ ਰਾਮ ਕੀ ਕਹਾਨੀ॥**
**ਅੰਤਰਿ ਜੋਤਿ ਰਾਮ ਪਰਗਾਸਾ ਗੁਰਮੁਖਿ ਬਿਰਲੈ ਜਾਨੀ॥** (970, ਕਬੀਰ ਜੀ)

**ਐਸਾ ਜੋਗੁ ਕਮਾਵਹੁ ਜੋਗੀ॥**
**ਜਪ ਤਪ ਸੰਜਮੁ ਗੁਰਮੁਖਿ ਭੋਗੀ ॥** (970, ਕਬੀਰ ਜੀ)

ਇਸ ਗੁਰਮਤਿ ਵਿਚਾਰਧਾਰਾ ਦੇ ਮੋਢੀ ਸਿਧਾਂਤਕਾਰ ਕਿਰਤੀ ਸ਼੍ਰੇਣੀ ਨਾਲ ਸਬੰਧਤ ਸਨ। ਆਰਥਿਕ ਅਤੇ ਸਮਾਜਿਕ ਤੌਰ ਤੇ ਪਿਛਾੜ ਕੇ ਰੱਖੇ ਗਏ ਵਰਗਾਂ ਦੇ ਲੋਕ ਸਨ। ਦੂਜੇ ਪਾਸੇ ਦੋਨਾਂ ਸਥਾਪਤ ਧਰਮਾਂ ਦੇ ਸੰਸਥਾਨਾਂ ਤੇ ਹਮੇਸ਼ਾ ਵਾਂਗ ਉੱਚ ਸ਼੍ਰੇਣੀਆਂ ਅਤੇ ਸੱਤਾ ਸੰਪੰਨ ਲੋਕਾਂ ਦਾ ਕਬਜ਼ਾ ਸੀ। ਭਗਤ ਕਵੀਆਂ ਨੇ ਸਥਾਪਤ ਧਰਮਾਂ ਦੇ ਪਾਖੰਡਾਂ ਅਤੇ ਝਮੇਲਿਆਂ ਨੂੰ ਰੱਦ ਕਰਦਿਆਂ ਹੋਇਆਂ ਇਨ੍ਹਾਂ ਦੀ ਇਜ਼ਾਰੇਦਾਰੀ ਨੂੰ ਚੈਲਿੰਜ ਕੀਤਾ ਅਤੇ ਦੋਵਾਂ ਤੋਂ ਸੁਤੰਤਰ ਮਨੁੱਖ ਦਾ ਮਾਡਲ ਪੇਸ਼ ਕੀਤਾ-

**ਹਿੰਦੂ ਅੰਨ੍ਹਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥**
**ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥**
**ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥** (875, ਨਾਮਦੇਵ ਜੀ)

**ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ॥** (477, ਕਬੀਰ ਜੀ)

**ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ॥** (654, ਕਬੀਰ ਜੀ)

**ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ ॥**
**ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ॥** (1349, ਕਬੀਰ ਜੀ)

ਭਗਤ ਕਵੀਆਂ ਨੇ ਜਿਸ ਤਰ੍ਹਾਂ ਦੇ ਸੁਤੰਤਰ ਮਨੁੱਖ ਦਾ ਸੁਪਨਾ ਲਿਆ ਓਹੋ ਜਿਹਾ ਜੀਵਨ ਜੀਵਿਆ, ਵਿਅਕਤੀਗਤ ਤੌਰ ਤੇ ਧਰਮ ਦੇ ਠੇਕੇਦਾਰਾਂ ਅਤੇ ਸਥਾਪਤ ਸੰਸਥਾਨਾਂ ਨਾਲ ਪੂਰੀ ਸ਼ਕਤੀ ਨਾਲ ਲੋਹਾ ਲਿਆ। ਪਰ ਉਹ ਆਮ ਲੋਕਾਂ ਦੇ ਮਨਾਂ ਤੋਂ ਧਰਮ-ਸੱਤਾ ਅਤੇ ਰਾਜ-ਸੱਤਾ ਦੇ ਜਮੂਦ ਨੂੰ ਪ੍ਰਭਾਵਸ਼ਾਲੀ ਪੱਧਰ ਤੱਕ ਤੋੜ ਨਾ ਸਕੇ, ਗੁਰਮਤਿ ਵਿਚਾਰਧਾਰਾ ਨੂੰ ਸਮਾਜਿਕ ਪਰਵਰਤਨ ਦੀ ਕਿਸੇ ਲੰਮੀ ਚੌੜੀ ਲਹਿਰ ਵਿਚ ਰੁਪਾਂਤ੍ਰਿਤ ਨਾ ਕਰ ਸਕੇ। ਗੁਰੂ ਨਾਨਕ ਸਾਹਿਬ ਨੇ ਇਸ ਗੁਰਮਤਿ ਵਿਚਾਰਧਾਰਾ ਦੇ ਅਧਾਰਤ ਨਵੇਂ ਅਤੇ ਸੁਤੰਤਰ ਮਨੁੱਖਾਂ ਦੇ ਸਮਾਜ ਦੀ ਸਿਰਜਨਾ ਦਾ ਬੀੜਾ ਚੁੱਕਦੇ ਹੋਏ ਸਿੱਖ ਲਹਿਰ ਖੜ੍ਹੀ ਕੀਤੀ। ਸਿੱਖ ਵਿਚਾਰਧਾਰਾ ਨੂੰ ਗੁਰਮਤਿ ਵਿਚਾਰਧਾਰਾ ਦੇ ਸਮਅਰਥੀ ਬਣਾ ਦਿੱਤਾ। ਆਪਣੇ ਗੁਰਸਿੱਖਾਂ ਲਈ ਗੁਰਮੁਖ ਹੋਣਾ ਲਾਜ਼ਮੀ ਕਰਾਰ ਦੇ ਦਿੱਤਾ। ਇਸ ਲਹਿਰ ਦੀ ਨਿਰੰਤਰਤਾ ਬਣਾਈ ਰੱਖਣ ਲਈ

*Original with;*
Jaswant Singh Zafar
*Digitized by;*
Panjab Digital Library

ਗੁਰਿਆਈ ਦੀ ਰੀਤ ਚਲਾਈ। ਗੁਰੂ ਨਾਨਕ ਸਾਹਿਬ ਇਨ੍ਹਾਂ ਭਗਤਾਂ ਦੀ ਬਾਣੀ ਨੂੰ ਵਿਰਾਸਤੀ ਵਿਚਾਰਧਾਰਾ ਦੇ ਵਜੋਂ ਪੋਥੀ ਸਾਹਿਬ ਦੇ ਰੂਪ ਵਿਚ ਸੰਭਾਲਿਆ। ਇਸ ਵਿਚਾਰਧਾਰਾ ਭਾਵ ਪੋਥੀ ਸਾਹਿਬ ਦੀ ਸੌਂਪਣਾ ਭਾਈ ਲਹਿਣੇ ਨੂੰ ਕੀਤੀ। ਇਹ ਪੋਥੀ ਸਾਹਿਬ ਹੋਰ ਭਗਤਾਂ ਅਤੇ ਅਗਲੇ ਗੁਰੂਆਂ ਦੀ ਬਾਣੀ ਦੇ ਲਗਾਤਾਰ ਵਾਧਿਆਂ ਸਹਿਤ ਗੁਰੂ ਅੰਗਦ ਤੋਂ ਗੁਰੂ ਅਮਰਦਾਸ, ਗੁਰੂ ਅਮਰਦਾਸ ਤੋਂ ਗੁਰੂ ਰਾਮਦਾਸ ਅਤੇ ਫਿਰ ਗੁਰੂ ਅਰਜਨ ਸਾਹਿਬ ਤੱਕ ਪਹੁੰਚਦੀ ਹੈ। ਗੁਰੂ ਅਰਜਨ ਸਾਹਿਬ ਤੇ ਪਹੁੰਚ ਕੇ ਇਹ ਆਦਿ ਸ੍ਰੀ ਗਰੰਥ ਸਾਹਿਬ ਦਾ ਰੂਪ ਧਾਰ ਕੇ ਗੁਰਮਤਿ ਵਿਚਾਰਧਾਰਾ ਦਾ ਵਿਸਤ੍ਰਿਤ ਆਕਾਰ ਅਤੇ ਵਿਸਥਾਰ ਗ੍ਰਹਿਣ ਕਰਦੀ ਹੈ। ਗੁਰੂ ਗੋਬਿੰਦ ਸਾਹਿਬ ਤੱਕ ਪਹੁੰਚਣ ਤੇ ਇਸ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵੀ ਸ਼ਾਮਿਲ ਹੋ ਜਾਂਦੀ ਹੈ। ਅੰਤ ਗੁਰਿਆਈ ਤੇ ਗੁਰੂ ਅਭੇਦ ਹੋ ਜਾਂਦੇ ਹਨ। ਆਦਿ ਸ੍ਰੀ ਗ੍ਰੰਥ ਸਾਹਿਬ ਨੂੰ ਗੁਰੂ ਦਰਜਾ ਦਿੱਤੇ ਜਾਣ ਨਾਲ ਗੁਰਮਤਿ ਜਾਂ ਸਿੱਖ ਵਿਚਾਰਧਾਰਾ ਦੇ ਸਿਧਾਂਤਕ ਤੌਰ ਤੇ ਸੰਪੂਰਨ ਹੋਣ ਦੀ ਮੋਹਰ ਲੱਗਦੀ ਹੈ। ਸਾਰੇ ਗੁਰੂ ਸਾਹਿਬਾਨਾਂ ਨੇ ਇਸ ਗੁਰਮਤਿ ਵਿਚਾਰਧਾਰਾ ਦੀ ਪੈਰਵੀ ਅਤੇ ਵਿਕਾਸ ਲਈ ਆਪਣੇ ਜੀਵਨ ਦੇ ਆਖਰੀ ਦਮ ਤੱਕ ਬੇਮਿਸਾਲ ਸਿਦਕ ਅਤੇ ਸਿਰੜ ਨਾਲ ਕੰਮ ਕੀਤਾ। ਸ਼ਹੀਦੀਆਂ ਵੀ ਦਿੱਤੀਆਂ, ਅਖੀਰ ਸਰਬੰਸ ਵੀ ਵਾਰਿਆ। ਸ੍ਰੀ ਗਰੰਥ ਸਾਹਿਬ ਨੂੰ ਗੁਰੂ ਪਦਵੀ ਦਿੱਤੀ ਜਾਣਾ ਗੁਰਮਤਿ ਦੇ ਪ੍ਰਸੰਗ ਵਿਚ ਕੋਈ ਹੈਰਾਨੀ ਜਨਕ ਜਾਂ ਅਚਾਨਕ ਵਾਪਰੀ ਘਟਨਾ ਨਹੀਂ ਸੀ। ਇਸ ਤੋਂ ਪਹਿਲਾਂ ਸਾਰੇ ਬਾਣੀਕਾਰ ਗੁਰੂਆਂ ਨੇ ਆਪਣੀ ਰਚਨਾ ਵਿਚ ਗੁਰੂ ਦੇ ਉਪਦੇਸ਼, ਸ਼ਬਦ ਜਾਂ ਬਾਣੀ ਨੂੰ ਸਭ ਤੋਂ ਉਚਾ ਦਰਜਾ ਦਿੰਦੇ ਹੋਏ ਅਨੇਕਾਂ ਵਾਰ ਲਿਖਿਆ। ਪਿੱਛੇ ਨੂੰ ਦੇਖਦੇ ਹਾਂ-

**ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ ॥**
**ਨਾਨਕ ਕਹਤ ਪੁਕਾਰਿ ਕੈ ਗਹੁ ਪ੍ਰਭ ਸਰਨਾਈ॥** (727, ਮ: 9)

**ਤਿਸ ਕੀ ਟੇਕ ਮਨੈ ਮਹਿ ਰਾਖੁ ॥**
**ਗੁਰ ਕਾ ਸਬਦੁ ਅੰਮ੍ਰਿਤ ਰਸੁ ਚਾਖੁ॥** (178, ਮ: 5)

**ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥** (304, ਮ: 4)

**ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ॥**
**ਸਤਿਗੁਰਿ ਸੇਵਿਐ ਰਿਦੈ ਸਮਾਣੀ॥** (119, ਮ: 3)

**ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ॥**
(1243, ਮ: 2)

**ਗੁਰ ਕਾ ਸਬਦੁ ਵੀਚਾਰਿ ਜੋਗੀ॥**
**ਦੁਖੁ ਸੁਖੁ ਸਮ ਕਰਣਾ ਸੋਗ ਬਿਓਗੀ॥** (879, ਮ: 1)

*Original with;*
Jaswant Singh Zafar
*Digitized by;*
Panjab Digital Library

ਸਭ ਤੋਂ ਸਪੱਸ਼ਟ ਗੁਰੂ ਰਾਮਦਾਸ ਜੀ ਨੇ ਕਿਹਾ-

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥** (982, ਮ: 4)

ਇਸ ਤੋਂ ਹੋਰ ਪਿੱਛੇ ਜਾਈਏ ਤਾਂ ਸਾਨੂੰ ਕਬੀਰ ਸਾਹਿਬ ਗੁਰੂ ਦੀ ਬਾਣੀ ਜਾਂ ਗੁਰੂ ਕੇ ਸ਼ਬਦ ਦੀ ਸਰਬ ਉੱਚਤਾ ਨੂੰ ਵਾਰ ਵਾਰ ਸਥਾਪਤ ਕਰਦੇ ਨਜ਼ਰ ਆਉਂਦੇ ਹਨ-

**ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ**
**ਇਨ ਬਿਧਿ ਭਵ ਸਾਗਰੁ ਤਰਣਾ॥** (92, ਕਬੀਰ ਜੀ)

**ਸਾਹਿਬੁ ਹੋਇ ਦਇਆਲੁ ਕ੍ਰਿਪਾ ਕਰੇ ਅਪੁਨਾ ਕਾਰਜੁ ਸਵਾਰੇ॥**
**ਤਾ ਸੋਹਾਗਣਿ ਜਾਣੀਐ ਗੁਰ ਸਬਦੁ ਬੀਚਾਰੇ॥** (334, ਕਬੀਰ ਜੀ)

**ਤ੍ਰਿਸਨਾ ਤ੍ਰਿਖਾ ਭੂਖ ਭ੍ਰਮਿ ਲਾਗੀ ਹਿਰਦੈ ਨਾਹਿ ਬੀਚਾਰਿਓ ਰੇ॥**
**ਉਨਮਤ ਮਾਨ ਹਿਰਿਓ ਮਨ ਮਾਹੀ ਗੁਰ ਕਾ ਸਬਦੁ ਨ ਧਾਰਿਓ ਰੇ॥**
(335, ਕਬੀਰ ਜੀ)

**ਕਾਇਆ ਕਲਾਲਨਿ ਲਾਹਨਿ ਮੇਲਉ ਗੁਰ ਕਾ ਸਬਦੁ ਗੁੜੁ ਕੀਨੁ ਰੇ॥**
**ਤ੍ਰਿਸਨਾ ਕਾਮੁ ਕ੍ਰੋਧੁ ਮਦ ਮਤਸਰ ਕਾਟਿ ਕਾਟਿ ਕਸੁ ਦੀਨੁ ਰੇ॥**
(969, ਕਬੀਰ ਜੀ)

ਕਬੀਰ ਸਾਹਿਬ ਗੁਰਮਤਿ ਦੇ ਇਸ ਮੂਲ ਵਿਚਾਰ ਦੀ ਪ੍ਰੇਰਨਾ ਆਪਣੇ ਗੁਰੂ ਰਾਮਾਨੰਦ ਜੀ ਤੋਂ ਗ੍ਰਹਿਣ ਕਰਦੇ ਪ੍ਰਤੀਤ ਹੁੰਦੇ ਹਨ। ਭਗਤ ਰਾਮਾਨੰਦ ਜੀ ਆਖਦੇ ਹਨ-

**ਸਤਿਗੁਰ ਮੈ ਬਲਿਹਾਰੀ ਤੋਰ॥ ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥**
**ਰਾਮਾਨੰਦ ਸੁਆਮੀ ਰਮਤ ਬ੍ਰਹਮ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ॥**
(1195, ਰਾਮਾਨੰਦ ਜੀ)

ਗੁਰਮਤਿ ਵਿਚਾਰਧਾਰਾ ਜਿਸ ਇਕ ਪਰਮਾਤਮਾ ਦੀ ਭਗਤੀ ਤੇ ਜ਼ੋਰ ਦਿੰਦੀ ਹੈ ਉਸ ਦੇ ਸੰਕਲਪ ਦਾ ਤੱਤ ਸਾਰ ਮੂਲਮੰਤਰ ਦੇ ਰੂਪ ਵਿਚ ਸੂਤਰਤ ਕੀਤਾ ਗਿਆ-

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

ਗੁਰੂ ਸਾਹਿਬ ਨੇ ਆਦਿ ਸ੍ਰੀ ਗਰੰਥ ਦੇ ਅਰੰਭ ਵਿੱਚ ਇਹ ਮੂਲ ਮੰਤਰ ਦਰਜ ਕੀਤਾ। ਹਰੇਕ ਬਾਣੀ ਦੇ ਆਰੰਭ ਵਿਚ ਇਸ ਦਾ ਪੂਰਾ ਜਾਂ ਸੰਖੇਪ ਰੂਪ ਪ੍ਰਕਾਸ਼ਤ ਕੀਤਾ-

**ੴ ਸਤਿਗੁਰ ਪ੍ਰਸਾਦਿ ॥**

ਇਸ ਮੂਲ ਮੰਤਰ ਦੇ ਬਹੁਤੇ ਅੰਸ਼ਾਂ ਅਤੇ ਸਾਰੇ ਭਾਵਾਂ ਦੀ ਗੂੰਜ ਗੁਰਮਤਿ ਵਿਚਾਰਧਾਰਾ ਦੇ ਮੁੱਢਲੇ ਸਿਧਾਂਤਕਾਰਾਂ ਦੀ ਬਾਣੀ ਵਿਚ ਥਾਂ ਪੁਰ ਥਾਂ ਮਿਲਦੀ ਹੈ -

*Original with;*
Jaswant Singh Zafar
*Digitized by;*
Panjab Digital Library

**ਏਕ** ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ॥ (485, ਨਾਮਦੇਵ ਜੀ)

ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ **ਏਕ ਮੁਰਾਰੀ॥** (485,ਨਾਮਦੇਵ ਜੀ)

ਸਭ **ਰਾਮੁ ਏਕੁ** ਕਰਿ ਜਾਨਿਆ॥ (657, ਨਾਮਦੇਵ ਜੀ)

ਕੇਸਵਾ ਬਚਉਨੀ ਅਈਏ ਮਈਏ **ਏਕ** ਆਨ ਜੀਉ॥ (693, ਨਾਮਦੇਵ ਜੀ)

ਦੇਹਿ ਲੇਹਿ **ਏਕੁ** ਤੂੰ ਦਿਗਰ ਕੋ ਨਹੀ॥ (727, ਨਾਮਦੇਵ ਜੀ)

ਹਉ ਤਉ **ਏਕੁ ਰਮਈਆ** ਲੈਹਉ॥ (874, ਨਾਮਦੇਵ ਜੀ)

ਸਰਬੇ **ਏਕੁ** ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ॥ (658, ਰਵਿਦਾਸ ਜੀ)

ਹਮ ਤਉ **ਏਕ ਰਾਮੁ** ਕਹਿ ਛੂਟਿਆ॥ (794, ਰਵਿਦਾਸ ਜੀ)

**ਏਕੁ ਮੁਕੰਦੁ** ਕਰੈ ਉਪਕਾਰੁ॥ ਹਮਰਾ ਕਹਾ ਕਰੈ ਸੰਸਾਰੁ॥ (875,ਰਵਿਦਾਸ ਜੀ)

ਤੀਨਿ ਭਵਨ ਮਹਿ **ਏਕੋ ਜੋਗੀ** ਕਹਹੁ ਕਵਨੁ ਹੈ ਰਾਜਾ॥ (92, ਕਬੀਰ ਜੀ)

ਜਬ ਹਮ **ਏਕੋ ਏਕੁ** ਕਰਿ ਜਾਨਿਆ॥ (324, ਕਬੀਰ ਜੀ)

ਜੀਉ **ਏਕੁ** ਅਰੁ ਸਗਲ ਸਰੀਰਾ॥ (330, ਕਬੀਰ ਜੀ)

ਅਹਿਨਿਸਿ **ਏਕ ਨਾਮ** ਜੋ ਜਾਗੇ॥ (330, ਕਬੀਰ ਜੀ)

**ਏਕ ਨਾਮ** ਕਲਿਪ ਤਰ ਤਾਰੇ॥ (330, ਕਬੀਰ ਜੀ)

**ਏਕ ਜੋਤਿ** ਏਕਾ ਮਿਲੀ ਕਿੰਬਾ ਹੋਇ ਮਹੋਇ॥ (335, ਕਬੀਰ ਜੀ)

ਕਹੁ ਕਬੀਰ **ਅਨਭਉ ਇਕੁ** ਦੇਖਿਆ ਰਾਮ ਨਾਮਿ ਲਿਵ ਲਾਗੀ॥ (333, ਕਬੀਰ ਜੀ)

ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ ਹਮ ਘਰਿ **ਏਕੁ ਮੁਰਾਰੀ** ॥ (336, ਕਬੀਰ ਜੀ)

ਉਰਵਾਰਿ ਪਾਰਿ ਸਭ **ਏਕੋ ਦਾਨੀ॥** (337, ਕਬੀਰ ਜੀ)

ਕਾਟਿ ਸਕਤਿ ਸਿਵ ਸਹਜੁ ਪ੍ਰਗਾਸਿਓ **ਏਕੈ ਏਕ** ਸਮਾਨਾਨਾ॥ (339, ਕਬੀਰ ਜੀ)

ਨਾ ਓਹੁ ਬਢੈ ਨ ਘਟਤਾ ਜਾਇ॥ **ਅਕੁਲ ਨਿਰੰਜਨ ਏਕੈ** ਭਾਇ॥ (343, ਕਬੀਰ ਜੀ)

ਤੀਨਿ ਦੇਵ **ਏਕ** ਸੰਗਿ ਲਾਇ॥ (344, ਕਬੀਰ ਜੀ)

ਕਹੁ ਕਬੀਰ ਜਨਿ **ਏਕੋ** ਬੂਝਿਆ॥ (476, ਕਬੀਰ ਜੀ)

ਰਵਿ ਰਹਿਆ **ਏਕੁ** ਅਵਰੁ ਨਹੀ ਦੂਆ॥ (478, ਕਬੀਰ ਜੀ)

ਕਹਿ ਕਬੀਰ ਮੋਹਿ ਬਿਆਹਿ ਚਲੇ ਹੈ **ਪੁਰਖ ਏਕ** ਭਗਵਾਨਾ॥ (482, ਕਬੀਰ ਜੀ)

ਸਰਬ ਭੂਤ **ਏਕੈ** ਕਰਿ ਜਾਨਿਆ ਚੂਕੇ ਬਾਦ ਬਿਬਾਦਾ॥ (483, ਕਬੀਰ ਜੀ)

ਕਾਜੀ **ਸਾਹਿਬੁ ਏਕੁ** ਤੋਹੀ ਮਹਿ ਤੇਰਾ ਸੋਚਿ ਬਿਚਾਰਿ ਨ ਦੇਖੈ॥ (483, ਕਬੀਰ ਜੀ)

*Original with;*
Jaswant Singh Zafar
*Digitized by;*
Panjab Digital Library

ਹਿੰਦੂ ਤੁਰਕ ਦੁਹੂੰ ਮਹਿ **ਏਕੈ** ਕਹੈ ਕਬੀਰ ਪੁਕਾਰੀ॥ (483, ਕਬੀਰ ਜੀ)

ਪੂਜਹੁ **ਰਾਮੁ ਏਕੁ** ਹੀ ਦੇਵਾ॥ (484, ਕਬੀਰ ਜੀ)

ਹਮਰਾ ਇਨ ਕਾ **ਦਾਤਾ ਏਕੁ** ਰਘੁਰਾਈ॥ (524, ਕਬੀਰ ਜੀ)

ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ **ਏਕ** ਕੀ ਸਰਨਾਂ॥ (692, ਕਬੀਰ ਜੀ)

ਆਪੁ ਪਛਾਨੈ ਤ **ਏਕੈ** ਜਾਨੈ॥ (855, ਕਬੀਰ ਜੀ)

ਸਰਬ ਸੁਖਾ ਕਾ **ਏਕੁ ਹਰਿ** ਸੁਆਮੀ ਸੋ ਗੁਰਿ ਨਾਮੁ ਦਇਓ॥ (856, ਕਬੀਰ ਜੀ)

ਦਰਸਨੁ ਛੋਡਿ ਭਏ ਸਮਦਰਸੀ **ਏਕੋ ਨਾਮੁ** ਧਿਆਵਹਿਗੇ॥ (1103, ਕਬੀਰ ਜੀ)

**ਏਕ** ਅਨੇਕ ਹੋਇ ਰਹਿਓ ਸਗਲ ਮਹਿ ਅਬ ਕੈਸੇ ਭਰਮਾਵਹੁ॥ (1104, ਕਬੀਰ ਜੀ)

ਜਾ ਤਿਸੁ ਭਾਵੈ **ਸਤਿਗੁਰੁ ਭੇਟੈ ਏਕੋ** ਨਾਮੁ ਬਖਾਨੀ॥ (1124, ਕਬੀਰ ਜੀ)

ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ **ਏਕ** ਕੀ ਸਰਨਾ॥ (1349, ਕਬੀਰ ਜੀ)

**ਏਕ ਨੂਰ** ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥ (1349, ਕਬੀਰ ਜੀ)

ਹੁਕਮੁ ਪਛਾਨੈ ਸੁ **ਏਕੋ** ਜਾਨੈ ਬੰਦਾ ਕਹੀਐ ਸੋਈ॥ (1350, ਕਬੀਰ ਜੀ)

ਜੋ ਚਿਤੁ ਰਾਖਹਿ **ਏਕ** ਸਿਉ ਤੇ ਸੁਖੁ ਪਾਵਹਿ ਨੀਤ॥ (1365, ਕਬੀਰ ਜੀ)

**ਓਅੰਕਾਰ** ਆਦਿ ਮੈ ਜਾਨਾ॥ ਲਿਖਿ ਅਰੁ ਮੇਟੈ ਤਾਹਿ ਨ ਮਾਨਾ॥
**ਓਅੰਕਾਰ** ਲਖੈ ਜਉ ਕੋਈ॥ ਸੋਈ ਲਖਿ ਮੇਟਣਾ ਨ ਹੋਈ॥ (340, ਕਬੀਰ ਜੀ)

ਕਹੈ ਰਵਿਦਾਸੁ ਨਾਮੁ ਤੇਰੋ ਆਰਤੀ **ਸਤਿ ਨਾਮੁ** ਹੈ ਹਰਿ ਭੋਗ ਤੁਹਾਰੇ॥
(694, ਰਵਿਦਾਸ ਜੀ)

**ਸਤ ਕਾ ਸਬਦੁ** ਕਬੀਰਾ ਕਹੈ॥ ਪੰਡਿਤ ਹੋਇ ਸੁ **ਅਨਭੈ** ਰਹੈ॥ (343, ਕਬੀਰ ਜੀ)

ਹਮਰੋ **ਕਰਤਾ** ਰਾਮੁ ਸਨੇਹੀ॥ (692, ਨਾਮਦੇਵ ਜੀ)

ਬਹੁ ਬਿਧਿ ਧਰਮ ਨਿਰੂਪੀਐ **ਕਰਤਾ** ਦੀਸੈ ਸਭ ਲੋਇ॥ (346, ਰਵਿਦਾਸ ਜੀ)

**ਕਰਤਾ** ਹੋਇ ਸੁ ਅਨਭੈ ਰਹੈ॥ (1167, ਰਵਿਦਾਸ ਜੀ)

ਆਪ ਹੀ **ਕਰਤਾ** ਬੀਠੁਲੁ ਦੇਉ॥ (1351, ਨਾਮਦੇਵ ਜੀ)

ਆਪੇ **ਕਰਤਾ** ਆਪੇ ਦੇਉ॥ (343, ਕਬੀਰ ਜੀ)

ਕਰਿ **ਕਰਤਾ** ਉਤਰਸਿ ਪਾਰੰ॥ ਕਹੈ ਕਬੀਰਾ ਸਾਰੰ॥ (972, ਕਬੀਰ ਜੀ)

ਤਿਸੁ ਬਿਨੁ ਦੂਸਰੁ ਕੋ ਨਹੀ **ਏਕੈ ਸਿਰਜਨਹਾਰੁ**॥ (1371, ਕਬੀਰ ਜੀ)

ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ **ਪੁਰਖ** ਪ੍ਰਭ ਮਨ ਬਿਸਰੇ॥ (487, ਧੰਨਾ ਜੀ)

ਪਰਮਾਦਿ **ਪੁਰਖਮਨੋਪਿਮੰ** ਸਤਿ ਆਦਿ ਭਾਵ ਰਤੰ॥ (526, ਜੈਦੇਵ ਜੀ)

*Original with;*
Jaswant Singh Zafar
*Digitized by;*
Panjab Digital Library

ਜੋ ਜਨ ਜਾਨਿ ਭਜਹਿ **ਪੁਰਖੋਤਮੁ** ਤਾ ਚੀ ਅਬਿਗਤੁ ਬਾਣੀ॥ (1351, ਨਾਮਦੇਵ ਜੀ)

**ਅਕੁਲ ਪੁਰਖ** ਇਕੁ ਚਲਿਤੁ ਉਪਾਇਆ॥ (1351, ਨਾਮਦੇਵ ਜੀ)

**ਆਦਿ ਪੁਰਖ** ਮਹਿ ਰਹੈ ਸਮਾਇ॥ (343, ਕਬੀਰ ਜੀ)

ਪਰਮ ਜੋਤਿ **ਪੁਰਖੋਤਮੋ** ਜਾ ਕੈ ਰੇਖ ਨ ਰੂਪ॥ (857, ਕਬੀਰ ਜੀ)

ਆਨਦ ਮੂਲੁ ਸਦਾ **ਪੁਰਖੋਤਮੁ** ਘਟੁ ਬਿਨਸੈ ਗਗਨੁ ਨ ਜਾਇਲੇ॥ (870, ਕਬੀਰ ਜੀ)

**ਆਦਿ ਪੁਰਖ** ਤੇ ਹੋਇ ਅਨਾਦਿ॥ (873, ਕਬੀਰ ਜੀ)

ਓਇ **ਪਰਮ ਪੁਰਖ** ਦੇਵਾਧਿ ਦੇਵ॥ (1194, ਕਬੀਰ ਜੀ)

ਲੇਹੁ ਆਰਤੀ ਹੋ **ਪੁਰਖ** ਨਿਰੰਜਨ ਸਤਿਗੁਰ ਪੂਜਹੁ ਭਾਈ॥ (1350, ਕਬੀਰ ਜੀ)

ਸਭੋ ਹੁਕਮੁ ਹੁਕਮੁ ਹੈ ਆਪੇ **ਨਿਰਭਉ** ਸਮਤੁ ਬੀਚਾਰੀ॥ (1351, ਨਾਮਦੇਵ ਜੀ)

**ਅਭੈ** ਪਦ ਪੂਰਿ ਤਾਪ ਤਹ ਨਾਸੇ ਕਹਿ ਕਬੀਰ ਬੀਚਾਰੀ॥ (1123, ਕਬੀਰ ਜੀ)

ਦੇਹਿ **ਅਭੈ** ਪਦੁ ਮਾਂਗਉ ਦਾਨ॥ (1163, ਕਬੀਰ ਜੀ)

ਰਾਜਾ ਰਾਮ ਤੂੰ ਐਸਾ **ਨਿਰਭਉ** ਤਰਨ ਤਾਰਨ ਰਾਮ ਰਾਇਆ॥ (339, ਕਬੀਰ ਜੀ)

**ਨਿਰਭਉ** ਕੈ ਘਰਿ ਬਜਾਵਹਿ ਤੂਰ॥ (971, ਕਬੀਰ ਜੀ)

**ਨਿਰਭਉ** ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ॥ (1123, ਕਬੀਰ ਜੀ)

ਹਕੁ ਸਚੁ ਖਾਲਕੁ ਖਲਕ ਮਿਆਨੇ **ਸਿਆਮ ਮੂਰਤਿ ਨਾਹਿ**॥ (727, ਕਬੀਰ ਜੀ)

ਲੋਹਾ ਕੰਚਨੁ ਸਮ ਕਰਿ ਜਾਨਹਿ ਤੇ **ਮੂਰਤਿ** ਭਗਵਾਨਾ॥ (1123, ਕਬੀਰ ਜੀ)

ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ **ਮੂਰਤਿ** ਬਲਿਹਾਰੀ॥ (1252, ਕਬੀਰ ਜੀ)

**ਗੁਰ ਪਰਸਾਦੀ** ਜਾਨਿਆ ॥ ਜਨੁ ਨਾਮਾ ਸਹਜ ਸਮਾਨਿਆ॥ (657, ਨਾਮਦੇਵ ਜੀ)

ਨਾਮਾ ਪ੍ਰਣਵੈ ਪਰਮ ਤਤੁ ਹੈ **ਸਤਿਗੁਰ** ਹੋਇ ਲਖਾਇਆ॥ (973, ਨਾਮਦੇਵ ਜੀ)

**ਗੁਰ ਪਰਸਾਦੀ** ਦੁਬਿਧਾ ਜਾਏ॥ (1164, ਨਾਮਦੇਵ ਜੀ)

**ਗੁਰ ਪਰਸਾਦਿ** ਨਿਰੰਜਨੁ ਪਾਵਉ॥ (525, ਰਵਿਦਾਸ ਜੀ)

**ਗੁਰ ਪ੍ਰਸਾਦਿ** ਅੰਤਰਿ ਲਿਵ ਲਾਗੈ॥ (92, ਕਬੀਰ ਜੀ)

**ਗੁਰ ਪਰਸਾਦਿ** ਅਕਲਿ ਭਈ ਅਵਰੈ ਨਾਤਰੁ ਥਾ ਬੇਗਾਨਾ॥ (333, ਕਬੀਰ ਜੀ)

**ਗੁਰ ਪ੍ਰਸਾਦਿ** ਪਾਵੈ ਅੰਮ੍ਰਿਤ ਧਾਰਾ॥ (478, ਕਬੀਰ ਜੀ)

ਜਿਨਿ ਤ੍ਰਿਭਵਣੁ ਡਸੀਅਲੇ **ਗੁਰ ਪ੍ਰਸਾਦਿ** ਡੀਠੀ॥ (480, ਕਬੀਰ ਜੀ)

**ਗੁਰ ਪ੍ਰਸਾਦਿ** ਸਹਜਿ ਤਰੇ ਕਬੀਰਾ॥ (481, ਕਬੀਰ ਜੀ)

*Original with;*
Jaswant Singh Zafar
*Digitized by;*
Panjab Digital Library

ਸੁ ਰਸੁ ਕਬੀਰੈ ਜਾਨਿਆ॥ ਮੇਰੋ **ਗੁਰ ਪ੍ਰਸਾਦਿ** ਮਨੁ ਮਾਨਿਆ॥ (655, ਕਬੀਰ ਜੀ)

ਸੰਤ ਭਾਗਿ ਓਹ ਪਾਛੈ ਪਰੈ॥ **ਗੁਰ ਪਰਸਾਦੀ** ਮਾਰਹੁ ਡਰੈ॥ (871, ਕਬੀਰ ਜੀ)

**ਗੁਰ ਪਰਸਾਦੀ** ਉਤਰਹਿ ਪਾਰਿ॥ (971, ਕਬੀਰ ਜੀ)

**ਗੁਰ ਪ੍ਰਸਾਦਿ** ਜਿਹ ਬੂਝਿਆ ਆਸਾ ਤੇ ਭਇਆ ਨਿਰਾਸੁ॥ (1103, ਕਬੀਰ ਜੀ)

ਕਬੀਰ ਸੁਰਗ ਨਰਕ ਤੇ ਮੈ ਰਹਿਓ **ਸਤਿਗੁਰ ਕੇ ਪਰਸਾਦਿ**॥ (1370, ਕਬੀਰ ਜੀ)

ਉਪਰੋਕਤ ਵਿਚਾਰ ਪ੍ਰਗਟ ਕਰਨ ਲੱਗਿਆਂ ਜਦ ਭਗਤਾਂ ਖਾਸਕਰ ਕਬੀਰ ਜੀ ਦੀਆਂ ਤੁਕਾਂ ਵਾਰ ਵਾਰ ਸਾਹਮਣੇ ਆਉਂਦੀਆਂ ਹਨ ਤਾਂ ਮੈਂ ਕਬੀਰ ਹੋਣ ਦੇ ਮਹੱਤਵ ਨੂੰ ਜਾਨਣ ਸਮਝਣ ਦੇ ਆਹਰੇ ਲੱਗ ਜਾਂਦਾ ਹਾਂ। ਕਬੀਰ ਹੋਣ ਦੇ ਮਹੱਤਵ ਨੂੰ ਮੈਂ ਉਨ੍ਹਾਂ ਦੀ ਉਸ ਰਚਨਾ 'ਚੋਂ ਪਛਾਨਣ ਦਾ ਯਤਨ ਕਰਦਾ ਹਾਂ ਜੋ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ। ਮੈਂ ਉਨ੍ਹਾਂ ਦੀ ਕੇਵਲ ਇਹੀ ਰਚਨਾ ਪੜ੍ਹੀ ਹੈ। ਹੋ ਸਕਦਾ ਹੈ ਕਿ ਉਨ੍ਹਾਂ ਦੀ ਸਮੁੱਚੀ ਰਚਨਾ ਨਾਲ ਉਨ੍ਹਾਂ ਦੇ ਮਹੱਤਵ ਦੇ ਹੋਰ ਅਨੇਕਾਂ ਪਸਾਰ ਅਤੇ ਵਿਸਥਾਰ ਜੁੜੇ ਹੋਣ।

ਇਲਾਕਾਈ ਪ੍ਰਭਾਵ ਹੋਣ ਕਰਕੇ ਜਿਥੇ ਸਾਰੇ ਭਗਤਾਂ ਦੀ ਬਾਣੀ ਵਿਚ ਸ਼ਬਦਾਵਲੀ ਦੀ ਕੁਝ ਵੰਨ ਸੁਵੰਨਤਾ ਹੈ ਉਥੇ ਇਸ ਵਿਚ ਬਹੁਤ ਸਾਰੇ ਸਾਂਝੇ ਭਾਸ਼ਾਈ ਤੱਤ ਮੌਜੂਦ ਹਨ। ਭਗਤ ਕਵੀਆਂ ਦੇ ਵੱਖ ਵੱਖ ਇਲਾਕਿਆਂ ਨਾਲ ਸਬੰਧਤ ਹੋਣ ਦੇ ਬਾਵਜੂਦ ਉਨ੍ਹਾਂ ਦਾ ਇਕ ਦੂਸਰੇ ਨੂੰ ਜਾਣਦੇ, ਪੜ੍ਹਦੇ ਅਤੇ ਵਿਚਾਰਦੇ ਹੋਣ ਦਾ ਸਿਲਸਿਲਾ ਵੀ ਚਲਦਾ ਰਿਹਾ। ਉਨ੍ਹਾਂ ਇਕ ਦੂਸਰੇ ਦੀ ਕਾਵਿ ਭਾਸ਼ਾ ਨੂੰ ਪ੍ਰਭਾਵਿਤ ਵੀ ਕੀਤਾ। ਸਮੇਂ ਦੇ ਬੀਤਣ ਨਾਲ ਵੀ ਇਸ ਭਾਸ਼ਾ ਵਿਚ ਤਬਦੀਲੀਆਂ ਵਾਪਰਦੀਆਂ ਰਹੀਆਂ। ਜੋ ਸਾਂਝੀ ਕਾਵਿ ਭਾਸ਼ਾ ਬਣੀ ਉਸ ਨੂੰ ਸਾਧ ਭਾਸ਼ਾ ਜਾਂ ਸੰਤ ਭਾਸ਼ਾ ਕਿਹਾ ਜਾਂਦਾ ਹੈ। ਜਿਥੇ ਇਸ ਭਾਸ਼ਾ ਵਿਚ ਕਾਵਿਕ ਸਹਿਜਤਾ ਤੇ ਸਰਲਤਾ ਸੀ ਅਤੇ ਜ਼ੁਬਾਨ ਤੇ ਚੜ੍ਹਨ ਲਈ ਰਸੀਲੀ ਸੀ ਉਥੇ ਇਹ ਭੂਗੋਲਿਕ ਤੌਰ ਤੇ ਵੱਡੇ ਇਲਾਕੇ ਦੀ ਵਸੋਂ ਵਿਚ ਸੰਚਾਰੀ ਜਾ ਸਕਦੀ ਸੀ। ਜਨ ਸਾਧਾਰਨ ਦੇ ਮਨ ਨੂੰ ਟੁੰਬਣ ਦੀ ਦ੍ਰਿਸ਼ਟੀ ਤੋਂ ਸੰਤਾਂ ਭਗਤਾਂ ਵਲੋਂ ਇਸ ਭਾਸ਼ਾ ਨੂੰ ਵਿਕਸਤ ਕੀਤਾ ਗਿਆ। ਇਸ ਸਾਧ ਭਾਸ਼ਾ ਦਾ ਜੋ ਵਿਸਤ੍ਰਿਤ ਅਤੇ ਵਿਕਸਤ ਸਰੂਪ ਕਬੀਰ ਸਾਹਿਬ ਦੀ ਬਾਣੀ ਵਿਚ ਪ੍ਰਗਟ ਹੁੰਦਾ ਹੈ ਸਾਰੇ ਗੁਰੂ ਸਾਹਿਬਾਨ ਆਪਣੀ ਬਹੁਤੀ ਬਾਣੀ ਵਿਚ ਉਸੇ ਦੀ ਵਰਤੋਂ ਕਰਦੇ ਹਨ। ਇਹੀ ਕਾਰਨ ਹੈ ਕਿ ਕਬੀਰ ਸਾਹਿਬ ਦੀ ਬਾਣੀ ਦੀ ਬਹੁਤ ਸਾਰੀ ਸ਼ਬਦਾਵਲੀ ਸਿੱਖੀ ਦੀ ਪਛਾਣ ਦੀ ਸ਼ਬਦਾਵਲੀ ਬਣਦੀ ਹੈ। ਕਈ ਉਦਾਹਰਣ ਹਨ, ਜਿਵੇਂ ਗੁਰਮਤਿ, ਗੁਰਮੁਖ, ਗੁਰਪ੍ਰਸਾਦਿ, ਸੰਤ, ਗੁਰੂ, ਸਤਿਗੁਰ, ਨਾਮ, ਸਾਧਸੰਗਤ, ਸਤਿਸੰਗਤ, ਗੋਬਿੰਦ, ਅੰਮ੍ਰਿਤ, ਕੀਰਤਨ, ਸਿਮਰਨੁ ਆਦਿ। ਅੱਜ ਇਹ ਨਰੋਲ ਸਿੱਖੀ ਦੇ ਸ਼ਬਦ ਜਾਪਦੇ ਜਾਂ ਸਮਝੇ ਜਾਂਦੇ ਹਨ ਪਰ ਗੁਰੂ ਸਾਹਿਬਾਨਾਂ ਤੋਂ ਪਹਿਲਾਂ ਇਨ੍ਹਾਂ ਦੀ ਕਬੀਰ ਬਾਣੀ ਵਿਚ ਭਰਪੂਰ ਵਰਤੋਂ ਹੋਈ ਸੀ। ਕੁਝ ਤੁਕਾਂ ਦੇਖੀਆਂ ਜਾ ਸਕਦੀਆਂ ਹਨ-

Original with;
Jaswant Singh Zafar
Digitized by;
Panjab Digital Library

ਤੂੰ **ਸਤਿਗੁਰੁ** ਹਉ ਨਉਤਨੁ ਚੇਲਾ ॥ ਕਹਿ ਕਬੀਰ ਮਿਲੁ ਅੰਤ ਕੀ ਬੇਲਾ॥ (324)

ਕਹੁ ਕਬੀਰ ਇਹ ਕਹੀਐ ਕਾਹਿ ॥ **ਸਾਧਸੰਗਤਿ** ਬੈਕੁੰਠੈ ਆਹਿ॥ (325)

**ਅੰਮ੍ਰਿਤ** ਨਾਮੁ ਜਪਉ ਜਪੁ ਰਸਨਾ ॥ ਅਮੋਲ ਦਾਸੁ ਕਰਿ ਲੀਨੋ ਅਪਨਾ॥ (331)

**ਸਤਿਗੁਰ** ਕੀਨੋ ਪਰਉਪਕਾਰੁ॥ ਕਾਢਿ ਲੀਨ ਸਾਗਰ ਸੰਸਾਰ॥ (331)

ਕਹੁ ਕਬੀਰ ਬਲਿ ਜਾਉ **ਗੁਰ** ਅਪੁਨੇ **ਸਤਸੰਗਤਿ** ਮਿਲਿ ਰਹੀਐ॥ (333)

**ਸਤਿਗੁਰੁ** ਮਿਲੈ ਅੰਧੇਰਾ ਚੂਕੈ ਇਨ ਬਿਧਿ ਮਾਣਕੁ ਲਹੀਐ॥ (334)

**ਸਾਧਸੰਗਤਿ** ਭਗਵਾਨ ਭਜਨ ਬਿਨੁ ਕਹੀ ਨ ਸਚੁ ਰਹਿਓ॥ (336)

**ਸੰਤ ਪ੍ਰਸਾਦਿ** ਭਏ ਮਨ ਨਿਰਮਲ **ਹਰਿ ਕੀਰਤਨ** ਮਹਿ ਅਨਦਿਨੁ ਜਾਗਾ॥ (343)

**ਸਾਧਸੰਗਤਿ** ਉਪਜੈ ਬਿਸ੍ਵਾਸ ॥ ਬਾਹਰਿ ਭੀਤਰਿ ਸਦਾ ਪ੍ਰਗਾਸ॥ (343)

ਕਹੁ ਕਬੀਰ ਜਿਸੁ **ਸਤਿਗੁਰੁ** ਭੇਟੈ ਪੁਨਰਪਿ ਜਨਮਿ ਨ ਆਵੈ॥ (476)

**ਸਤਿਗੁਰ** ਮਿਲੇ ਤ ਮਾਰਗੁ ਦਿਖਾਇਆ ॥ ਜਗਤ ਪਿਤਾ ਮੇਰੈ ਮਨਿ ਭਾਇਆ॥ (476)

ਭੂਲੀ ਮਾਲਨੀ ਹੈ ਏਉ ॥ **ਸਤਿਗੁਰੁ** ਜਾਗਤਾ ਹੈ ਦੇਉ॥ (479)

**ਸਤਸੰਗਤਿ** ਮਿਲਿ ਬਿਬੇਕ ਬੁਧਿ ਹੋਈ॥ ਪਾਰਸੁ ਪਰਸਿ ਲੋਹਾ ਕੰਚਨੁ ਸੋਈ॥ (481)

ਪ੍ਰਗਟ ਪ੍ਰਗਾਸ ਗਿਆਨ **ਗੁਰ** ਗੰਮਿਤ **ਸਤਿਗੁਰ** ਤੇ ਸੁਧਿ ਪਾਈ॥ (969)

ਇਹੁ **ਸਿਮਰਨੁ ਸਤਿਗੁਰ** ਤੇ ਪਾਈਐ॥ (971)

ਕਰਮੁ ਹੋਵੈ **ਸਤਿਗੁਰੁ** ਮਿਲੈ ਬੈਰਾਗੀਅੜੇ॥ ਸਹਜੇ ਪਾਵੈ ਸੋਇ ਵਣਾਹੰਬੈ॥ (1104)

**ਸਾਧਸੰਗਤਿ** ਕਬਹੂ ਨਹੀ ਕੀਨੀ ਰਚਿਓ ਧੰਧੈ ਝੂਠ॥ (1105)

ਕਹਤੁ ਕਬੀਰੁ ਸੁਨਹੁ ਰੇ ਸੰਤਹੁ **ਸਾਧਸੰਗਤਿ** ਤਰਿ ਜਾਂਹਿਗਾ॥ (1106)

ਜਾ ਤਿਸੁ ਭਾਵੈ **ਸਤਿਗੁਰੁ** ਭੇਟੈ ਏਕੋ ਨਾਮੁ ਬਖਾਨੀ॥ (1124)

ਬਿਨੁ **ਸਤਿਗੁਰ** ਬਾਟ ਨ ਪਾਈ॥ ਕਹੁ ਕਬੀਰ ਸਮਝਾਈ॥ (1194)

ਕਬੀਰ ਸਾਚਾ **ਸਤਿਗੁਰੁ** ਮੈ ਮਿਲਿਆ ਸਬਦੁ ਜੁ ਬਾਹਿਆ ਏਕੁ॥ (1372)

ਕਬੀਰ ਥੂਨੀ ਪਾਈ ਥਿਤਿ ਭਈ **ਸਤਿਗੁਰ** ਬੰਧੀ ਧੀਰ॥ (1373)

ਜਦ ਅਸੀਂ ਭਾਸ਼ਾ ਦੀ ਗੱਲ ਕਰਦੇ ਹਾਂ ਤਾਂ ਇਹ ਨਿਰੀ ਸ਼ਬਦਾਵਲੀ ਤੱਕ ਸੀਮਤ ਨਹੀਂ। ਗੁਰੂ ਸਾਹਿਬਾਨ ਜਦ ਕਬੀਰ ਸਾਹਿਬ ਦੁਆਰਾ ਪ੍ਰਗਟਾਏ ਕਿਸੇ ਵਿਚਾਰ ਨੂੰ ਆਪਣੀ ਬਾਣੀ ਰਾਹੀਂ ਦ੍ਰਿੜ ਕਰਵਾਉਂਦੇ ਹਨ ਤਾਂ ਬਹੁਤੀ ਵਾਰ ਕਬੀਰ ਜੀ ਵਾਲੇ ਛੰਦ ਜਾਂ ਕਾਵਿਕ ਰਵਾਨੀ ਵਿਚ ਕਹਿੰਦੇ ਹਨ। ਹੇਠ ਲਿਖੀ ਉਦਾਹਰਣ ਇਸ ਵਿਚਾਰ ਨੂੰ ਸਥਾਪਤ ਕਰਦੀ ਹੈ-

*Original with;*
Jaswant Singh Zafar
*Digitized by;*
Panjab Digital Library

**ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ॥**

(1350, ਕਬੀਰ ਜੀ)

**ਸਭ ਮਹਿ ਜੋਤਿ ਜੋਤਿ ਹੈ ਸੋਇ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥**

(13, ਮ: 1)

**ਸਭ ਮਹਿ ਵਰਤੈ ਏਕੋ ਸੋਇ ਜਿਸ ਨੋ ਕਿਰਪਾ ਕਰੇ ਤਿਸੁ ਪਰਗਟੁ ਹੋਇ॥**

(931, ਮ: 1)

**ਸਭ ਮਹਿ ਜੀਉ ਜੀਉ ਹੈ ਸੋਈ ਘਟਿ ਘਟਿ ਰਹਿਆ ਸਮਾਈ॥** (1273, ਮ: 1)

**ਸਭ ਮਹਿ ਵਰਤੈ ਏਕੋ ਸੋਈ ਗੁਰਮੁਖਿ ਵਿਰਲਾ ਬੂਝੈ ਕੋਈ॥** (127, ਮ: 3)

**ਸਭ ਮਹਿ ਵਸੈ ਪ੍ਰਭੁ ਏਕੋ ਸੋਇ ਗੁਰਮਤੀ ਘਟਿ ਪਰਗਟੁ ਹੋਇ॥** (663, ਮ: 3)

**ਸਭ ਮਹਿ ਸਚੁ ਦੂਜਾ ਨਹੀ ਕੋਈ ਸਾਚੀ ਕੀਰਤਿ ਸਚੁ ਸੁਖੁ ਹੋਈ॥**

(880, ਮ: 3)

ਇਕ ਹੋਰ ਉਦਾਹਰਣ ਦੇਖ ਸਕਦੇ ਹਾਂ-

**ਕਬੀਰ ਅਲਹ ਕੀ ਕਰਿ ਬੰਦਗੀ ਜਿਹ ਸਿਮਰਤ ਦੁਖੁ ਜਾਇ॥**

(1374, ਕਬੀਰ ਜੀ)

**ਕਿਉ ਗੋਬਿੰਦੁ ਮਨਹੁ ਵਿਸਾਰੀਐ ਜਿਸੁ ਸਿਮਰਤ ਦੁਖ ਜਾਹਿ॥** (218, ਮ: 5)

**ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ॥** (518, ਮ: 5)

ਇਸ ਤਰ੍ਹਾਂ ਬਨਾਰਸ ਵਿਚ ਰਚੀ ਗਈ ਕਬੀਰ ਬਾਣੀ ਦੀ ਸ਼ਬਦਾਵਲੀ ਗੁਰੂ ਨਾਨਕ ਦੁਆਰਾ ਏਸ਼ੀਆ ਦੇ ਦੂਰ ਦੁਰਾਡੇ ਇਲਾਕਿਆਂ ਵਿਚ ਅਤੇ ਬਾਕੀ ਸਾਰੇ ਗੁਰੂ ਸਾਹਿਬਾਨਾਂ ਦੁਆਰਾ ਭਾਰਤ ਜਾਂ ਪੰਜਾਬ ਵਿਚ ਉਚਾਰੀ ਅਤੇ ਪ੍ਰਚਾਰੀ ਗਈ ਬਹੁਤੀ ਬਾਣੀ ਦੀ ਸ਼ਬਦਾਵਲੀ ਬਣਦੀ ਹੈ ਅਤੇ ਕਬੀਰ ਬਾਣੀ ਦਾ ਮੁਹਾਵਰਾ ਅਤੇ ਸ਼ੈਲੀ ਸਾਰੇ ਗੁਰੂ ਸਾਹਿਬਾਨਾਂ ਦੀ ਬਹੁਤੀ ਬਾਣੀ ਦਾ ਮੁਹਾਵਰਾ ਅਤੇ ਸ਼ੈਲੀ ਬਣਦੇ ਹਨ। ਗੁਰੂ ਸਾਹਿਬਾਨ ਪੂਰੀ ਖੁਲ੍ਹਦਿਲੀ ਨਾਲ ਕਬੀਰ ਸਾਹਿਬ ਦੇ ਕਬੀਰਪਨ (ਵਡੱਪਨ) ਨੂੰ ਅਮਲੀ ਰੂਪ ਵਿਚ ਤਸਲੀਮ ਕਰਦੇ ਹਨ ਅਤੇ ਉਨ੍ਹਾਂ ਦੇ ਵਡੱਪਨ ਦਾ ਮਾਨਵ ਕਲਿਆਣ ਦੇ ਵੱਡੇ ਮਨੋਰਥ ਲਈ ਲਾਹਾ ਲੈਂਦੇ ਹਨ।

ਕਬੀਰ ਸਾਹਿਬ ਪਹਿਲਾ ਵੱਡਾ ਹਮਲਾ ਧਰਮ ਦੇ ਬਾਹਰੀ ਚਿੰਨਾਂ ਦੀ ਨਿਰਾਰਥਕਤਾ ਤੇ ਕਰਦੇ ਹਨ। ਇਨ੍ਹਾਂ ਚਿੰਨਾਂ ਦੇ ਆਡੰਬਰ ਦੀ ਬਜਾਏ ਮਨੁੱਖ ਦੇ ਆਚਾਰ, ਵਿਹਾਰ ਅਤੇ ਕਿਰਦਾਰ ਦੀ ਸ਼ੁੱਧਤਾ ਤੇ ਜ਼ੋਰ ਦਿੰਦੇ ਹਨ। ਕਬੀਰ ਜੀ ਮੁਤਾਬਕ ਧਰਮ ਭੇਖ ਦਾ ਨਹੀਂ ਸਗੋਂ ਅਮਲ ਦਾ ਵਿਸ਼ਾ ਹੈ। ਉਹ ਦਿਖਾਵੇ ਦੀ ਬਜਾਏ ਅਮਲੀ ਧਰਮ ਦੇ ਝੰਡਾ ਬਰਦਾਰ ਬਣਦੇ ਹਨ। ਜੋਗੀ ਨੂੰ ਭੇਖ ਕਰਕੇ ਨਹੀਂ ਸਗੋਂ

*Original with;*
Jaswant Singh Zafar
*Digitized by;*
Panjab Digital Library

ਆਪਣੇ ਆਚਾਰ ਵਿਹਾਰ ਦੇ ਭਾਵ ਨਾਲ ਜੋਗੀ ਹੋਣ ਦੀ ਪ੍ਰੇਰਨਾ ਕਰਦੇ ਹਨ। ਕਿ ਮੋਨ (ਘੱਟ ਬੋਲਣ) ਦੀਆਂ ਮੁੰਦਰਾਂ ਪਾ, ਦਇਆ ਦੀ ਬਗਲੀ ਪਾ, ਭਗਤੀ ਦਾ ਕਾਸਾ ਫੜ, ਦੇਹੀ ਨੂੰ ਯੋਗ-ਵਸਤਰ ਸਮਝ ਕੇ ਇਸ ਦੀ ਸੰਭਾਲ ਕਰ ਅਤੇ ਪਰਮਾਤਮਾ ਦੇ ਨਾਮ ਨੂੰ ਆਪਣੇ ਜੀਵਨ ਦਾ ਆਧਾਰ ਬਣਾ। ਅਜਿਹਾ ਕਹਿੰਦਿਆਂ ਕਬੀਰ ਸਾਹਿਬ ਮਜ਼ਹਬੀ ਚਿੰਨਾਂ ਨੂੰ ਵਿਸਥਾਪਤ ਕਰਨ ਦੀ ਨਵੀਂ ਵਿਧੀ ਵੀ ਇਜ਼ਾਦ ਕਰਦੇ ਹਨ। ਆਪ ਲਿਖਦੇ ਹਨ-

**ਮੁੰਦ੍ਰਾ ਮੋਨਿ ਦਇਆ ਕਰਿ ਝੋਲੀ ਪਤ੍ਰ ਕਾ ਕਰਹੁ ਬੀਚਾਰੁ ਰੇ॥**
**ਖਿੰਥਾ ਇਹੁ ਤਨੁ ਸੀਅਉ ਅਪਨਾ ਨਾਮੁ ਕਰਉ ਆਧਾਰੁ ਰੇ॥** (970, ਕਬੀਰ ਜੀ)

ਗੁਰੂ ਨਾਨਕ ਸਾਹਿਬ ਦੀ ਸਿੱਧਾਂ ਜੋਗੀਆਂ ਨਾਲ ਇਸ ਸਬੰਧੀ ਲੰਮੀ ਚੌੜੀ ਬਹਿਸ ਅਤੇ ਗੋਸ਼ਟ ਹੁੰਦੀ ਹੈ। ਗੁਰੂ ਸਾਹਿਬ ਇਸ ਵਿਚਾਰ ਨੂੰ ਹੋਰ ਸੰਘਣਾ ਕਰਕੇ ਉਪਰੋਕਤ ਵਿਧੀ ਰਾਹੀਂ ਆਪਣੀ ਜਪੁ ਬਾਣੀ ਵਿਚ ਦਰਜ ਕਰਦੇ ਹਨ:

**ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥**
**ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥** (6, ਮ: 1)

ਕਬੀਰ ਸਾਹਿਬ ਇਹ ਹਮਲਾ ਇਕੱਲੇ ਯੋਗ ਮੱਤ ਤੱਕ ਹੀ ਸੀਮਤ ਨਹੀਂ ਰੱਖਦੇ। ਇਸਲਾਮੀ ਰਹਿਤ ਦੇ ਫੋਕੇਪਨ ਨੂੰ ਵੀ ਸੰਬੋਧਿਤ ਹੁੰਦੇ ਹਨ। ਕਿ ਰੋਜੇ ਰੱਖਣ, ਨਵਾਜ ਗੁਜ਼ਾਰਨ ਅਤੇ ਕਲਮਾ ਪੜ੍ਹਨ ਨਾਲ ਜੰਨਤ ਨਸੀਬ ਨਹੀਂ ਹੁੰਦੀ, ਮੱਕਾ ਕਿਧਰੇ ਬਾਹਰ ਨਹੀਂ ਤੁਹਾਡੇ ਅੰਦਰ ਹੈ, ਨਮਾਜ ਨਿਆਂ ਦੀ ਹੋਣੀ ਚਾਹੀਦੀ ਹੈ, ਉਸ ਬੇਅੰਤ ਨੂੰ ਜਾਨਣ ਦਾ ਯਤਨ ਹੀ ਕਲਮਾ ਹੈ, ਮੁਸੱਲੇ ਦਾ ਭਾਵ ਤਾਂ ਪੰਜ ਵਿਕਾਰਾਂ 'ਤੇ ਕਾਬੂ ਪਾਉਣਾ ਹੈ-

**ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ॥**
**ਸਤਰਿ ਕਾਬਾ ਘਟ ਹੀ ਭੀਤਰਿ ਜੇ ਕਰਿ ਜਾਨੈ ਕੋਈ॥**
**ਨਿਵਾਜ ਸੋਈ ਜੋ ਨਿਆਉ ਬਿਚਾਰੈ ਕਲਮਾ ਅਕਲਹਿ ਜਾਨੈ॥**
**ਪਾਚਹੁ ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ॥** (480, ਕਬੀਰ ਜੀ)

ਗੁਰੂ ਨਾਨਕ ਸਾਹਿਬ ਇਸ ਵਿਚਾਰ ਤੇ ਪੂਰੀ ਤਰ੍ਹਾਂ ਪਹਿਰਾ ਦਿੰਦੇ ਪ੍ਰਤੀਤ ਹੁੰਦੇ ਹਨ ਜਦ ਆਖਦੇ ਹਨ-

**ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥**
**ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥**
**ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥**
**ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥** (140, ਮ: 1)

ਇਸੇ ਵਿਧੀ ਨੂੰ ਵਿਸਥਾਰ ਕੇ ਗੁਰੂ ਨਾਨਕ ਸਾਹਿਬ ਬ੍ਰਾਹਮਣਾਂ ਦੇ ਜਨੇਊ ਵਰਗੇ

*Original with;*
Jaswant Singh Zafar
*Digitized by;*
Panjab Digital Library

ਬਾਹਰੀ ਭੇਖ ਨੂੰ ਵੀ ਭੰਡਦੇ ਹਨ-

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥** (471, ਮ: 1)

ਕਬੀਰ ਜੀ ਦਾ ਦੂਸਰਾ ਵੱਡਾ ਹਮਲਾ ਜਾਤ ਪਾਤ ਦੇ ਪ੍ਰਬੰਧ ਵਿਰੁੱਧ ਸੀ। ਉਹ ਜਨਮ ਦੇ ਅਧਾਰਤ ਜਾਤੀ ਵੰਡ ਨੂੰ ਲੰਮੇਂ ਹੱਥੀਂ ਲੈਂਦੇ ਹਨ। ਹੋਰਾਂ ਲੋਕਾਂ ਵਾਂਗ ਪੈਦਾ ਹੋਣ ਅਤੇ ਹੋਰਾਂ ਵਰਗਾ ਲਹੂ ਮਾਸ ਦਾ ਬਣਿਆ ਹੋਣ ਵਾਲੇ ਬ੍ਰਾਹਮਣ ਦੀ ਅਖੌਤੀ ਸ੍ਰੇਸ਼ਠਤਾ 'ਤੇ ਸਵਾਲ ਕਰਦੇ ਹਨ-

**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥**
**ਤਉ ਆਨ ਬਾਟ ਕਾਹੇ ਨਹੀ ਆਇਆ॥**
**ਤੁਮ ਕਤ ਬ੍ਰਾਹਮਣ ਹਮ ਕਤ ਸੂਦ॥**
**ਹਮ ਕਤ ਲੋਹੂ ਤੁਮ ਕਤ ਦੂਧ॥** (324, ਕਬੀਰ ਜੀ)

ਕਬੀਰ ਜੀ ਜਨਮ-ਅਧਾਰ ਜਾਤੀ ਦੀ ਬਜਾਏ ਸ਼ੁਭ ਗੁਣ ਅਤੇ ਸ਼ੁਭ ਕਰਮ ਦੇ ਆਧਾਰਤ ਜਾਤੀ ਨਿਰਧਾਰਨ ਦੀ ਵਕਾਲਤ ਕਰਦੇ ਹੋਏ ਉਪਰੋਕਤ ਸ਼ਬਦ ਦੇ ਅੰਤ ਵਿਚ ਲਿਖਦੇ ਹਨ-

**ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥**
**ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥** (324, ਕਬੀਰ ਜੀ)

ਗੁਰੂ ਸਾਹਿਬਾਨ ਬ੍ਰਾਹਮਣਵਾਦੀ ਜਾਤੀ ਪ੍ਰਬੰਧ ਵਿਰੁੱਧ ਵਿੱਢੇ ਗਏ ਇਸ ਹਮਲੇ ਨੂੰ ਬਾਕਾਇਦਗੀ ਅਤੇ ਜ਼ੋਰਦਾਰ ਢੰਗ ਨਾਲ ਜਾਰੀ ਰੱਖਦੇ ਹਨ। ਆਪ ਨੇ ਕਬੀਰ ਜੀ ਦੁਆਰਾ ਸਥਾਪਤ ਕੀਤੀ ਗਈ ਉਪਰੋਕਤ ਦਲੀਲ ਦੀ ਵਰਤੋਂ ਕਰਦਿਆਂ ਕਈ ਵਾਰ ਕਿਹਾ-

**ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥ ਆਪਿ ਤਰੈ ਸਗਲੇ ਕੁਲ ਤਾਰੈ॥** (662, ਮ: 1)
**ਸੋ ਬ੍ਰਾਹਮਣੁ ਭਲਾ ਆਖੀਐ ਜਿ ਬੂਝੈ ਬ੍ਰਹਮੁ ਬੀਚਾਰੁ॥** (1093, ਮ: 3)
**ਸੋ ਬ੍ਰਾਹਮਣੁ ਬ੍ਰਹਮੁ ਜੋ ਬਿੰਦੇ ਹਰਿ ਸੇਤੀ ਰੰਗਿ ਰਾਤਾ॥** (68, ਮ: 3)
**ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਕਹੀਐ ਜਿ ਅਨਦਿਨੁ ਹਰਿ ਲਿਵ ਲਾਏ॥**
(512, ਮ: 3)

ਇਸ ਤਰ੍ਹਾਂ ਗੁਰੂ ਸਾਹਿਬਾਨਾਂ ਦੀ ਸਿਰਜਨ, ਚਿੰਤਨ ਅਤੇ ਕਾਰਜ ਪ੍ਰਕਿਰਿਆ ਉਪਰ ਕਬੀਰ ਸਾਹਿਬ ਦੀ ਰਚਨਾ ਦੇ ਪ੍ਰਭਾਵ ਦੇ ਅਨੇਕਾਂ ਝਲਕਾਰੇ ਮਿਲਦੇ ਹਨ। ਗੁਰੂ ਸਾਹਿਬਾਨਾਂ ਦੀ ਜੋਤ 'ਚੋਂ ਕਬੀਰ ਸਾਹਿਬ ਦੀ ਜੋਤ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ। ਅਜਿਹੀਆਂ ਅਨੇਕਾਂ ਉਦਾਹਰਣਾਂ ਹੋ ਸਕਦੀਆਂ ਹਨ ਜਿਨ੍ਹਾਂ ਤੋਂ ਭਲੀ ਭਾਂਤ ਸਪੱਸ਼ਟ ਹੁੰਦਾ ਹੈ ਕਿ ਕਬੀਰ ਜੀ ਹਮੇਸ਼ਾ ਗੁਰੂ ਸਾਹਿਬਾਨਾਂ ਦੇ ਅੰਗ ਸੰਗ ਸਨ-

*Original with;*
Jaswant Singh Zafar
*Digitized by;*
Panjab Digital Library

**ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥** (1364, ਕਬੀਰ ਜੀ)
**ਹਮ ਨਹੀ ਚੰਗੇ ਬੁਰਾ ਨਹੀ ਕੋਇ॥** (728, ਮ: 1)

**ਆਪਿ ਨ ਡਰਉ ਨ ਅਵਰ ਡਰਾਵਉ॥** (327, ਕਬੀਰ ਜੀ)
**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥** (1427, ਮ: 9)

ਗੁਰੂ ਨਾਨਕ ਸਾਹਿਬ ਤੋਂ ਮਗਰਲੇ ਗੁਰੂ ਸਾਹਿਬਾਨ ਵੀ ਆਪਣੀ ਬਾਣੀ ਵਿਚ ਆਪਣੇ ਆਪ ਨੂੰ 'ਨਾਨਕ' ਲਿਖਦੇ ਹਨ। ਆਪਣੇ ਆਪ ਨੂੰ ਨਾਨਕ ਦੇ ਪਿਆਰ ਵਿਚ ਅਭੇਦ ਅਤੇ ਲੀਨ ਰੱਖਦੇ ਹਨ। ਇਸ ਤਰ੍ਹਾਂ ਉਹ ਨਾਨਕ ਦੀ ਵਿਚਾਰਧਾਰਾ ਅਤੇ ਮਿਸ਼ਨ ਪ੍ਰਤੀ ਆਪਣੀ ਪ੍ਰਤੀਬੱਧਤਾ ਨੂੰ ਵੀ ਦ੍ਰਿੜਾਉਂਦੇ ਹਨ। ਆਪਣੀ ਹਸਤੀ ਦੀ ਬਜਾਏ ਲਹਿਰ ਦੀ ਲਗਾਤਾਰਤਾ ਨੂੰ ਮਹੱਤਵ ਦਿੰਦੇ ਹਨ। ਲਹਿਰ ਦੇ ਆਰੰਭ ਬਿੰਦੂ ਨੂੰ ਸੋਚ, ਸੁਰਤ ਅਤੇ ਸਰਗਰਮੀ ਦੇ ਕੇਂਦਰ ਵਿਚ ਰੱਖਿਆ ਜਾਂਦਾ ਹੈ। ਗੁਰੂ ਸਾਹਿਬਾਨ ਆਪਣੇ ਨਿੱਜ ਦੇ ਮਹੱਤਵ ਦੀ ਬਜਾਏ ਗੁਰੂ ਨਾਨਕ ਦੀ ਜੋਤ ਹੋਣ ਦੇ ਗੌਰਵ ਨਾਲ ਭਰਪੂਰ ਦਿਖਾਈ ਦਿੰਦੇ ਹਨ। ਇਕ ਥਾਂ ਤਾਂ ਗੁਰੂ ਅਰਜਨ ਸਾਹਿਬ ਆਪਣੇ ਆਪ ਨੂੰ ਨਾਨਕ ਜੋਤ ਵਾਂਗ ਕਬੀਰ ਜੋਤ ਹੋਣ ਦੇ ਗੌਰਵ ਦਾ ਵੀ ਪ੍ਰਗਟਾਵਾ ਕਰਦੇ ਹਨ। ਇਸ ਸ਼ਬਦ ਵਿਚ ਗੁਰੂ ਅਰਜਨ ਆਪਣੇ ਆਪ ਨੂੰ 'ਕਬੀਰ' ਲਿਖਦੇ ਹਨ। ਪੂਰਾ ਸ਼ਬਦ ਇਸ ਤਰ੍ਹਾਂ ਹੈ –

**ਵਰਤ ਨ ਰਹਉ ਨ ਮਹ ਰਮਦਾਨਾ ॥**
**ਤਿਸੁ ਸੇਵੀ ਜੋ ਰਖੈ ਨਿਦਾਨਾ॥**
**ਏਕੁ ਗੁਸਾਈ ਅਲਹੁ ਮੇਰਾ ॥**
**ਹਿੰਦੂ ਤੁਰਕ ਦੁਹਾਂ ਨੇਬੇਰਾ॥ ਰਹਾਉ ॥**
**ਹਜ ਕਾਬੈ ਜਾਉ ਨ ਤੀਰਥ ਪੂਜਾ॥**
**ਏਕੋ ਸੇਵੀ ਅਵਰੁ ਨ ਦੂਜਾ ॥**
**ਪੂਜਾ ਕਰਉ ਨ ਨਿਵਾਜ ਗੁਜਾਰਉ॥**
**ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥**
**ਨਾ ਹਮ ਹਿੰਦੂ ਨ ਮੁਸਲਮਾਨ ॥**
**ਅਲਹ ਰਾਮ ਕੇ ਪਿੰਡੁ ਪਰਾਨ॥**
**ਕਹੁ ਕਬੀਰ ਇਹੁ ਕੀਆ ਵਖਾਨਾ॥**
**ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ॥** (1136, ਮ: 5)

ਇਹ ਸ਼ਬਦ ਸਿੱਖ ਜੀਵਨ ਜਾਚ ਦਾ ਸਾਰ ਪੇਸ਼ ਕਰਦਾ ਹੈ। ਗੁਰੂ ਸਾਹਿਬ ਹਿੰਦੂ ਧਰਮ ਅਤੇ ਇਸਲਾਮ ਦੋਹਾਂ ਦੀਆਂ ਮਜ਼ਹਬੀ ਰਹੁ ਰੀਤਾਂ ਦੇ ਜੂਲੇ ਤੋਂ ਮੁਕਤੀ ਦੀ ਗੱਲ ਕਰਦੇ ਹਨ। ਧਿਆਨ ਨਾਲ ਦੇਖਿਆ ਜਾਵੇ ਤਾਂ ਗੁਰੂ ਸਾਹਿਬ ਇਸ ਸ਼ਬਦ ਰਾਹੀਂ ਕਬੀਰ

*Original with;*
Jaswant Singh Zafar
*Digitized by;*
Panjab Digital Library

ਸਾਹਿਬ ਦੀ ਪੂਰੀ ਬਾਣੀ ਵਿਚ ਫੈਲੀ ਹੋਈ ਵਿਚਾਰਧਾਰਕ ਗੂੰਜ ਨੂੰ ਸੰਮਿਲਤ ਕਰਦੇ ਜਾਪਦੇ ਹਨ। ਮੋਟੇ ਤੌਰ 'ਤੇ ਹੇਠ ਲਿਖੀਆਂ ਦੋ ਪੰਕਤੀਆਂ ਮੇਲ ਕੇ ਦੇਖੀਏ ਤਾਂ ਇਸ ਗੱਲ ਦੀ ਪ੍ਰੋੜਤਾ ਹੋ ਜਾਂਦੀ ਹੈ-

**ਏਕੁ ਗੁਸਾਈ ਅਲਹੁ ਮੇਰਾ॥ ਹਿੰਦੂ ਤੁਰਕ ਦੁਹਾਂ ਨੇਬੇਰਾ॥** (1136, ਮ: 5)

**ਕਹਤ ਕਬੀਰ ਰਾਮ ਗੁਨ ਗਾਵਉ॥ ਹਿੰਦੂ ਤੁਰਕ ਦੋਊ ਸਮਝਾਵਉ॥**

(479, ਕਬੀਰ ਜੀ)

ਪ੍ਰੋ. ਸਾਹਿਬ ਸਿੰਘ ਜੀ ਅਨੁਸਾਰ ਇਹ ਸ਼ਬਦ ਕਬੀਰ ਸਾਹਿਬ ਦੇ ਹੇਠ ਸ਼ਬਦ ਦੀ ਵਿਆਖਿਆ ਹੈ-

**ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੇ ਦੋਊ ॥....**

**ਪੰਡਿਤ ਮੁਲਾਂ ਜੋ ਲਿਖਿ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ॥**

(1158, ਕਬੀਰ ਜੀ)

ਇਸ ਤਰ੍ਹਾਂ ਵੀ ਮੰਨ ਲਈਏ ਤਾਂ ਗੁਰੂ ਅਰਜਨ ਸਾਹਿਬ ਕਬੀਰ ਜੀ ਦੇ ਸ਼ਬਦ ਦੀ ਆਪ ਵਿਆਖਿਆ ਕਰਨ ਉਪਰੰਤ ਉਸ ਨੂੰ ਅਦਿ ਸ੍ਰੀ ਗਰੰਥ ਸਾਹਿਬ ਵਿਚ ਦਰਜ ਕਰਕੇ ਕਬੀਰ ਜੀ ਦੀ ਕਿੱਡੀ ਵੱਡੀ ਵਡਿਆਈ ਅਤੇ ਸਿੱਖੀ ਦੇ ਸੰਦਰਭ ਵਿਚ ਉਨ੍ਹਾਂ ਦੇ ਮਹੱਤਵ ਨੂੰ ਸਥਾਪਤ ਕਰਦੇ ਹਨ।

ਪ੍ਰਚੱਲਤ ਕਥਾ ਹੈ ਕਿ ਗੁਰੂ ਅਰਜਨ ਦੇਵ ਅਤੇ ਮਾਤਾ ਗੰਗਾ ਜੀ ਦੇ ਘਰ ਕਾਫੀ ਦੇਰ ਕੋਈ ਸੰਤਾਨ ਨਾ ਹੋਈ। ਸੰਤਾਨ ਪ੍ਰਾਪਤੀ ਲਈ ਅਸੀਸ ਲੈਣ ਲਈ ਮਾਤਾ ਜੀ ਬਹੁਤ ਸਾਰੀਆਂ ਸਖੀਆਂ ਸਹੇਲੀਆਂ ਅਤੇ ਅਨੇਕਾਂ ਰਸਤਾਂ ਵਸਤਾਂ ਨਾਲ ਗੱਡੇ ਲੱਦ ਕੇ ਬਾਬਾ ਬੁੱਢਾ ਜੀ ਪਾਸ ਗਏ। ਬਾਬਾ ਜੀ ਨੇ ਇਸ ਗੱਲ ਦਾ ਬਹੁਤ ਬੁਰਾ ਮਨਾਇਆ। ਨਿਰਾਸ਼ ਪਰਤੇ ਮਾਤਾ ਜੀ ਨੂੰ ਗੁਰੁ ਅਰਜਨ ਸਾਹਿਬ ਨੇ ਕਬੀਰ ਸਾਹਿਬ ਦੇ ਬਚਨ ਨਾਲ ਸਮਝਾਇਆ-

**ਕਬੀਰ ਸਾਧੂ ਕਉ ਮਿਲਨੇ ਜਾਈਐ ਸਾਥਿ ਨ ਲੀਜੈ ਕੋਇ॥**

(1370, ਕਬੀਰ ਜੀ)

ਦੂਸਰੀ ਵਾਰ ਮਾਤਾ ਜੀ ਨੇ ਇਸ ਬਚਨ ਦਾ ਪਾਲਣ ਕੀਤਾ। ਬਾਬਾ ਬੁੱਢਾ ਜੀ ਨੇ ਉਨ੍ਹਾਂ ਨੂੰ ਯੋਧੇ ਅਤੇ ਬਲਕਾਰੀ ਪੁੱਤਰ ਦੇ ਪੈਦਾ ਹੋਣ ਦੀ ਅਸੀਸ ਦਿੱਤੀ। ਪੰਜਵੇਂ ਪਾਤਸ਼ਾਹ ਦੇ ਘਰ ਬਾਲਕ ਹਰਗੋਬਿੰਦ ਦਾ ਜਨਮ ਹੋਇਆ ਜੋ ਮੀਰੀ ਪੀਰੀ ਦੇ ਮਾਲਕ ਬਣੇ। ਅਸੀਂ ਗੁਰੂ ਹਰਗੋਬਿੰਦ ਸਾਹਿਬ ਦੇ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਪਹਿਨਣ ਨੂੰ ਕੇਵਲ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦਾ ਪ੍ਰਤੀਕਰਮ ਮੰਨਦੇ ਰਹਿੰਦੇ ਹਾਂ। ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਭਗਤੀ ਅਤੇ ਸ਼ਕਤੀ ਦੇ ਸੁਮੇਲ ਅਤੇ ਸੰਤ ਸਿਪਾਹੀ ਦੇ ਸੰਕਲਪ ਨੂੰ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਕਾਰਨ ਬਦਲੇ ਰਾਜਨੀਤਕ ਹਾਲਤਾਂ ਕਾਰਨ ਸਿੱਖ ਵਿਚਾਰਧਾਰਾ ਵਿਚ ਆਈ ਤਬਦੀਲੀ ਆਖਦੇ ਰਹਿੰਦੇ ਹਾਂ।

*Original with;*
Jaswant Singh Zafar
*Digitized by;*
Panjab Digital Library

ਇਨ੍ਹਾਂ ਗੱਲਾਂ ਨੂੰ ਕਬੀਰ ਜੀ ਦੇ ਗੁਰਮਤਿ ਫਲਸਫ਼ੇ ਦੀ ਰੌਸ਼ਨੀ ਵਿਚ ਹੋਏ ਸਿੱਖੀ ਦੇ ਵਿਕਾਸ ਦੀ ਪ੍ਰਕਿਰਿਆ ਦੇ ਰੂਪ ਵਿਚ ਵੀ ਦੇਖਿਆ ਜਾ ਸਕਦਾ ਹੈ। ਕਬੀਰ ਸਾਹਿਬ ਗੁਰੂ ਨੂੰ ਕੇਵਲ ਸਾਧ ਜਾਂ ਸੰਤ ਹੀ ਨਹੀਂ ਸਗੋਂ ਸੂਰਬੀਰ ਦੇ ਰੂਪ ਵਿਚ ਵੀ ਚਿਤਰਦੇ ਹਨ-

**ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥**
**ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥** (1374, ਕਬੀਰ ਜੀ)

ਸਾਨੂੰ ਕਬੀਰ ਜੀ ਦੁਆਰਾ ਉਲੀਕੇ ਗਏ ਗੁਰੂ ਦੇ ਇਸ ਚਿੱਤਰ ਨਾਲ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਬੜੀ ਮੇਲ ਖਾਂਦੀ ਮਹਿਸੂਸ ਹੁੰਦੀ ਹੈ। ਗੁਰੂ ਸਾਹਿਬ ਨੇ ਰਣਜੀਤ ਨਗਾਰਾ ਗੂੰਜਾ ਕੇ ਜਬਰ ਅਤੇ ਅਨਿਆਂ ਦੇ ਵਿਰੁੱਧ ਜੂਝਣ ਦਾ ਐਲਾਨ ਕਰ ਦਿੱਤਾ ਸੀ, ਇਸ ਲਈ ਸਾਨੂੰ ਸੁਤੇ-ਸਿੱਧ ਇਸ ਤਰ੍ਹਾਂ ਲੱਗਦਾ ਰਹਿੰਦਾ ਹੈ ਜਿਵੇਂ ਕਬੀਰ ਸਾਹਿਬ ਦੀ ਹੇਠ ਲਿਖੀ ਪੰਕਤੀ ਗੁਰੂ ਗੁਰੂ ਗੋਬਿੰਦ ਸਿੰਘ ਜੀ ਦੀ ਉਚਾਰੀ ਹੋਵੇ-

**ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥**
**ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥** (1105 ਕਬੀਰ ਜੀ)

ਕਬੀਰ ਸਾਹਿਬ ਦੀਨ ਦੁਖੀਆਂ ਭਾਵ ਕਮਜ਼ੋਰ ਅਤੇ ਲਿਤਾੜੇ ਲੋਕਾਂ ਦੀ ਧਿਰ ਬਣ ਕੇ ਧਰਮ ਯੁੱਧ ਲੜਨ ਵਾਲੇ ਸੂਰਮਿਆਂ ਤੋਂ ਤਵੱਕੋਂ ਕਰਦੇ ਹਨ-

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥** (1105, ਕਬੀਰ ਜੀ)

ਉਨ੍ਹਾਂ ਦੀ ਇਸ ਤਵੱਕੋਂ ਤੇ ਪੂਰਾ ਉਤਰਨ ਦਾ ਗੁਰੂ ਗੋਬਿੰਦ ਸਿੰਘ ਸਪੱਸ਼ਟ ਇਕਰਾਰ ਕਰਦੇ ਹਨ-

**ਜਬ ਆਵ ਕੀ ਅਉਧ ਨਿਧਾਨ ਬਨੈ**
**ਅਤ ਹੀ ਰਨ ਮੈ ਤਬ ਜੂਝ ਮਰੋਂ॥** (ਗੁਰੂ ਗੋਬਿੰਦ ਸਿੰਘ ਜੀ)

ਕਬੀਰ ਸਾਹਿਬ ਪ੍ਰੇਮ ਭਗਤੀ ਦੇ ਮਾਰਗ ਨੂੰ ਸ੍ਰੇਸ਼ਠ ਧਰਮ ਮੰਨਦੇ ਹਨ। ਉਹ ਭਗਤ ਨੂੰ ਸੰਬੋਧਨ ਕਰਕੇ ਆਖਦੇ ਹਨ ਕਿ ਜੇਕਰ ਪ੍ਰੇਮ-ਖੇਡ ਖੇਡਣ ਦੀ ਚਾਹਤ ਹੈ ਤਾਂ ਆਪਣੇ ਸਿਰ ਨੂੰ ਕਟਾ ਕੇ ਇਸ ਦੀ ਗੇਂਦ ਬਣਾ ਲੈਣੀ ਚਾਹੀਦੀ ਹੈ। ਇਸ ਗੇਂਦ ਨਾਲ ਆਪਣੇ ਪਿਆਰੇ ਦੀ ਗਲੀ ਵਿਚ ਨਿਸ਼ੰਗ ਅਤੇ ਬੇਪ੍ਰਵਾਹ ਹੋ ਕੇ ਖੇਲਦਿਆਂ ਹਾਲੋਂ ਬੇਹਾਲ ਹੋ ਜਾਣਾ ਚਾਹੀਦਾ ਹੈ-

**ਕਬੀਰ ਜਉ ਤੁਹਿ ਸਾਧ ਪਿਰੰਮ ਕੀ ਸੀਸੁ ਕਾਟਿ ਕਰਿ ਗੋਇ॥**
**ਖੇਲਤ ਖੇਲਤ ਹਾਲ ਕਰਿ ਜੋ ਕਿਛੁ ਹੋਇ ਤ ਹੋਇ॥** (1377, ਕਬੀਰ ਜੀ)

ਗੁਰੂ ਨਾਨਕ ਸਾਹਿਬ ਇਸ ਗੱਲ ਨੂੰ ਸਪੱਸ਼ਟਤਾ ਅਤੇ ਸਰਲਤਾ ਨਾਲ ਆਖਦੇ ਹਨ-

*Original with;*
Jaswant Singh Zafar
*Digitized by;*
Panjab Digital Library

**ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ ਸਿਰੁ ਦੀਜੈ ਕਾਣਿ ਨ ਕੀਜੈ॥** (1412, ਮ: 1)

1699 ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਆਪਣੇ ਪ੍ਰੇਮੀ ਸਿੱਖਾਂ ਦੇ ਪ੍ਰੇਮ ਦੇ ਸੱਚ ਨੂੰ ਪਰਖਣ ਲਈ ਸੀਸ ਕਟਾ ਕੇ ਭੇਟ ਕਰਨ ਲਈ ਵੰਗਾਰਦੇ ਹਨ। ਇਸ ਕਸਵੱਟੀ ਤੇ ਪੂਰੇ ਉਤਰਨ ਵਾਲੇ ਭਗਤਾਂ, ਸਿੱਖਾਂ ਜਾਂ ਪ੍ਰੇਮੀਆਂ ਨੂੰ ਆਪ ਖਾਲਸੇ ਆਖਦੇ ਹਨ। ਅਜਿਹੇ ਖਾਲਸੇ ਜੋ ਬਿਨਾਂ ਕਿਸੇ ਵਿਚੋਲੇ ਦੇ ਪ੍ਰੇਮ ਅਤੇ ਭਗਤੀ ਦੇ ਮਾਧਿਅਮ ਰਾਹੀਂ ਸਿੱਧੇ ਅਕਾਲ ਪੁਰਖ ਨਾਲ ਜੁੜੇ ਹੋਣ। ਅਜਿਹੇ ਖਾਲਸੇ ਦੀ ਪਰਿਭਾਸ਼ਾ ਦੀ ਕਬੀਰ ਸਾਹਿਬ ਦੁਆਰਾ ਲਗਪਗ ਢਾਈ ਸਦੀਆਂ ਪਹਿਲਾਂ ਉਚਾਰੇ ਸ਼ਬਦ 'ਚੋਂ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ-

**ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥** (655, ਕਬੀਰ ਜੀ)

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰੇਮ ਦੀ ਖੇਡ ਦੇ ਖਿਡਾਰੀਆਂ ਦੀ ਟੀਮ ਦੇ ਰੂਪ ਵਿਚ ਖਾਲਸਾ ਪੰਥ ਦਾ ਨਿਰਮਾਣ ਕੀਤਾ ਅਤੇ ਇਸ ਟੀਮ ਦੇ ਮੁਖੀ ਦੇ ਤੌਰ ਤੇ ਖਾਲਸੇ ਨੂੰ ਕਬੀਰ ਸਾਹਿਬ ਦੀ ਉਪਰੋਕਤ ਪਰਿਭਾਸ਼ਾ ਤੇ ਪੂਰੇ ਉਤਰਨ ਦੀ ਇਕ ਤਰ੍ਹਾਂ ਨਾਲ ਹਦਾਇਤ ਕੀਤੀ-

**ਸਾਚ ਕਹੂੰ ਸੁਨ ਲੇਹ ਸਭੈ**
**ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥** (ਗੁਰੂ ਗੋਬਿੰਦ ਸਿੰਘ ਜੀ)

ਕਬੀਰ ਸਾਹਿਬ ਨੇ ਬ੍ਰਾਹਮਣ ਦੁਆਰਾ ਸਥਾਪਤ ਕੀਤੇ ਗਏ ਧਰਮ ਦੇ ਠੇਕੇਦਾਰੀ ਪ੍ਰਬੰਧ ਨੂੰ ਇਨਕਾਰਿਆ। ਨਾਲ ਹੀ ਬ੍ਰਾਹਮਣ ਦੇ ਰੱਬ ਦਾ ਦਲਾਲ ਹੋਣ ਦੀ ਸੱਤ੍ਹਾ ਨੂੰ ਵੰਗਾਰਿਆ। ਪਾਖੰਡ ਤੇ ਕਰਮਕਾਂਡ ਦੇ ਆਧਾਰਤ ਜਨ ਸਧਾਰਨ ਦੇ ਸ਼ੋਸਣ ਲਈ ਰਚੇ ਉਸ ਧਾਰਮਿਕ ਢਾਂਚੇ ਨੂੰ ਰੱਦ ਕੀਤਾ ਜੋ ਬ੍ਰਾਹਮਣ ਨੂੰ ਧਾਰਮਿਕ ਮੁਖੀ ਹੋਣ ਦਾ ਅਧਿਕਾਰ ਦਿੰਦਾ ਹੋਵੇ। ਉਨ੍ਹਾਂ ਭਗਤਾਂ ਅਤੇ ਗੁਰਮੁਖਾਂ ਲਈ ਬ੍ਰਾਹਮਣ ਦੀ ਅਗਵਾਈ ਤੋਂ ਇਨਕਾਰ ਕੀਤਾ-

**ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ॥** (1377, ਕਬੀਰ ਜੀ)

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਜਗਤ ਤੋਂ ਨਿਆਰਾ ਰਹਿਣ ਲਈ ਕਬੀਰ ਸਾਹਿਬ ਦਾ ਉਪਰੋਕਤ ਕਥਨ ਚਿਤਾਵਨੀ ਸਹਿਤ ਦ੍ਰਿੜ ਕਰਵਾਇਆ-

**ਜਬ ਇਹ ਗਹੈ ਬਿਪਰਨ ਕੀ ਰੀਤ॥ ਮੈ ਨਾ ਕਰੋਂ ਇਨ ਕੀ ਪ੍ਰਤੀਤ॥**
(ਗੁਰੂ ਗੋਬਿੰਦ ਸਿੰਘ ਜੀ)

ਕਬੀਰ ਸਾਹਿਬ ਸਥਾਪਤ ਧਰਮਾਂ ਨਾਲ ਜੁੜੇ ਅੰਧ ਵਿਸ਼ਵਾਸਾਂ, ਭਾਵਨਾਵਾਂ,

*Original with;*
Jaswant Singh Zafar
*Digitized by;*
Panjab Digital Library

ਆਸਥਾਵਾਂ ਅਤੇ ਰਹੁਰੀਤਾਂ ਦਾ ਸਤਿਕਾਰ ਕਰਨ ਦੇ ਉੱਕਾ ਹੀ ਕਾਇਲ ਨਹੀਂ। ਉਨ੍ਹਾਂ ਨੂੰ ਇਹ ਮਨਜ਼ੂਰ ਨਹੀਂ ਕਿ ਵੱਖ ਵੱਖ ਮਜ਼ਹਬਾਂ ਦੇ ਪੈਰੋਕਾਰ ਆਪੋ ਆਪਣੇ ਡੱਬਿਆਂ ਵਿਚ ਬੰਦ ਰਹਿਣ ਅਤੇ ਦੂਸਰਿਆਂ ਲਈ ਓਪਰੇ ਹੋਣ। ਉਹ ਧਾਰਮਿਕ ਕਰਮਕਾਂਡਾਂ, ਧਾਰਮਿਕ ਭੇਖ ਅਤੇ ਧਾਰਮਿਕ ਰਸਮਾਂ ਦੀ ਪੂਰੀ ਬੇਕਿਰਕੀ ਨਾਲ ਨਿਖੇਧੀ ਕਰਦੇ ਅਤੇ ਖਿੱਲੀ ਉਡਾਉਂਦੇ ਹਨ। ਉਹ ਤਰਕ ਦੀ ਛੁਰੀ ਨੂੰ ਕਟਾਕਸ਼ ਦੀ ਸਾਣ ਤੇ ਲਾ ਕੇ ਗੱਲ ਕਰਦੇ ਹਨ। ਅਜਿਹਾ ਕਰਦਿਆਂ ਉਹ ਨਾ ਕਿਸੇ ਫਿਰਕੇ ਨਾਲ ਵਿਤਕਰਾ ਕਰਦੇ ਹਨ ਅਤੇ ਨਾ ਕਿਸੇ ਨਾਲ ਲਿਹਾਜ਼-

**ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥**
**ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ॥**
**ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥** (476)

**ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ॥** (477)

**ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ॥** (484)

**ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ॥**
**ਜਟਾ ਧਾਰਿ ਧਾਰਿ ਜੋਗੀ ਮੂਏ ਤੇਰੀ ਗਤਿ ਇਨਹਿ ਨ ਪਾਈ॥** (654)

**ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ॥** (1123)

**ਡੰਡਾ ਮੁੰਦ੍ਰਾ ਖਿੰਥਾ ਆਧਾਰੀ॥ ਭ੍ਰਮ ਕੈ ਭਾਇ ਭਵੈ ਭੇਖਧਾਰੀ॥** (856)

ਧਰਮ ਦੇ ਭੇਖ ਪ੍ਰਤੀ ਉਨ੍ਹਾਂ ਦੀਆਂ ਇਨ੍ਹਾਂ ਦਲੀਲਾਂ ਨੂੰ ਅਸੀਂ ਚਾਹੀਏ ਤਾਂ ਵਰਤਮਾਨ ਵਿਚ ਸਿੱਖੀ ਦੇ ਭੇਖ ਅਤੇ ਸੰਸਥਾਵਾਂ ਤੱਕ ਵਧਾ ਕੇ ਸੁਣ ਅਤੇ ਸਮਝ ਸਕਦੇ ਹਾਂ-

**ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ॥**
**ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ॥** (1365)

**ਸੀਲੁ ਧਰਮੁ ਜਪੁ ਭਗਤਿ ਨ ਕੀਨੀ ਹਉ ਅਭਿਮਾਨ ਟੇਢ ਪਗਰੀ॥** (856)

**ਗਿਆਨੀ ਧਿਆਨੀ ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ॥**
**ਕਹਿ ਕਬੀਰ ਇਕ ਰਾਮ ਨਾਮ ਬਿਨੁ ਇਆ ਜਗੁ ਮਾਇਆ ਅੰਧਾ॥** (338)

ਜੇ ਕਬੀਰ ਸਾਹਿਬ ਦੂਸਰਿਆਂ ਦੀ ਖੁੱਲ੍ਹ ਕੇ ਆਲੋਚਨਾ ਕਰਦੇ ਹਨ ਤਾਂ ਆਪ ਵੀ ਆਪਣੇ ਵਿਚਾਰਾਂ ਅੰਦਰ ਬੰਦ ਹੋ ਕੇ ਸੁੰਗੜ ਕੇ ਨਹੀਂ ਬੈਠੇ। ਉਹ ਆਪਣੀ ਆਲੋਚਨਾ ਲਈ ਵੀ ਦੂਸਰਿਆਂ ਨੂੰ ਰੜੇ ਮੈਦਾਨ ਸੱਦਾ ਦਿੰਦੇ ਹਨ-

*Original with;*
Jaswant Singh Zafar
*Digitized by;*
Panjab Digital Library

**ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ॥**
**ਨਿੰਦਾ ਜਨ ਕਉ ਖਰੀ ਪਿਆਰੀ॥** (339, ਕਬੀਰ ਜੀ)

ਉਨ੍ਹਾਂ ਦੇ ਅਜੇਹੇ ਵਿਚਾਰਧਾਰਾਈ ਪੈਂਤੜੇ ਕਾਰਨ ਉਨ੍ਹਾਂ ਦੇ ਪ੍ਰਸ਼ੰਸਕ ਅਤੇ ਪੈਰੋਕਾਰ ਘੱਟ ਪਰ ਵਿਰੋਧੀ ਅਤੇ ਦੁਸ਼ਮਣ ਜ਼ਿਆਦਾ ਬਣੇ। ਨਿਰਾਰਥਕ ਮਨੌਤਾਂ ਤੇ ਜਦ ਉਨ੍ਹਾਂ ਸਿੱਧਾ ਹਮਲਾ ਕੀਤਾ ਤਾਂ ਬਹੁਤ ਸਾਰੇ ਲੋਕਾਂ ਦਾ ਉਨ੍ਹਾਂ ਦੇ ਵਿਰੁੱਧ ਹੋਣਾ ਨਿਸਚਤ ਅਤੇ ਸੁਭਾਵਕ ਸੀ। ਪਰ ਕਬੀਰ ਨੂੰ ਇਸ ਗੱਲ ਦੀ ਪ੍ਰਵਾਹ ਕਿੱਥੇ। ਉਨ੍ਹਾਂ ਵਿਚ ਇਕੱਲਿਆਂ ਖੜ੍ਹਨ ਦੀ ਜੁਰਅਤ ਸੀ, ਆਤਮ ਵਿਸ਼ਵਾਸ ਸੀ। ਉਨ੍ਹਾਂ ਨੂੰ ਅਜਿਹਾ ਕੋਈ ਲਾਲਚ ਨਹੀਂ ਸੀ ਕਿ ਲੋਕ ਉਨ੍ਹਾਂ ਦੀ ਮਹਿਮਾ ਜਾਂ ਉਪਮਾ ਹੀ ਕਰਨ। ਉਨ੍ਹਾਂ ਨੂੰ ਝੂਠੀ ਨਿਮਰਤਾ ਦੇ ਨਾਟਕ ਦੀ ਵੀ ਲੋੜ ਨਾ ਸੀ-

**ਜਬ ਹਮ ਏਕੋ ਏਕੁ ਕਰਿ ਜਾਨਿਆ॥ ਤਬ ਲੋਗਹ ਕਾਹੇ ਦੁਖੁ ਮਾਨਿਆ॥**
**ਹਮ ਅਪਤਹ ਅਪੁਨੀ ਪਤਿ ਖੋਈ॥ ਹਮਰੈ ਖੋਜਿ ਪਰਹੁ ਮਤਿ ਕੋਈ॥**
**ਹਮ ਮੰਦੇ ਮੰਦੇ ਮਨ ਮਾਹੀ॥ ਸਾਝ ਪਾਤਿ ਕਾਹੂ ਸਿਉ ਨਾਹੀ॥**
**ਪਤਿ ਅਪਤਿ ਤਾ ਕੀ ਨਹੀ ਲਾਜ॥ ਤਬ ਜਾਨਹੁਗੇ ਜਬ ਉਘਰੈਗੋ ਪਾਜ॥** (324)

ਸੋਭਾ ਜਾਂ ਪਰਸੰਸਾ ਦੀ ਥਾਂ ਸੰਵਾਦ ਕਬੀਰ ਸਾਹਿਬ ਦੀ ਵੱਡੀ ਲੋੜ ਸੀ। ਕਿਉਂਕਿ ਸੰਵਾਦ ਤੋਂ ਬਗੈਰ ਧਾਰਮਿਕ ਮਨੌਤਾਂ ਦਾ ਵਿਸਥਾਪਨ ਅਤੇ ਵਿਸਥਾਪਨ ਤੋਂ ਬਗੈਰ ਧਰਮ ਦਾ ਵਿਕਾਸ ਸੰਭਵ ਨਹੀਂ। ਉਹ ਧਰਮ ਦੀ ਖੜ੍ਹੋਤ ਨਹੀਂ ਵਿਕਾਸ ਚਾਹੁੰਦੇ ਸਨ। ਇਸ ਵਿਕਾਸ ਨੂੰ ਏਕਤਾ, ਇਕਸੁਰਤਾ, ਬਰਾਬਰੀ ਅਤੇ ਆਜ਼ਾਦੀ ਦੀ ਦਿਸ਼ਾ ਵਿਚ ਪਰਵਾਹਿਤ ਕਰਨ ਦੇ ਜਜ਼ਬੇ ਨਾਲ ਭਰਪੂਰ ਸਨ-

**ਸਾਚੁ ਕਤੇਬ ਬਖਾਨੈ ਅਲਹੁ ਨਾਰਿ ਪੁਰਖੁ ਨਹੀ ਕੋਈ॥**
**ਪਢੇ ਗੁਨੇ ਨਾਹੀ ਕਛੁ ਬਉਰੇ ਜਉ ਦਿਲ ਮਹਿ ਖਬਰਿ ਨ ਹੋਈ॥**
**ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ॥**
**ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ॥** (483)

ਇਕੱਲੇ ਮਨੁੱਖਾਂ ਦੀ ਏਕਤਾ, ਇਕਸੁਰਤਾ, ਬਰਾਬਰੀ ਅਤੇ ਆਜ਼ਾਦੀ ਦੀ ਗੱਲ ਨਹੀਂ ਸਗੋਂ ਸਮੂਹ ਜੀਵਾਂ ਦੇ ਜੀਵਨ ਅਧਿਕਾਰਾਂ ਲਈ ਕਬੀਰ ਜੀ ਆਵਾਜ਼ ਉਠਾਉਂਦੇ ਹਨ-

**ਸਰਜੀਉ ਕਾਟਹਿ ਨਿਰਜੀਉ ਪੂਜਹਿ ਅੰਤ ਕਾਲ ਕਉ ਭਾਰੀ॥** (332, ਕਬੀਰ ਜੀ)

**ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ ॥**
**ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ ਮਾਰੈ॥** (483, ਕਬੀਰ ਜੀ)

*Original with;*
Jaswant Singh Zafar
*Digitized by;*
Panjab Digital Library

**ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ॥**

(1350, ਕਬੀਰ ਜੀ)

ਇਥੋਂ ਤੱਕ ਕਿ ਜੀਵਾਂ ਦਾ ਮਾਸ ਖਾਣ ਨੂੰ ਕਬੀਰ ਸਾਹਿਬ ਇਕ ਕੁਰਹਿਤ ਵਾਂਗ ਦਰਜ ਕਰਦੇ ਹਨ-

**ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥**
**ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥** (1377, ਕਬੀਰ ਜੀ)

ਕਬੀਰ ਹੋਣ ਦੇ ਮਹੱਤਵ ਦੀ ਸਿਰਫ਼ ਏਨੀ ਕਹਾਣੀ ਨਹੀਂ ਕਿ ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ ਜਾਂ ਉਨ੍ਹਾਂ ਦੀ ਬਾਣੀ ਬਾਕੀ ਭਗਤਾਂ ਨਾਲੋਂ ਵਧੇਰੇ ਮਾਤਰਾ ਅਤੇ ਪਹਿਲੇ ਨੰਬਰ ਤੇ ਦਰਜ ਹੈ, ਕਹਾਣੀ ਇਸ ਤੋਂ ਕਿਤੇ ਅੱਗੇ ਹੈ। ਅਸੀਂ ਅਕਸਰ ਗੁਰੂ ਅਰਜਨ ਦੇਵ ਜੀ ਦੀ ਸੰਪਾਦਕੀ ਖੁੱਲ੍ਹਦਿਲੀ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਵਿਸ਼ਾਲਤਾ ਦੀ ਵਡਿਆਈ ਇਸ ਤਰ੍ਹਾਂ ਕਰਦੇ ਹਾਂ ਕਿ ਉਸਦਾ ਅਚੇਤ ਅਤੇ ਅਸਿੱਧਾ ਭਾਵ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਕਬੀਰ ਸਾਹਿਬ ਸਮੇਤ ਸਮੂਹ ਭਗਤਾਂ ਦੀ ਬਾਣੀ ਗੁਰੂ ਗਰੰਥ ਸਾਹਿਬ ਵਿਚ ਗੈਸਟ ਆਈਟਮ ਵਾਂਗ ਸ਼ਾਮਿਲ ਹੋਣ। ਜਾਂ ਪੰਚਮ ਪਾਤਸ਼ਾਹ ਨੇ ਇਨ੍ਹਾਂ ਭਗਤਾਂ ਦੇ ਬੋਲਾਂ ਨੂੰ ਗੁਰ ਸ਼ਬਦ ਦੇ ਤੌਰ ਤੇ ਸ਼ਾਮਲ ਕਰਕੇ ਕੋਈ ਅਹਿਸਾਨ ਕੀਤਾ ਹੋਵੇ। ਜੇ ਅਸੀਂ ਅਜਿਹਾ ਨਾ ਸੋਚਦੇ ਹੁੰਦੇ ਤਾਂ ਅਸੀਂ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਕੇਵਲ ਦਸਾਂ ਪਾਤਸ਼ਾਹੀਆਂ ਦੀ ਜੋਤ ਨਾ ਕਹਿੰਦੇ ਹੁੰਦੇ। ਗੁਰਦੁਆਰਿਆਂ ਵਿਚ ਕਬੀਰ ਸਾਹਿਬ ਅਤੇ ਦੂਸਰੇ ਭਗਤਾਂ ਦੇ ਪੁਰਬ ਵੀ ਮਨਾਉਂਦੇ ਹੁੰਦੇ। ਕਬੀਰ ਸਾਹਿਬ ਅਤੇ ਗੁਰੂ ਸਾਹਿਬਾਨਾਂ ਨੇ ਧਰਮ ਦੇ ਖੇਤਰ ਵਿਚੋਂ ਸ਼ਰਧਾ, ਪੂਜਾ ਅਤੇ ਰਿਵਾਜਾਂ ਦਾ ਵਰਕਾ ਪਾੜ ਕੇ ਇਨ੍ਹਾਂ ਦੀ ਜਗ੍ਹਾ ਵਿਚਾਰ, ਪ੍ਰੇਰਨਾ ਅਤੇ ਅਮਲ ਨੂੰ ਸਥਾਪਤ ਕਰਨ ਦਾ ਯਤਨ ਕੀਤਾ। ਪਰ ਅਸੀਂ ਅਜਿਹਾ ਹੋਣ ਨਹੀਂ ਦੇ ਰਹੇ। ਅਸੀਂ ਉਨ੍ਹਾਂ ਦੇ ਵਿਚਾਰਾਂ ਤੋਂ ਪ੍ਰੇਰਨਾ ਲੈ ਕੇ ਚੰਗੇ ਅਮਲਾਂ ਦੇ ਧਾਰਨੀ ਬਣਨ ਦੀ ਬਜਾਏ ਉਨ੍ਹਾਂ ਦੀ ਸ਼ਰਧਾ ਨਾਲ ਪੂਜਾ ਕਰਨ ਦੇ ਰਿਵਾਜ਼ ਨੂੰ ਪਾਲ਼ ਕੇ ਹੀ ਗੁਜ਼ਰ ਬਸਰ ਕਰਨੀ ਚਾਹੁੰਦੇ ਹਾਂ। ਭਗਤਾਂ ਜਾਂ ਗੁਰੂਆਂ ਦੀ ਬਾਣੀ ਅਤੇ ਜੀਵਨ ਤੋਂ ਪ੍ਰੇਰਨਾ ਲੈ ਕੇ ਚੰਗੇਰਾ ਜੀਵਨ ਜਿਉਣ ਜਾਂ ਚੰਗੇਰੇ ਕੰਮ ਕਰਨ ਵਾਲਿਆਂ ਵਿਚ ਤਾਂ ਕੋਈ ਵਖਰੇਵਾਂ ਨਹੀਂ ਹੋ ਸਕਦਾ। ਪਰ ਭਗਤਾਂ ਅਤੇ ਗੁਰੂਆਂ ਦੇ ਸ਼ਰਧਾਲੂਆਂ ਦੀ ਸਥਿਤੀ ਵੱਖੋ ਵੱਖਰੀ ਹੈ। ਇਹੀ ਕਾਰਨ ਹੈ ਕਿ ਜਦ ਕਬੀਰ ਦੇ ਸ਼ਰਧਾਲੂ ਉਨ੍ਹਾਂ ਨੂੰ ਸਤਿਗੁਰੂ ਕਬੀਰ ਕਹਿੰਦੇ ਹਨ ਜਾਂ ਰਵਿਦਾਸ ਦੇ ਸ਼ਰਧਾਲੂ ਉਨ੍ਹਾਂ ਨੂੰ ਗੁਰੂ ਰਵਿਦਾਸ ਕਹਿੰਦੇ ਹਨ ਤਾਂ ਸਾਨੂੰ ਨਾਨਕ ਦੇ ਸ਼ਰਧਾਲੂਆਂ ਨੂੰ ਇਕ ਅਣਦਿਸਦੀ ਤਕਲੀਫ਼ ਜ਼ਰੂਰ ਹੁੰਦੀ ਹੈ। ਪਰ ਜੇ ਅਸੀਂ ਗੁਰੂ ਗਰੰਥ ਸਾਹਿਬ ਵਿਚ ਦਰਜ ਸਾਰੀ ਬਾਣੀ ਨੂੰ ਸੱਚੀ ਬਾਣੀ ਮੰਨਦੇ ਹਾਂ ਜਾਂ ਕਹਿ ਲਓ ਕਿ ਭਗਤਾਂ ਦੀ ਬਾਣੀ ਨੂੰ ਵੀ ਕੱਚੀ ਬਾਣੀ ਨਹੀਂ ਮੰਨਦੇ ਤਾਂ ਗੁਰੂ ਅਮਰਦਾਸ ਜੀ ਮੁਤਾਬਕ ਇਹ ਸਾਰੇ ਬਾਣੀਕਾਰ ਸਤਿਗੁਰੂ ਹਨ-

*Original with;*
Jaswant Singh Zafar
*Digitized by;*
Panjab Digital Library

**ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥** (920, ਮ: 3)

ਮੁੱਕਦੀ ਗੱਲ, ਜੇ ਗੁਰੂ ਸਾਹਿਬਾਨਾਂ ਦੀ ਬਾਣੀ ਗੁਰੂ ਹੈ ਤਾਂ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਪੈਦਾ ਹੋਏ ਕਬੀਰ ਸਾਹਿਬ ਅਤੇ ਦੂਸਰੇ ਭਗਤਾਂ ਦੀ ਬਾਣੀ ਆਦਿ ਗੁਰੂ ਹੈ। ਭਗਤਾਂ ਦੀ ਬਾਣੀ ਇਕ ਤਰ੍ਹਾਂ ਨਾਲ ਸਿੱਖ ਵਿਚਾਰਧਾਰਾ ਦੀਆਂ ਦੂਰ ਤੱਕ ਫੈਲੀਆਂ, ਗਹਿਰੀਆਂ, ਬਹੁਤ ਗਹਿਰੀਆਂ ਜੜ੍ਹਾਂ ਹਨ। ਜਾਂਦੇ ਜਾਂਦੇ ਕਬੀਰ ਸਾਹਿਬ ਦਾ ਇਕ ਸ਼ਬਦ ਅਤੇ ਬੁੱਲੇ ਸ਼ਾਹ ਦੀ ਸਮਝੀ ਜਾਂਦੀ ਅਤੇ ਲੋਕ ਗੀਤ ਵਾਂਗ ਪ੍ਰਚੱਲਤ ਸੁਲਤਾਨ ਬਾਹੂ ਦੀ ਇਕ ਰਚਨਾ ਪੜ੍ਹਦੇ ਹਾਂ ਜਿਨ੍ਹਾਂ ਤੋਂ ਇਹ ਅਨੁਮਾਨ ਜੋ ਜਾਂਦਾ ਹੈ ਕਿ ਕਬੀਰ ਸਾਹਿਬ ਦੀ ਰਚਨਾ ਸੂਫ਼ੀ ਕਾਵਿ ਅਤੇ ਲੋਕ ਕਾਵਿ 'ਤੇ ਕਿਸ ਕਦਰ ਅਸਰ ਅੰਦਾਜ਼ ਹੋਈ-

**ਨਗਨ ਫਿਰਤ ਜੌ ਪਾਈਐ ਜੋਗੁ ॥**
**ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥**
**ਕਿਆ ਨਾਗੇ ਕਿਆ ਬਾਧੇ ਚਾਮ॥**
**ਜਬ ਨਹੀ ਚੀਨਸਿ ਆਤਮ ਰਾਮ ॥**
**ਮੂਡ ਮੁੰਡਾਏ ਜੌ ਸਿਧਿ ਪਾਈ ॥**
**ਮੁਕਤੀ ਭੇਡ ਨ ਗਈਆ ਕਾਈ ॥**
**ਬਿੰਦੁ ਰਾਖਿ ਜੌ ਤਰੀਐ ਭਾਈ ॥**
**ਖੁਸਰੈ ਕਿਉ ਨ ਪਰਮ ਗਤਿ ਪਾਈ ॥**
**ਕਹੁ ਕਬੀਰ ਸੁਨਹੁ ਨਰ ਭਾਈ ॥**
**ਰਾਮ ਨਾਮ ਬਿਨੁ ਕਿਨਿ ਗਤਿ ਪਾਈ ॥**
(324, ਕਬੀਰ ਜੀ)

**ਜੇ ਰੱਬ ਨ੍ਹਾਤਿਆਂ ਧੋਤਿਆਂ ਮਿਲਦਾ**
**ਮਿਲਦਾ ਡੱਡੂਆਂ ਮੱਛੀਆਂ ਹੂ।**
**ਜੇ ਰੱਬ ਮੋਨ ਮੁੰਨਾਇਆਂ ਮਿਲਦਾ**
**ਮਿਲਦਾ ਭੇਡਾਂ ਸੱਸੀਆਂ ਹੂ।**
**ਜੇ ਰੱਬ ਰਾਤੀਂ ਜਾਗਿਆਂ ਮਿਲਦਾ**
**ਮਿਲਦਾ ਕਾਲ ਕੜੱਛੀਆਂ ਹੂ।**
**ਜੇ ਰੱਬ ਜਤੀਆਂ ਸਤੀਆਂ ਮਿਲਦਾ**
**ਮਿਲਦਾ ਡਾਡਾਂ ਖੱਸੀਆਂ ਹੂ।**
**ਰੱਬ ਉਨ੍ਹਾਂ ਨੂੰ ਮਿਲਦਾ ਬਾਹੂ**
**ਨੀਤਾਂ ਜਿਨ੍ਹਾਂ ਦੀਆਂ ਅੱਛੀਆਂ ਹੂ।**
(ਸੁਲਤਾਨ ਬਾਹੂ)

*Original with;*
Jaswant Singh Zafar
*Digitized by;*
Panjab Digital Library

# ਗੁਰੂ ਨਾਨਕ ਬੁੱਢੇ ਨਹੀਂ ਸਨ

ਘਰਾਂ ਵਿਚ ਬੁੱਢਿਆਂ ਦੀ ਵੁੱਕਤ ਨਹੀਂ ਹੁੰਦੀ। ਆਮ ਤੌਰ ਤੇ ਇਹ ਘਰਾਂ ਦੀਆਂ ਨੁੱਕਰਾਂ ਵਿਚ ਪਏ ਹੁੰਦੇ ਹਨ। ਵਡੇਰੀ ਉਮਰ ਕਾਰਨ ਉਨ੍ਹਾਂ ਦਾ ਸਤਿਕਾਰ ਤਾਂ ਹੋ ਸਕਦਾ ਹੈ ਪਰ ਉਨ੍ਹਾਂ ਦੀਆਂ ਗੱਲਾਂ ਨੂੰ ਸਮੇਂ ਦੇ ਹਾਣ ਦੀਆਂ ਨਹੀਂ ਸਮਝਿਆ ਜਾਂਦਾ। ਉਨ੍ਹਾਂ ਦੇ ਵਿਚਾਰਾਂ ਜਾਂ ਸਿਧਾਤਾਂ ਦੀ ਕੋਈ ਅਹਿਮੀਅਤ ਨਹੀਂ ਮੰਨੀ ਜਾਂਦੀ। ਉਨ੍ਹਾਂ ਦੀ ਅਸੀਸ ਅਤੇ ਆਸ਼ੀਰਵਾਦ ਤਾਂ ਸੁਹਾਵਣੇ ਲੱਗਦੇ ਹਨ, ਪਰ ਕਾਰ-ਵਿਹਾਰ ਵਿਚ ਉਨ੍ਹਾਂ ਦਾ ਦਖ਼ਲ ਚੁੱਭਦਾ ਹੈ। ਉਨ੍ਹਾਂ ਦਾ ਨਾਮ ਪਰਿਵਾਰ ਦੀ ਪਛਾਣ ਲਈ ਵਰਤਿਆ ਜਾਂਦਾ ਹੈ ਪਰ ਉਨ੍ਹਾਂ ਦੀ ਹਸਤੀ ਪਰਿਵਾਰ ਦੀ ਸਮੁੱਚੀ ਸਰਗਰਮੀ ਦਾ ਕੇਂਦਰੀ ਧੁਰਾ ਨਹੀਂ ਹੁੰਦੀ। ਪਰਿਵਾਰਾਂ ਦੇ ਮੈਂਬਰ ਆਪਣੇ ਬਜ਼ੁਰਗਾਂ ਦੇ ਵਾਰਿਸ ਹੋਣ ਤੇ ਗੌਰਵ ਤਾਂ ਕਰਦੇ ਹਨ ਪ੍ਰੰਤੂ ਉਨ੍ਹਾਂ ਦੇ ਅਸੂਲਾਂ ਦੇ ਧਾਰਨੀ ਹੋਣ ਦਾ ਸਿਦਕ ਘੱਟ ਹੀ ਪਾਲਦੇ ਹਨ। ਇਸ ਵਿਚ ਕਿਸੇ ਦਾ ਕਸੂਰ ਨਹੀਂ, ਸਗੋਂ ਇਹ ਤਾਂ ਬੁਢਾਪੇ ਨਾਲ ਜੁੜਿਆ ਅੱਜ ਕੱਲ੍ਹ ਦਾ ਸੁਭਾਵਿਕ ਸੱਚ ਹੈ। ਗੁਰੂ ਨਾਨਕ ਵਲੋਂ ਮਨੁੱਖਾਂ ਲਈ ਨਿਰਧਾਰਤ ਕੀਤੇ ਗਏ ਆਚਾਰ ਵਿਹਾਰ ਦੇ ਸਿਧਾਂਤਾਂ ਪ੍ਰਤੀ ਸਾਡੇ ਰਵੱਈਏ ਕਾਰਨ ਇਹ ਲਾਜ਼ਮੀ ਹੋ ਗਿਆ ਕਿ ਗੁਰੂ ਨਾਨਕ ਨੂੰ ਇਕ ਬਿਰਧ ਬਾਬੇ ਵਾਂਗ ਹੀ ਚਿਤਵਿਆ ਜਾਏ। ਜਿਸ ਦੀ ਸ਼ਰਧਾ ਸਹਿਤ ਪੂਜਾ ਕਰ ਸਕਦੇ ਹੋਈਏ, ਧੂਫ਼ ਬੱਤੀ ਕਰ ਸਕਦੇ ਹੋਈਏ, ਮੱਥੇ ਟੇਕ ਸਕਦੇ ਹੋਈਏ ਪਰੰਤੂ ਆਖੇ ਨਾ ਲੱਗ ਸਕਦੇ ਹੋਈਏ, ਉਸ ਨੂੰ ਬਿਰਧ ਰੂਪ ਵਿਚ ਚਿਤਵਣ ਨਾਲ ਮਾਨਸਿਕ ਸਹੂਲਤ ਰਹਿੰਦੀ ਹੈ। ਆਪਣੇ ਜੀਵਨ ਨੂੰ ਗੁਰੂ ਦੇ ਉਪਦੇਸ਼ ਅਨੁਸਾਰ ਢਾਲਣ ਦੀ ਬਜਾਏ ਅਸੀਂ ਗੁਰੂ ਦੀ ਦਿੱਖ ਨੂੰ ਆਪਣੀ ਮਾਨਸਿਕਤਾ ਦੇ ਅਨੁਸਾਰ ਚਿਤਰ ਲਿਆ।

ਗੁਰੂ ਨਾਨਕ ਸਾਹਿਬ 1469 ਈ. ਤੋਂ ਲੈ ਕੇ 1539 ਈ. ਤੱਕ ਸੰਸਾਰ ਵਿੱਚ ਸਰੀਰਕ ਤੌਰ ਤੇ ਵਿਚਰੇ ਹਨ। ਉਨ੍ਹਾਂ ਦੀ ਕੁਲ ਆਯੂ 69 ਤੋਂ 70 ਸਾਲ ਦੇ ਦਰਮਿਆਨ ਹੋਈ ਹੈ। ਇਸ ਦੇ ਬਾਵਜੂਦ ਘਰ ਘਰ ਲੱਗੀਆਂ ਤਸਵੀਰਾਂ ਵਿਚ ਉਨ੍ਹਾਂ ਦੀ ਉਮਰ 80 ਸਾਲ ਜਾਂ ਇਸ ਤੋਂ ਵੱਧ ਜਾਪਦੀ ਹੈ। ਇਹ ਗੱਲ ਇਕੱਲੀ ਪੋਰਟਰੇਟ ਚਿਤਰਾਂ ਦੀ ਹੀ ਨਹੀਂ ਸਗੋਂ ਉਨ੍ਹਾਂ ਦੇ ਜੀਵਨ ਨਾਲ ਸਬੰਧਤ ਘਟਨਾਵਾਂ (ਸਾਖੀਆਂ) ਨੂੰ ਦਰਸਾਉਂਦੇ ਚਿਤਰਾਂ ਵਿਚ ਵੀ ਇਸੇ ਤਰ੍ਹਾਂ ਹੈ। ਛਪੀ ਹੋਈ ਇਕ ਅਜਿਹੀ ਤਸਵੀਰ ਵੀ ਦੇਖੀ ਹੈ ਜਿਸ ਵਿਚ ਬਜ਼ੁਰਗ ਗੁਰੂ ਨਾਨਕ ਵੇਂਈ ਨਦੀ ਵਿਚ ਚੁੱਭੀ

*Original with;*
Jaswant Singh Zafar
*Digitized by;*
Panjab Digital Library

ਮਾਰਨ ਮਗਰੋਂ ਨਦੀ ਵਿਚ ਖੜ੍ਹੇ ਮੂਲ ਮੰਤਰ ਦਾ ਉਚਾਰਨ ਕਰਦੇ ਦਿਖਾਏ ਗਏ ਹਨ। ਇਹ ਕਿੰਨਾ ਵੱਡਾ ਜ਼ੁਲਮ ਤੇ ਬੇਅਦਬੀ ਹੈ, ਵੇਈਂ ਵਿਚ ਚੁੱਭੀ ਮਾਰਨ ਵਾਲੀ ਘਟਨਾ ਸਮੇਂ ਉਨ੍ਹਾਂ ਦੀ ਉਮਰ 18 ਤੋਂ 28 ਸਾਲ ਦੇ ਦਰਮਿਆਨ ਸੀ। ਅਜਿਹੇ ਚਿਤਰ ਉਨ੍ਹਾਂ ਅਸ਼ਲੀਲ ਫਿਲਮਾਂ ਜਾਂ ਗੀਤਾਂ ਦੇ ਵੀਡੀਓਜ਼ ਵਾਂਗ ਹਨ ਜਿਨ੍ਹਾਂ ਦੇ ਨਿਰਮਾਤਾ ਕਹਿੰਦੇ ਹਨ ਕਿ ਉਨ੍ਹਾਂ ਨੇ ਲੋਕਾਂ ਦੀ ਮੰਗ ਨੂੰ ਧਿਆਨ ਵਿਚ ਰੱਖਦੇ ਹੋਏ ਇਨ੍ਹਾਂ ਦਾ ਨਿਰਮਾਣ ਕੀਤਾ ਹੈ।

ਗੁਰੂ ਨਾਨਕ ਦੇਵ ਜੀ ਨੇ ਪਹਿਲੀ ਉਦਾਸੀ (ਲੰਮੀ ਯਾਤਰਾ) 28 ਸਾਲ ਦੀ ਉਮਰ ਵਿਚ 1497 ਈ. ਨੂੰ ਅਰੰਭ ਕੀਤੀ ਜੋ 40 ਸਾਲ ਦੀ ਉਮਰ ਵਿਚ 1509 ਈ. ਨੂੰ ਸਮਾਪਤ ਹੋਈ। ਇਸ ਉਦਾਸੀ ਦੌਰਾਨ ਆਪ ਨੇ ਹਿੰਦੂ ਧਰਮ ਦੇ ਪ੍ਰਮੁੱਖ ਧਾਰਮਿਕ ਅਸਥਾਨਾਂ 'ਤੇ ਉਚੇਚੇ ਪਹੁੰਚ ਕੇ ਨਿਰਾਰਥਕ ਰੀਤਾਂ, ਰਸਮਾਂ, ਮਨੌਤਾਂ, ਮਰਿਯਾਦਾਵਾਂ ਅਤੇ ਵਹਿਮਾਂ-ਭਰਮਾਂ ਦਾ ਖੰਡਨ ਕੀਤਾ। ਇਸ ਉਦਾਸੀ ਦੌਰਾਨ ਉਨ੍ਹਾਂ ਦੇ ਮੁੱਖ ਪੜਾਅ ਕੁਰੂਕਸ਼ੇਤਰ, ਹਰਿਦੁਆਰ, ਦਿੱਲੀ, ਮਥਰਾ, ਬਿੰਦਰਾਬਨ, ਅਯੁਧਿਆ, ਬਨਾਰਸ, ਗਯਾ, ਢਾਕਾ, ਪ੍ਰਯਾਰ, ਜਗਨ ਨਾਥ ਪੁਰੀ ਆਦਿ ਸਨ। ਕੁਰੂਕਸ਼ੇਤਰ ਵਿਖੇ ਵੈਸ਼ਨਵ ਪੰਡਤਾਂ ਦੁਆਰ ਮਾਸ ਖਾਣ ਸਬੰਧੀ ਛੇੜੀ ਚਰਚਾ ਦਾ ਉਤਰ ਦਿੰਦਿਆਂ ਆਪ ਨੇ ਕਿਹਾ:

**ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ।**
**ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ।**
**ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ।**
**ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ।**

ਇਸ ਉਪਰੰਤ ਪਿੱਤਰ ਪੂਜਾ ਲਈ ਪ੍ਰਸਿੱਧ ਤੀਰਥ ਹਰਿਦੁਆਰ ਵਿਖੇ ਪਹੁੰਚਕੇ ਆਪ ਨੇ ਪਿੱਤਰ ਪੂਜਾ ਸਬੰਧੀ ਪੰਡਿਆਂ ਦੁਆਰਾ ਫੈਲਾਏ ਭਰਮ ਜਾਲ ਪ੍ਰਤੀ ਵਿਅੰਗਾਤਮਕ ਅਤੇ ਪ੍ਰਭਾਵਸ਼ਾਲੀ ਟਿੱਪਣੀਆਂ ਕੀਤੀਆਂ:

**ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ।**
**ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ।**
**ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ।**
**ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ।**

ਇਸ ਸਥਾਨ ਨਾਲ ਜੁੜੀ ਸਾਖੀ ਹੈ ਕਿ ਗੁਰੂ ਜੀ ਨੇ ਲੋਕਾਂ ਦੇ ਚੜ੍ਹਦੇ ਵੱਲ ਨੂੰ ਮੂੰਹ ਕਰਕੇ ਪਿੱਤਰਾਂ ਤੱਕ ਪਾਣੀ ਪਹੁੰਚਾਉਣ ਦੀ ਪ੍ਰਕਿਰਿਆ ਦਾ ਮਜ਼ੌਲ ਉਡਾਉਂਦਿਆਂ ਲਹਿੰਦੇ ਵੱਲ ਪੰਜਾਬ ਵਿਚ ਆਪਣੇ ਖੇਤਾਂ ਨੂੰ ਪਾਣੀ ਪਹੁੰਚਾਉਣ ਦਾ ਨਾਟਕ ਕੀਤਾ। ਇਸ ਘਟਨਾ ਨੂੰ ਦਰਸਾਉਣ ਵਾਲੇ ਬਹੁਤੇ ਚਿਤਰਾਂ ਵਿਚ ਗੁਰੂ ਨਾਨਕ ਸਾਹਿਬ ਨੂੰ ਚਿੱਟੀ

*Original with;*
Jaswant Singh Zafar
*Digitized by;*
Panjab Digital Library

ਦਾੜ੍ਹੀ ਵਾਲੇ ਬਜ਼ੁਰਗ ਵਜੋਂ ਦਰਸਾਇਆ ਗਿਆ ਹੈ, ਜਦ ਕਿ ਉਸ ਸਮੇਂ ਉਨ੍ਹਾਂ ਦੀ ਉਮਰ 28-29 ਸਾਲ ਦੀ ਸੀ।

ਇਸ ਪਿੱਛੋਂ ਉਨ੍ਹਾਂ ਦੀ ਹਿੰਦੂ ਧਰਮ ਦੇ ਕਰਮ ਕਾਂਡਾਂ ਦੇ ਕੇਂਦਰੀ ਸਥਾਨ ਕਾਂਸ਼ੀ (ਬਨਾਰਸ) ਵਿਖੇ ਪੰਡਤ ਚਤੁਰ ਦਾਸ ਨਾਲ ਚਰਚਾ ਹੋਈ। ਚਤੁਰ ਦਾਸ ਨੇ ਕਿਹਾ - ਹੇ ਨਾਨਕ, ਤੇਰੇ ਪਾਸ ਸਾਲਗ੍ਰਾਮ ਨਹੀਂ, ਤੁਲਸੀ ਦੀ ਮਾਲਾ ਨਹੀਂ, ਸਿਮਰਣੀ ਨਹੀਂ, ਜਨੇਊ ਨਹੀਂ ਅਤੇ ਮੱਥੇ ਚੰਦਨ ਦਾ ਟਿੱਕਾ ਵੀ ਨਹੀਂ; ਕਿਵੇਂ ਮੰਨਿਆਂ ਜਾਏ ਕਿ ਤੂੰ ਰੱਬ ਦਾ ਭਗਤ ਹੈਂ? ਗੁਰੁ ਨਾਨਕ ਦੇ ਉਤਰ ਸਨ:

**ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ।**
**ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ।**
**ਕਾਇਆ ਬ੍ਰਹਮਾ ਮਨੁ ਹੈ ਧੋਤੀ। ਗਿਆਨੁ ਜਨੇਊ ਧਿਆਨੁ ਕੁਸਪਾਤੀ।**
**ਹਰਿ ਨਾਮਾ ਜਸੁ ਜਾਚਉ ਨਾਉ। ਗੁਰ ਪਰਸਾਦੀ ਬ੍ਰਹਮਿ ਸਮਾਉ।**
**ਪਾਂਡੇ ਐਸਾ ਬ੍ਰਹਮ ਬੀਚਾਰੁ। ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ।**

ਕਾਂਸ਼ੀ ਦੇ ਪੰਡਿਆਂ ਵਲੋਂ ਉਠਾਏ ਗਏ ਸਵਾਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਥੇ ਹੀ ਆਪ ਨੇ 'ਦੱਖਣੀ ਓਅੰਕਾਰ' ਨਾਂ ਦੀ ਲੰਮੀ ਬਾਣੀ ਦੀ ਰਚਨਾ ਕੀਤੀ। ਇਸ ਬਾਣੀ ਦੀਆਂ 54 ਪਉੜੀਆਂ ਹਨ।

ਗੁਰੂ ਜੀ ਬਨਾਰਸ ਤੋਂ ਗਯਾ ਪਹੁੰਚੇ। ਗਯਾ ਵਿਖੇ ਪੰਡਿਆਂ ਨੇ ਆਪ ਨੂੰ ਪਿਤਰਾਂ ਦੀ ਮੁਕਤੀ ਲਈ ਪਿੰਡ ਭਰਾਉਣ ਅਤੇ ਦੀਵੇ ਬਾਲਣ ਦੀ ਪ੍ਰੇਰਨਾ ਕੀਤੀ। ਆਪ ਨੇ ਪ੍ਰੇਮ ਅਤੇ ਦਲੀਲ ਨਾਲ ਇਸ ਵਹਿਮ ਦਾ ਖੰਡਨ ਕੀਤਾ:

**ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲ।**
**ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ।**
**ਲੋਕਾ ਮਤ ਕੋ ਫਕੜਿ ਪਾਇ।**
**ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ। ਰਹਾਉ।**
**ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ।**
**ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰ।**
**ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ।**
**ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ।**
**ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ।**
**ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ।**

ਬਿੰਦਰਾਬਨ, ਬਨਾਰਸ, ਅਤੇ ਗਯਾ ਦੇ ਅਸਥਾਨਾਂ 'ਤੇ ਪੰਡਿਆਂ ਨੂੰ ਧਰਮ ਦਾ ਸੱਚਾ ਮਾਰਗ ਸਮਝਾਉਣ ਵਾਲੇ ਗੁਰੂ ਨਾਨਕ ਕੋਈ ਬਿਰਧ ਬਾਬੇ ਨਹੀਂ ਸਗੋਂ 35

*Original with;*
Jaswant Singh Zafar
*Digitized by;*
Panjab Digital Library

ਸਾਲ ਤੋਂ ਘੱਟ ਉਮਰ ਦੇ ਗੱਭਰੂ ਸਨ ਜੋ ਗਯਾ ਤੋਂ ਬਾਅਦ ਢਾਕਾ, ਚਿਟਾਗਾਂਗ, ਆਸਾਮ ਤੇ ਬਰਮਾ ਵਲੋਂ ਚੱਕਰ ਕੱਢ ਕੇ ਜਗਨਨਾਥ ਪੁਰੀ ਪਹੁੰਚੇ। ਜਗਨਨਾਥ ਪੁਰੀ ਵਿਖੇ ਵਿਸ਼ਨੂੰ ਦੀ ਮੂਰਤੀ ਦੀ ਪੂਜਾ ਹੁੰਦੀ ਸੀ। ਪੁਜਾਰੀਆਂ ਨੇ ਮੂਰਤੀ ਨੂੰ ਚੌਰ ਕਰਦਿਆਂ ਸਾਹਮਣੇ ਥਾਲੀ ਵਿਚ ਦੀਵੇ ਬਾਲ ਕੇ, ਧੂਫ਼, ਪੁਸ਼ਪ ਆਦਿ ਸੁਗੰਧੀ ਵਾਲੀਆਂ ਵਸਤਾਂ ਸਹਿਤ ਆਰਤੀ ਉਤਾਰੀ। ਗੁਰੂ ਨਾਨਕ ਵਲੋਂ ਇਸ ਰਸਮ ਵਿਚ ਸ਼ਾਮਲ ਨਾ ਹੋਣ ਕਾਰਨ ਪੁਜਾਰੀਆਂ ਨੇ ਬਹੁਤ ਬੁਰਾ ਮਨਾਇਆ। ਉਸ ਸਮੇਂ ਆਪ ਨੇ ਸਰਬ ਵਿਆਪਕ ਈਸ਼ਵਰ ਦੀ ਸਮੁੱਚੀ ਕੁਦਰਤ ਰਾਹੀਂ ਲਗਾਤਾਰ ਹੋ ਰਹੀ ਵਿਸ਼ਾਲ ਬ੍ਰਹਿਮੰਡੀ ਆਰਤੀ ਦਾ ਕਾਵਿ - ਚਿਤਰ ਪੇਸ਼ ਕੀਤਾ:

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।**
**ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।**
**ਕੈਸੀ ਆਰਤੀ ਹੋਇ। ਭਵ ਖੰਡਨਾ ਤੇਰੀ ਆਰਤੀ। ਅਨਹਤਾ ਸਬਦ ਵਾਜੰਤ ਭੇਰੀ।ਰਹਾਉ।**
**ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ।**
**ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ।**
**ਸਭ ਮਹਿ ਜੋਤਿ ਜੋਤਿ ਹੈ ਸੋਇ। ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ।**
**ਗੁਰ ਸਾਖੀ ਜੋਤਿ ਪਰਗਟੁ ਹੋਇ। ਜੋ ਤਿਸੁ ਭਾਵੈ ਸੁ ਆਰਤੀ ਹੋਇ।**
**ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ।**
**ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ।**

ਇਸ ਘਟਨਾ ਸਮੇਂ ਗੁਰੂ ਜੀ ਦੀ ਉਮਰ ਲਗਪਗ 36-37 ਸਾਲ ਦੀ ਸੀ। ਪਰ ਇਸ ਘਟਨਾ ਨਾਲ ਸਬੰਧਤ ਬਹੁਤੇ ਚਿਤਰਾਂ ਵਿਚ ਉਨ੍ਹਾਂ ਨੂੰ ਬਿਰਧ ਰੂਪ ਵਿਚ ਦਰਸਾਇਆ ਗਿਆ ਹੈ।

ਦੂਸਰੀ ਉਦਾਸੀ 41 ਸਾਲ ਦੀ ਉਮਰ ਵਿਚ 1510 ਈ. ਨੂੰ ਆਰੰਭ ਅਤੇ 46 ਸਾਲ ਦੀ ਉਮਰ ਵਿਚ 1515 ਈ. ਨੂੰ ਸਮਾਪਤ ਹੋਈ। ਦੱਖਣ ਦਿਸ਼ਾ ਦੀ ਇਸ ਉਦਾਸੀ ਦੌਰਾਨ ਜਾਣ ਸਮੇਂ ਸਰਸਾ, ਬੀਕਾਨੇਰ, ਅਜਮੇਰ, ਇੰਦੌਰ, ਉਜੈਨ, ਬਿਦਰ, ਹੈਦਰਾਬਾਦ, ਮਦਰਾਸ, ਪਾਂਡੀਚਰੀ ਅਤੇ ਲੰਕਾ ਮੁੱਖ ਟਿਕਾਣੇ ਸਨ। ਵਾਪਸੀ ਸਮੇਂ ਸੋਮਨਾਥ, ਦੁਆਰਕਾ, ਕੱਛ, ਮਾਂਡਵੀ ਅਤੇ ਬਹਾਵਲਪੁਰ ਮੁੱਖ ਪੜਾਅ ਸਨ। ਇਹ ਉਦਾਸੀ ਜੈਨ ਅਤੇ ਬੁੱਧ ਧਰਮ ਦੇ ਅਸਥਾਨਾਂ ਦੀ ਉਦਾਸੀ ਕਰਕੇ ਜਾਣੀ ਜਾਂਦੀ ਹੈ। ਸਰੋਹੀ ਅਤੇ ਮਾਉਂਟਆਬੂ ਦੇ ਅਸਥਾਨਾਂ ਤੇ ਬਹੁਤ ਸਾਰੇ ਜੈਨੀ ਸਾਧੂ ਮੱਠਾਂ ਵਿਚ ਰਹਿੰਦੇ ਸਨ। ਇਥੇ ਅਨੁਭੀ ਨਾਂ ਦੇ ਜੈਨ ਮੁਖੀ ਨਾਲ ਆਪ ਦੀ ਚਰਚਾ ਹੋਈ। ਗੁਰੂ ਜੀ ਨੇ ਜੈਨ ਧਰਮ ਦੀਆਂ ਨਿਰਾਰਥਕ ਰਸਮਾਂ ਦਾ ਖੰਡਨ ਕੀਤਾ ਜੋ ਮਨੁੱਖ ਨੂੰ ਸੁਚੱਜੇ ਦੀ ਬਜਾਏ ਕੁਚੀਲ ਬਣਾਉਂਦੀਆਂ ਹਨ:

*Original with;*
Jaswant Singh Zafar
*Digitized by;*
Panjab Digital Library

**ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ।**
**ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ।**
**ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ।**
**ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ।**

ਬ੍ਰਾਹਮਣ ਮੱਤ ਦੇ ਦਬਦਬੇ ਕਾਰਨ ਬੁੱਧ ਧਰਮ ਭਾਰਤ ਵਿਚੋਂ ਨਿਕਲ ਕੇ ਚੀਨ, ਜਪਾਨ, ਬਰਮਾ ਅਤੇ ਲੰਕਾ ਵਿਚ ਫ਼ੈਲ ਚੁੱਕਾ ਸੀ। ਇਸ ਉਦਾਸੀ ਦੌਰਾਨ ਆਪ ਉਚੇਚੇ ਤੌਰ ਤੇ ਬੁੱਧ ਧਰਮ ਦੇ ਮੁੱਖ ਕੇਂਦਰ ਲੰਕਾ ਵਿਚ ਗਏ। ਬੁੱਧ ਧਰਮ ਸ਼ੁਭ ਕਰਮਾਂ ਤੇ ਜ਼ੋਰ ਦਿੰਦਾ ਹੈ। 'ਅਸ਼ਟਾਂਗ ਮਾਰਗ' ਭਾਵ ਅੱਠ ਵਿਸ਼ੇਸ਼ ਕਰਮਾਂ ਦਾ ਪਾਲਣ ਨਿਰਵਾਣ ਦੀ ਪ੍ਰਪਤੀ ਲਈ ਜ਼ਰੂਰੀ ਮੰਨਿਆਂ ਗਿਆ ਹੈ। ਪਰ ਬੋਧੀ ਲੋਕ ਈਸ਼ਵਰ ਦੀ ਹਸਤੀ ਅਤੇ ਹੋਂਦ ਤੋਂ ਇਨਕਾਰੀ ਹਨ। ਉਨ੍ਹਾਂ ਮੁਤਾਬਕ ਤੱਤਾਂ ਦੇ ਮਿਲਾਪ ਨਾਲ ਸ੍ਰਿਸ਼ਟੀ ਹੋਂਦ ਵਿਚ ਆਉਂਦੀ ਹੈ ਅਤੇ ਇਨ੍ਹਾਂ ਤੱਤਾਂ ਦੇ ਨਿਖੇੜ ਨਾਲ ਨਸ਼ਟ ਹੋ ਜਾਂਦੀ ਹੈ। ਪਰ ਗੁਰੂ ਸਾਹਿਬ ਨੇ ਬੋਧ-ਅਚਾਰੀਆਂ ਨਾਲ ਸੰਵਾਦ ਰਚਾਉਂਦਿਆਂ ਸਾਰੇ ਤੱਤਾਂ ਨੂੰ ਇਕ ਹੁਕਮ ਅਤੇ ਨੇਮ ਵਿਚ ਬੱਝੇ ਹੋਏ ਐਲਾਨਿਆਂ। ਤੱਤਾਂ ਦੀ ਇਸ ਅਧੀਨਤਾ ਦੇ ਅਧਾਰ 'ਤੇ ਉਨ੍ਹਾਂ 'ਨਿਰਭਉ ਪ੍ਰਭੂ' ਦੇ ਹੁਕਮ ਤਹਿਤ ਚੱਲਣ ਵਾਲੇ ਜੀਵਨ ਨੂੰ ਹੀ ਸਫ਼ਲ ਅਤੇ ਸੁੱਚਾ ਜੀਵਨ ਕਿਹਾ:

**ਭੈ ਵਿਚਿ ਪਵਣੁ ਵਹੈ ਸਦਵਾਉ। ਭੈ ਵਿਚਿ ਚਲਹਿ ਲਖ ਦਰੀਆਉ।**
**ਭੈ ਵਿਚਿ ਅਗਨਿ ਕਢੈ ਵੇਗਾਰਿ। ਭੈ ਵਿਚਿ ਧਰਤੀ ਦਬੀ ਭਾਰਿ।**
**ਭੈ ਵਿਚਿ ਇੰਦੁ ਫਿਰੈ ਸਿਰ ਭਾਰਿ। ਭੈ ਵਿਚਿ ਰਾਜਾ ਧਰਮ ਦੁਆਰੁ।**
**ਭੈ ਵਿਚਿ ਸੂਰਜੁ ਭੈ ਵਿਚਿ ਚੰਦੁ। ਕੋਹ ਕਰੋੜੀ ਚਲਤ ਨ ਅੰਤੁ।**
**ਭੈ ਵਿਚਿ ਸਿਧ ਬੁਧ ਸੁਰ ਨਾਥ। ਭੈ ਵਿਚਿ ਆਡਾਣੇ ਆਕਾਸ।**
**ਭੈ ਵਿਚਿ ਜੋਧ ਮਹਾਬਲ ਸੂਰ। ਭੈ ਵਿਚਿ ਆਵਹਿ ਜਾਵਹਿ ਪੂਰ।**
**ਸਗਲਿਆ ਭਉ ਲਿਖਿਆ ਸਿਰਿ ਲੇਖੁ। ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ।**

ਇਸ ਤਰ੍ਹਾਂ ਦੂਸਰੀ ਉਦਾਸੀ ਦੌਰਾਨ ਨੌਜਵਾਨ ਗੁਰੂ ਨਾਨਕ ਨੇ ਜੈਨੀ ਅਤੇ ਬੋਧੀ ਅਚਾਰੀਆਂ ਨਾਲ ਵਾਰਤਾਲਾਪ ਕਰਕੇ ਆਪਣੇ ਸਿਧਾਂਤ ਨੂੰ ਨਿਖੜਵੇਂ ਰੂਪ ਵਿਚ ਪੇਸ਼ ਕੀਤਾ।

ਤੀਸਰੀ ਉਦਾਸੀ ਦੌਰਾਨ ਆਪ ਨੇ ਉਤਰ ਦਿਸ਼ਾ ਵਿਚ ਜੰਮੂ, ਕਸ਼ਮੀਰ, ਗੜ੍ਹਵਾਲ, ਬਦਰੀਨਾਥ, ਤਿੱਬਤ, ਭੂਟਾਨ ਤੇ ਨੇਪਾਲ ਆਦਿ ਇਲਾਕੇ ਗਾਹੇ। ਉਤਰੀ ਭਾਰਤ ਵਿਚ ਉਸ ਸਮੇਂ ਜੋਗ ਮੱਤ ਦਾ ਜ਼ੋਰ ਸੀ। ਇਨ੍ਹਾਂ ਪਹਾੜੀ ਇਲਾਕਿਆਂ ਵਿਚ ਸਿੱਧਾਂ ਜੋਗੀਆਂ ਦੇ ਟਿਕਾਣੇ ਸਨ। ਜੋਗੀ ਸੁਰਤਿ ਨੂੰ ਤਾੜੇ ਲਾ ਕੇ ਅਨਹਦ ਸ਼ਬਦ ਸੁਣਨ ਲਈ ਮਦ (ਸ਼ਰਾਬ) ਪੀਂਦੇ ਸਨ। ਜਦ ਗੁਰੂ ਜੀ ਸੁਮੇਰ ਪਰਬਤ ਤੇ ਸਿੱਧਾਂ ਪਾਸ

*Original with;*
Jaswant Singh Zafar
*Digitized by;*
Panjab Digital Library

ਪਹੁੰਚੇ ਤਾਂ ਉਨ੍ਹਾਂ ਆਪ ਨੂੰ ਪੀਣ ਲਈ ਮਦ ਦਾ ਪਿਆਲਾ ਪੇਸ਼ ਕੀਤਾ। ਜਦ ਗੁਰੂ ਜੀ ਨੇ ਪੁੱਛਿਆ ਕਿ ਇਸ ਵਿਚ ਕੀ ਪਾਇਆ ਹੈ ਤਾਂ ਸਿੱਧਾਂ ਨੇ ਕਿਹਾ ਕਿ ਇਸ ਵਿਚ ਕੋਈ ਬੁਰੀ ਚੀਜ਼ ਨਹੀਂ ਸਗੋਂ ਗੁੜ ਅਤੇ ਧਾਵੈ ਦੇ ਫੁੱਲ ਹਨ। ਉਥੇ ਗੁਰੂ ਜੀ ਨੇ ਮਨੁੱਖੀ ਜੀਵਨ ਦੀ ਲੋਰ ਅਤੇ ਮਸਤੀ ਲਈ ਲੋੜੀਂਦੀ ਮਦ ਨੂੰ ਇਸ ਤਰ੍ਹਾਂ ਪਰਿਭਾਸ਼ਤ ਕੀਤਾ:

**ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ।**
**ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ।**
**ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ।**
**ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ। ਰਹਾਉ ।**
**ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ।**
**ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ।**
**ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ।**
**ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ।**
**ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ।**
**ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ।**

ਗੁਰੂ ਜੀ ਨੇ ਗੋਰਖ, ਚਰਪਟ, ਮਛੰਦਰ ਅਤੇ ਲੋਹਾਰੀਪਾ ਆਦਿ ਸਿੱਧਾਂ ਨਾਲ ਹੋਈ ਵਾਰਤਾਲਾਪ ਦੇ ਅਧਾਰਤ 'ਸਿਧ ਗੋਸ਼ਟਿ' ਦੀ ਰਚਨਾ ਕੀਤੀ। ਬੁੱਧੀ ਅਤੇ ਜੁਗਤੀ ਦੀ ਪ੍ਰਧਾਨਤਾ ਵਾਲੀ ਇਸ ਲੰਮੀ ਅਤੇ ਦਾਰਸ਼ਨਿਕ ਕਾਵਿ ਰਚਨਾ ਦੇ 73 ਬੰਦ ਹਨ। ਜੋਗ ਮੱਤ ਨੂੰ ਪ੍ਰਚਾਰਨ ਅਤੇ ਪ੍ਰਸਾਰਨ ਵਾਲੇ ਇਨ੍ਹਾਂ ਘਾਗ ਦਿਮਾਗਾਂ ਨਾਲ ਸੰਵਾਦ ਰਚਾਉਣ ਵਾਲਾ ਗੁਰੂ ਨਾਨਕ ਕੋਈ ਬਿਰਧ ਬਾਬਾ ਨਹੀਂ ਸੀ। ਉਸ ਸਮੇਂ ਉਨ੍ਹਾਂ ਦੀ ਉਮਰ ਕੇਵਲ 47 ਸਾਲ ਦੇ ਆਸ ਪਾਸ ਸੀ। ਕਾਵਿ- ਪੁਸਤਕ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਛਾਪਣ ਸਮੇਂ ਮੇਰੀ ਇਹ ਰੀਝ ਸੀ ਕਿ ਇਸ ਦੀ ਜਿਲਦ ਤੇ ਸਿੱਧਾਂ ਨਾਲ ਵਾਰਤਾਲਾਪ ਕਰਦੇ ਗੁਰੂ ਨਾਨਕ ਦਾ ਕਿਸੇ ਪ੍ਰਸਿਧ ਪੰਜਾਬੀ ਜਾਂ ਸਿੱਖ ਚਿਤਰਕਾਰ ਦੁਆਰਾ ਬਣਾਇਆ ਹੋਇਆ ਚਿਤਰ ਛਾਪਿਆ ਜਾਏ। ਪਰ ਵਾਹ ਜਹਾਨ ਦੀ ਲਾ ਛੱਡੀ, ਸਿੱਧ ਗੋਸ਼ਟ ਨੂੰ ਦਰਸਾਉਂਦੀ ਅਜਿਹੀ ਕੋਈ ਤਸਵੀਰ ਨਹੀਂ ਮਿਲੀ ਜਿਸ ਵਿਚ ਗੁਰੂ ਨਾਨਕ ਦੀ ਉਮਰ 47 ਸਾਲ ਦੇ ਆਸ ਪਾਸ ਹੋਵੇ। ਸਾਡੇ ਚਿਤਰਕਾਰਾਂ ਨੇ ਸੁਮੇਰ ਪਰਬਤ 'ਤੇ ਭ੍ਰਮਣ ਕਰਦੇ ਜਾਂ ਸਿੱਧਾਂ ਨਾਲ ਚਰਚਾ ਕਰਦੇ ਗੁਰੂ ਨਾਨਕ ਨੂੰ ਬਿਰਧ ਬਾਬੇ ਦੇ ਰੂਪ ਵਿਚ ਹੀ ਚਿਤਰਿਆ ਹੈ।

ਚੌਥੀ ਉਦਾਸੀ ਦੌਰਾਨ ਗੁਰੂ ਨਾਨਕ ਦੇਵ ਜੀ ਪੱਛਮ ਦਿਸ਼ਾ ਵਿਚ ਸਥਿਤ ਇਸਲਾਮ ਦੇ ਕੇਂਦਰੀ ਅਸਥਾਨਾਂ ਤੇ ਗਏ। ਮੁਸਲਮਾਨੀ ਵੇਸ ਧਾਰਨ ਕਰਕੇ ਕੇ ਕਰਤਾਰਪੁਰ ਤੋਂ ਸਿੰਧ ਦੇ ਰਸਤੇ ਹੁੰਦੇ ਹੋਏ ਹਾਜੀਆਂ ਨਾਲ ਮੱਕੇ ਪਹੁੰਚੇ। ਹਾਜੀਆਂ ਅਤੇ ਮੱਕੇ ਦੇ ਮੌਲਵੀਆਂ ਨੇ ਪਛਾਣ ਕਰ ਲਈ ਕਿ ਆਪ ਮੁਸਲਮਾਨ ਨਹੀਂ ਹਨ।

*Original with;*
Jaswant Singh Zafar
*Digitized by;*
Panjab Digital Library

ਉਨ੍ਹਾਂ ਗੁਰੂ ਸਾਹਿਬ ਤੋਂ ਪੁੱਛਿਆ ਕਿ ਹਿੰਦੂ ਧਰਮ ਅਤੇ ਇਸਲਾਮ ਵਿਚੋਂ ਕਿਸ ਨੂੰ ਉੱਤਮ ਮੰਨਦੇ ਹੋ, ਤਦ:

**ਬਾਬਾ ਆਖੇ ਹਾਜੀਆਂ ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ।**
**ਹਿੰਦੂ ਮੁਸਲਮਾਨ ਦੋਇ ਦਰਗਹਿ ਅੰਦਰ ਲੈਨ ਨਾ ਢੋਈ।**

ਇਸ ਉਦਾਸੀ ਦੌਰਾਨ ਆਪ ਨੇ ਇਸਲਾਮੀ ਚਿੰਨ੍ਹਾਂ, ਪ੍ਰਤੀਕਾਂ, ਸੰਕੇਤਾਂ ਅਤੇ ਮੁਹਾਵਰੇ ਵਾਲੀ ਬਾਣੀ ਦੀ ਰਚਨਾ ਕੀਤੀ ਅਤੇ ਸੁਚੱਜੇ ਅਮਲਾਂ ਵਾਲੇ ਜੀਵਨ ਦੀ ਪ੍ਰੇਰਨਾ ਕੀਤੀ। ਮਿਸਾਲ ਦੇ ਤੌਰ ਤੇ:

**ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ।**
**ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ।**
**ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ।**
**ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ। ਰਹਾਉ।**
**ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ।**
**ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ।**
**ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ।**
**ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ।**
**ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ।**
**ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ।**

ਮੱਕੇ ਤੇ ਮਦੀਨੇ ਜਾਣ ਸਮੇਂ ਗੁਰੂ ਸਾਹਿਬ ਦੀ ਉਮਰ 48-49 ਸਾਲ ਦੀ ਸੀ। ਪਰ ਮੱਕੇ ਨਾਲ ਸਬੰਧਤ ਚਿਤਰਾਂ ਵਿਚ ਉਨ੍ਹਾਂ ਨੂੰ ਏਨੀ ਘੱਟ ਉਮਰ ਦੇ ਨਹੀਂ ਸਗੋਂ ਬਿਰਧ ਬਾਬੇ ਦੇ ਰੂਪ ਵਿਚ ਹੀ ਦਿਖਾਇਆ ਜਾਂਦਾ ਹੈ।

ਮੱਕੇ ਤੇ ਮਦੀਨੇ ਤੋਂ ਮਗਰੋਂ ਆਪ ਬਗਦਾਦ, ਤੁਰਕੀ, ਇਰਾਨ ਅਤੇ ਅਫਗਾਨਿਸਤਾਨ ਤੋਂ ਹੁੰਦੇ ਹੋਏ ਹਸਨ ਅਬਦਾਲ ਰਾਹੀਂ 1521 ਵਿਚ ਕਰਤਾਰਪੁਰ ਪਰਤੇ। ਹਸਨ ਅਬਦਾਲ ਵਿਖੇ ਅੱਜ ਕੱਲ੍ਹ ਗੁਰਦੁਆਰਾ ਪੰਜਾ ਸਾਹਿਬ ਹੈ, ਜਿਸ ਨਾਲ ਵਲੀ ਕੰਧਾਰੀ ਵਾਲੀ ਸਾਖੀ ਜੁੜੀ ਹੋਈ ਹੈ। ਵਲੀ ਕੰਧਾਰੀ ਦੀ ਹਉਮੈ ਦੇ ਪਹਾੜ ਨੂੰ ਪੰਜਾ ਲਾਉਣ ਵਾਲੇ ਗੁਰੂ ਨਾਨਕ ਵੀ ਕੋਈ ਬੁੱਢੇ ਬਾਬੇ ਨਹੀਂ ਸਨ, ਸਗੋਂ ਉਦੋਂ ਉਨ੍ਹਾਂ ਦੀ ਉਮਰ ਤਾਂ 51 ਸਾਲ ਦੇ ਕਰੀਬ ਸੀ। ਪਰ ਇਸ ਸਾਖੀ ਨਾਲ ਸਬੰਧਤ ਕਿਸੇ ਚਿਤਰ ਵਿਚ ਵੀ ਉਨ੍ਹਾਂ ਨੂੰ ਏਨੀ ਘੱਟ ਉਮਰ ਦੇ ਨਹੀਂ ਦਿਖਾਇਆ ਗਿਆ।

ਸਪੱਸ਼ਟ ਹੈ ਕਿ ਗੁਰੂ ਸਾਹਿਬ ਨੇ ਆਪਣੀਆਂ ਲੰਮੀਆਂ ਉਦਾਸੀਆਂ ਦਾ ਸਿਲਸਿਲਾ 51 ਸਾਲ ਦੀ ਉਮਰ ਵਿਚ ਮੁਕੰਮਲ ਕਰ ਲਿਆ ਸੀ। ਬਹੁਤ ਸਾਰੀ ਬਾਣੀ ਦੀ ਰਚਨਾ ਵੀ ਇਨ੍ਹਾਂ ਉਦਾਸੀਆਂ ਦੌਰਾਨ ਹੀ ਹੋਈ। ਇਨ੍ਹਾਂ ਉਦਾਸੀਆਂ ਦੌਰਾਨ

*Original with;*
Jaswant Singh Zafar
*Digitized by;*
Panjab Digital Library

ਵਾਪਰੀਆ ਘਟਨਾਵਾਂ ਨੂੰ ਦਰਸਾਉਂਦੇ ਚਿਤਰਾਂ ਵਿਚ ਉਨ੍ਹਾਂ ਦੀ ਉਮਰ ਕਿਸੇ ਹਾਲਤ ਵਿਚ ਵੀ 51 ਸਾਲ ਤੋਂ ਵਧੇਰੇ ਨਹੀਂ ਜਾਪਣੀ ਚਾਹੀਦੀ। ਆਖਰੀ ਉਦਾਸੀ ਦੌਰਾਨ ਭਾਈ ਮਰਦਾਨਾ ਜੀ ਦਾ ਅਕਾਲ ਚਲਾਣਾ ਹੋਇਆ ਦੱਸਿਆ ਜਾਂਦਾ ਹੈ। ਇਸ ਲਈ ਗੁਰੂ ਨਾਨਕ ਅਤੇ ਭਾਈ ਮਰਦਾਨਾ ਜਿੰਨਾ ਚਿਰ ਇਕੱਠੇ ਵਿਚਰੇ ਉਸ ਦੌਰਾਨ ਗੁਰੂ ਸਾਹਿਬ ਦੀ ਉਮਰ 28 ਤੋਂ 51 ਸਾਲ ਦੇ ਦਰਮਿਆਨ ਸੀ। ਪਰ ਇਨ੍ਹਾਂ ਨੂੰ ਇਕੱਠੇ ਦਰਸਾਉਣ ਵਾਲੇ ਸਾਰੇ ਚਿਤਰਾਂ ਵਿਚ ਗੁਰੂ ਸਾਹਿਬ ਨੂੰ ਬੁੱਢੇ ਬਾਬੇ ਦੇ ਰੂਪ ਵਿਚ ਹੀ ਦਰਸਾਇਆ ਗਿਆ ਹੈ। ਇਕ ਗੱਲ ਹੋਰ, ਉਦਾਸੀਆਂ ਦੌਰਾਨ ਤਹਿ ਕੀਤੇ ਕੁਲ ਪੈਂਡੇ ਨੂੰ ਦੇਖਿਆ ਜਾਏ ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਔਸਤਨ 25 ਕਿਲੋਮੀਟਰ ਤੋਂ ਜ਼ਿਆਦਾ ਰੋਜ਼ਾਨਾ ਪੈਦਲ ਪੈਂਡਾ ਤਹਿ ਕੀਤਾ। ਹਮੇਸ਼ਾ ਚੰਗਾ ਚੋਸਾ ਖਾਣ ਦਾ ਵੀ ਪ੍ਰਬੰਧ ਨਹੀਂ ਸੀ। ਕਿਸੇ ਵੇਲੇ ਪ੍ਰਸ਼ਾਦਾ ਮਿਲਦਾ ਹੋਏਗਾ ਤੇ ਕਿਸੇ ਵੇਲੇ ਨਹੀਂ ਵੀ ਮਿਲਦਾ ਹੋਏਗਾ। ਚਿੰਤਨਸ਼ੀਲ ਸ਼ਖ਼ਸੀਅਤ ਅਤੇ ਕਿਰਿਆਵੰਤ ਸਰੀਰ ਹੋਣ ਕਰਕੇ ਉਨ੍ਹਾਂ ਦਾ ਭਾਰ 50-60 ਕਿਲੋ ਦੇ ਕਰੀਬ ਹੀ ਹੋਏਗਾ। ਪਰ ਚਿਤਰਕਾਰਾਂ ਨੇ ਉਨ੍ਹਾਂ ਨੂੰ ਭਾਰੀ ਭਰਕਮ ਚਰਬੀਦਾਰ ਦੇਹ ਦੇ ਮਾਲਕ ਵਜੋਂ ਹੀ ਚਿਤਰਿਆ ਹੈ।

ਉਦਾਸੀਆਂ ਉਪਰੰਤ ਗੁਰੂ ਸਾਹਿਬ ਦਾ 1521 ਈ. ਵਿਚ ਏਮਨਾਬਾਦ (ਸੈਦਪੁਰ) ਜਾਣਾ ਹੋਇਆ। ਆਪ ਸਥਾਪਤ ਜਾਤੀ ਪ੍ਰਬੰਧ ਅਨੁਸਾਰ ਨੀਵੀਂ ਸਮਝੀ ਜਾਂਦੀ ਜਾਤ ਦੇ ਕਿਰਤੀ ਸਿੱਖ ਭਾਈ ਲਾਲੋ ਦੇ ਘਰ ਠਹਿਰੇ। ਲਾਲੋ ਦੀ ਕਿਰਤ ਨੂੰ ਵਡਿਆਉਂਦਿਆਂ ਅਤੇ ਕਿਰਤੀਆਂ ਦਾ ਸ਼ੋਸ਼ਨ ਕਰਨ ਵਾਲੇ ਉੱਚ ਜ਼ਾਤ ਦੇ ਭਾਗੋ ਦੇ ਅਭਿਮਾਨ ਨੂੰ ਝੰਜੋੜਦਿਆਂ ਇਹ ਸ਼ਬਦ ਉਚਾਰਣ ਕੀਤਾ:

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ।**

ਆਪ ਨੇ ਕਿਰਤ ਨੂੰ ਧਰਮ ਦਾ ਪਵਿੱਤਰ ਮਾਰਗ ਕਿਹਾ ਅਤੇ ਦੂਸਰਿਆਂ ਦੀ ਕਿਰਤ ਤੇ ਪਲਣ ਵਾਲੇ ਵਿਹਲੜਾਂ ਨੂੰ ਰੱਤ ਪੀਣੇ ਪਾਪੀ ਕਹਿ ਕੇ ਫਿਟਕਾਰਿਆ। ਇਸ ਘਟਨਾ ਸਮੇਂ ਗੁਰੂ ਸਾਹਿਬ ਦੀ ਉਮਰ 52 ਸਾਲ ਤੋਂ ਘੱਟ ਹੀ ਸੀ ਪਰ ਇਸ ਨਾਲ ਸਬੰਧਤ ਚਿਤਰਾਂ ਵਿਚ ਉਨ੍ਹਾਂ ਨੂੰ ਬਹੁਤ ਵਡੇਰੀ ਉਮਰ ਦਾ ਦਰਸਾਇਆ ਜਾਂਦਾ ਹੈ।

ਇਨ੍ਹਾਂ ਦਿਨਾਂ ਵਿਚ ਬਾਬਰ ਕਾਬਲ ਤੋਂ ਚੱਲ ਕੇ ਹਿੰਦੋਸਤਾਨ ਦੇ ਪੱਛਮੀ ਹਿੱਸੇ ਵਿਚ ਕਾਬਜ਼ ਹੋਣਾ ਸ਼ੁਰੂ ਕਰ ਚੁੱਕਾ ਸੀ। ਲੋਕਾਂ ਨੂੰ ਲੁੱਟਿਆ ਅਤੇ ਕੁੱਟਿਆ ਜਾ ਰਿਹਾ ਸੀ। ਮਾਸੂਮ ਬੱਚਿਆਂ 'ਤੇ ਵੀ ਜ਼ੁਲਮ ਢਹਿ ਰਿਹਾ ਸੀ। ਇਸਤਰੀਆਂ ਦੀ ਬੇਪਤੀ ਹੋ ਰਹੀ ਸੀ। ਉਸ ਸਮੇਂ ਦੀ ਰਾਜਨੀਤਕ ਅਤੇ ਸਮਾਜਿਕ ਸਥਿਤੀ ਦੇ ਕਰੂਪ ਚਿਹਰੇ

*Original with;*
Jaswant Singh Zafar
*Digitized by;*
Panjab Digital Library

ਅਤੇ ਇਸ ਪ੍ਰਤੀ ਸਥਾਪਤ ਧਰਮਾਂ ਦੀ ਨਿਰਾਰਥਕ ਉਦਾਸੀਨਤਾ ਅਤੇ ਅਪ੍ਰਸੰਗਿਕਤਾ ਬਾਰੇ ਗੁਰੂ ਨਾਨਕ ਦਾ ਕਾਵਿ - ਬਿਆਨ ਦੇਖੋ:

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।**
**ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ।**
**ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ।**
**ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ।**
**ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ।**
**ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ।**
**ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ।**

ਗੁਰੂ ਜੀ ਅਜੇ ਭਾਈ ਲਾਲੋ ਕੋਲ ਹੀ ਠਹਿਰੇ ਹੋਏ ਸਨ ਜਦ ਬਾਬਰ ਦੀਆਂ ਫੌਜਾਂ ਨੇ ਏਮਨਾਬਾਦ ਸ਼ਹਿਰ ਤੇ ਹਮਲਾ ਕੀਤਾ। ਹਾਕਮਾਂ ਦੇ ਅਣਮਨੁੱਖੀ ਵਤੀਰੇ ਨੂੰ ਗੁਰੂ ਸਾਹਿਬ ਨੇ ਅੱਖੀਂ ਡਿੱਠਾ। 52 ਸਾਲਾਂ ਦੇ ਗੁਰੂ ਨਾਨਕ ਇਸ ਕਹਿਰ ਨੂੰ ਦੇਖ ਕੇ ਵਿਦਰੋਹੀ ਸੁਰ ਵਿਚ ਰੱਬ ਨੂੰ ਸੰਬੋਧਿਤ ਹੋਏ:

**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ।**
**ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।**
**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ।**

ਗੁਰੂ ਸਾਹਿਬਾਨਾਂ ਵਿਚੋਂ ਗੁਰੂ ਅਮਰਦਾਸ ਜੀ ਸਭ ਤੋਂ ਵੱਧ ਉਮਰ (95 ਸਾਲ) ਦੇ ਹੋਏ ਹਨ। ਵਡੇਰੀ ਉਮਰ ਵਿਚ ਹੀ ਆਪ ਨੇ ਗੁਰੂ ਪਦਵੀ ਧਾਰਨ ਕੀਤੀ ਸੀ। ਪਰ ਆਪ ਦਾ ਫ਼ੁਰਮਾਨ ਹੈ:

**ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾ ਅੰਤਰਿ ਸੁਰਤਿ ਗਿਆਨੁ।**
**ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ।**

ਪਰ ਅਸੀਂ ਗੁਰੂ ਨਾਨਕ ਸਾਹਿਬ ਨੂੰ ਇਕ ਬੁੱਢੇ ਦੇ ਰੂਪ ਵਿਚ ਚਿਤਵ ਕੇ ***ਅੰਧੀ ਰਯਤਿ ਗਿਆਨ ਵਿਹੂਣੀ*** ਹੋਣ ਦਾ ਪ੍ਰਮਾਣ ਦੇ ਰਹੇ ਹਾਂ। ਗੁਰੂ ਗੋਬਿੰਦ ਸਿੰਘ ਜੀ ਦੀ ਕੁਲ ਉਮਰ 42 ਸਾਲ ਦੀ ਹੋਈ ਹੈ। ਸਾਡੇ ਮਨਾਂ ਵਿਚ ਉਨ੍ਹਾਂ ਦਾ ਇਕ ਨੌਜਵਾਨ ਸੂਰਬੀਰ ਵਾਲਾ ਤਸੱਵਰ ਹੈ। ਇਹ ਉਨ੍ਹਾਂ ਦੀ ਕੁਰਬਾਨੀ ਦੇ ਨਾਲ ਨਾਲ ਨੌਜਵਾਨੀ ਦੀ ਸ਼ਕਤੀ ਹੈ ਕਿ ਉਨ੍ਹਾਂ ਦੁਆਰਾ ਬਖਸ਼ੇ ਗਏ ਸਰੂਪ ਦੀ ਚਰਚਾ ਹੁੰਦੀ ਹੈ। ਇਸ ਸਰੂਪ ਦੇ ਧਾਰਨੀ ਗੌਰਵ ਮਹਿਸੂਸ ਕਰਦੇ ਹਨ। ਇਸ ਸਰੂਪ ਨੂੰ ਢਾਹ ਲੱਗਣ ਨੂੰ ਹੀ ਸਿੱਖੀ ਨੂੰ ਵੱਡਾ ਖਤਰਾ ਮੰਨਿਆਂ ਜਾਣ ਲੱਗਿਆ ਹੈ। ਨਤੀਜੇ ਵਜੋਂ 'ਪੰਥ ਦਰਦੀ'

*Original with;*
Jaswant Singh Zafar
*Digitized by;*
Panjab Digital Library

ਪਤਿਤਪੁਣੇ ਨੂੰ ਠੱਲਣ ਦੀਆਂ ਵਿਉਂਤਾਂ ਘੜਦੇ ਹਨ ਅਤੇ ਪ੍ਰਚਾਰ ਲਈ ਪੈਸਾ ਖਰਚਿਆ ਜਾਂਦਾ ਹੈ। ਪਰ ਸਿੱਖ ਲਹਿਰ ਦੇ ਬਾਨੀ ਗੁਰੂ ਨਾਨਕ ਨੇ ਜਿਸ ਤਰ੍ਹਾਂ ਦੇ ਆਚਾਰ ਅਤੇ ਵਿਹਾਰ ਨੂੰ ਸੁਚੱਜੇ ਜੀਵਨ ਦੀਆਂ ਜ਼ਰੂਰੀ ਸ਼ਰਤਾਂ ਵਜੋਂ ਨਿਰਧਾਰਤ ਕਰਕੇ ਪ੍ਰਚਾਰਿਆ, ਉਨ੍ਹਾਂ ਦੇ ਛਿਪਨ ਹੋਣ 'ਤੇ ਕੋਈ ਹਾਲ ਪਾਰ੍ਹਿਆ ਨਹੀਂ ਹੋ ਰਹੀ।

ਹੁਣ ਜਦ ਅਸੀਂ ਬੁਢਾਪੇ ਨੂੰ ਸੂਝ, ਸਿਆਣਪ, ਗਿਆਨ ਅਤੇ ਵਡੱਪਣ ਦੀ ਬਜਾਏ ਬੇਵਸੀ, ਕਮਜ਼ੋਰੀ ਅਤੇ ਅਪ੍ਰਸੰਗਿਤਾ ਨਾਲ ਸਬੰਧਤ ਕਰ ਲਿਆ ਹੈ ਤਾਂ ਲੋੜ ਹੈ ਕਿ ਨੁਕਰੇ ਲੱਗੇ ਬਿਰਧ ਨਾਨਕ ਦੀ ਬਜਾਏ ਗੱਭਰੂ ਨਾਨਕ ਨੂੰ ਕੇਂਦਰ ਵਿਚ ਲਿਆਈਏ। ਗੁਰੂ ਨਾਨਕ ਬੁੱਢਿਆਂ ਦੀ ਸ਼ਰਧਾ ਲਈ ਆਸਰੇ ਮਾਤਰ ਨਹੀਂ ਸਗੋਂ ਸੰਸਾਰ ਭਰ ਦੇ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਵੀ ਹੋਣੇ ਚਾਹੀਦੇ ਹਨ। ਜੇ ਅਸੀਂ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਅੱਜ ਵੀ ਪ੍ਰਸੰਗਿਕ ਮੰਨਦੇ ਹਾਂ ਅਤੇ ਉਨ੍ਹਾਂ ਦੁਆਰਾ ਪ੍ਰਚਾਰੀ ਗਈ ਜੀਵਨ ਸ਼ੈਲੀ ਨੂੰ ਜਿਉਣ ਜੋਗੀ ਮੰਨਦੇ ਹਾਂ ਤਾਂ ਸਥਾਪਤ ਹੋ ਚੁੱਕੇ ਬਿਰਧ ਨਾਨਕ ਦੇ ਜਾਅਲੀ ਤਸੱਵਰ ਨੂੰ ਬੇਕਿਰਕੀ ਨਾਲ ਤੋੜਨਾ ਪਏਗਾ। ਚਿਤਰਕਾਰਾਂ ਨੂੰ ਬਜ਼ਾਰੂ ਪਹੁੰਚ ਤਿਲਾਂਜ ਕੇ ਇਤਿਹਾਸਕ ਅਤੇ ਸਿਧਾਂਤਕ ਦ੍ਰਿਸ਼ਟੀ ਅਪਨਾਉਣ ਦਾ ਜੇਰਾ ਕਰਨਾ ਪਏਗਾ। ਉਨ੍ਹਾਂ ਨੂੰ ਕ੍ਰਾਂਤੀਕਾਰੀ ਨੌਜਵਾਨ ਗੁਰੂ ਨਾਨਕ ਨੂੰ ਲੋਕ ਮਨਾਂ ਵਿੱਚ ਸਥਾਪਤ ਕਰਨ ਲਈ ਸੁੰਦਰਤਾ ਦੇ ਮਿਸ-ਵਰਲਡੀ ਪ੍ਰਤੀਮਾਨਾਂ ਨੂੰ ਤਿਆਗ ਕੇ ਉਨ੍ਹਾਂ ਦੀ ਸ਼ਖ਼ਸੀਅਤ ਦੇ ਸੱਚ ਨੂੰ ਖੋਜਣ ਅਤੇ ਪ੍ਰਗਟਾਉਣ ਲਈ ਮਿਹਨਤ ਕਰਨੀ ਪਏਗੀ। ਘਰਾਂ, ਦਫ਼ਤਰਾਂ, ਦੁਕਾਨਾਂ, ਚਿਤਰ ਗੈਲਰੀਆਂ, ਧਾਰਮਿਕ ਅਤੇ ਵਿਦਿਅਕ ਸੰਸਥਾਨਾਂ ਵਿਚੋਂ ਗੁਰੂ ਨਾਨਕ ਨੂੰ ਬੁੱਢਾ ਦਰਸਾਉਣ ਵਾਲੀਆਂ ਝੂਠੀਆਂ ਅਤੇ ਗੁਮਰਾਹਕੁੰਨ ਤਸਵੀਰਾਂ ਨੂੰ ਉਤਾਰ ਕੇ ਜਲ ਪ੍ਰਵਾਹ ਜਾਂ ਅਗਨ ਭੇਟ ਕਰਨਾ ਪਏਗਾ। ਅਜਿਹੀਆਂ ਤਸਵੀਰਾਂ ਦੇ ਪੋਸਟਰ ਜਾਂ ਕਲੰਡਰ ਛਾਪਣ ਤੇ ਪਾਬੰਦੀ ਲਗਾਉਣੀ ਪਏਗੀ।

********************

**ਹਵਾਲਾ:**


1. ਗੁਰੂ ਨਾਨਕ ਬਾਣੀ, ਭਾਸ਼ਾ ਵਿਭਾਗ, ਪੰਜਾਬ



*Original with;*
Jaswant Singh Zafar
*Digitized by;*
Panjab Digital Library

# ਪ੍ਰਕਿਰਤੀ ਬੋਧ: ਗੁਰਬਾਣੀ ਬਨਾਮ ਵਿਗਿਆਨ

ਪਿਛਲੇ ਸਾਲਾਂ ਤੋਂ ਕੁਛ ਤੁਕਾਂ ਦਾ ਹਵਾਲਾ ਦੇ ਕੇ ਗੁਰਬਾਣੀ ਦੀ ਦ੍ਰਿਸ਼ਟੀ ਨੂੰ 'ਵਿਗਿਆਨਕ' ਕਹਿਣ ਦਾ ਹਾਸੋਹੀਣਾ ਰਿਵਾਜ਼ ਪੈ ਗਿਆ ਹੈ। ਕਿਉਂਕਿ ਅਸੀਂ 'ਵਿਗਿਆਨਕ ਸੱਚ' ਦੇ ਕੁਝ ਭਾਗ ਨੂੰ ਹੀ ਅੰਤਮ ਸੱਚ ਜਾਂ ਪਰਮ ਸੱਚ ਮੰਨਣ ਲੱਗ ਪਏ ਹਾਂ ਅਤੇ ਵਿਗਿਆਨ ਦੀ ਪਹੁੰਚ ਤੋਂ ਬਾਹਰਲੇ ਬੇਓੜਕ ਸੱਚ ਨੂੰ ਵੀ ਵਿਗਿਆਨ ਦੇ ਨੱਕੇ ਵਿਚੋਂ ਲੰਘਾ ਕੇ ਦੇਖਣ ਲੱਗ ਪੈਂਦੇ ਹਾਂ। ਜੋ ਸਤਰਾਂ ਜਾਂ ਸ਼ਬਦ ਇਸ ਨੱਕੇ ਚੋਂ ਲੰਘ ਜਾਂਦੇ ਹਨ ਉਨ੍ਹਾਂ ਦੇ ਆਧਾਰ ’ਤੇ ਵਿਗਿਆਨ ਤੋਂ ਗੁਰਬਾਣੀ ਨੂੰ 'ਸੱਚੀ' ਹੋਣ ਦਾ ਪ੍ਰਮਾਣ ਪੱਤਰ ਦੁਆਉਣ ਤੁਰ ਪੈਂਦੇ ਹਾਂ। ਪਰ ਸਮਾਂ ਮੰਗ ਕਰਦਾ ਹੈ ਕਿ ਵਿਗਿਆਨ ਦੇ ਕੁਦਰਤ ਪ੍ਰਤੀ ਰਵੱਈਏ ਅਤੇ ਇਸ ਦੀ ਕਾਰਗੁਜ਼ਾਰੀ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਦੇਖਿਆ, ਪਰਖਿਆ ਅਤੇ ਸਮਝਿਆ ਜਾਏ।

ਪੰਦਰਵੀਂ ਸਦੀ ਦੇ ਅੰਤ ਅਤੇ ਸੋਲ੍ਹਵੀਂ ਸਦੀ ਦੇ ਆਰੰਭ ਵਿਚ ਪੱਛਮ ਵਿਚ ਕੁਦਰਤ ਦੇ ਵਰਤਾਰਿਆਂ ਅਤੇ ਭੇਦਾਂ ਨੂੰ ਜਾਨਣ ਲਈ 'ਵਿਗਿਆਨਕ ਢੰਗ' ਅਪਣਾਏ ਜਾਣ ਲੱਗੇ। ਥਿਊਰੀ ਨੂੰ ਨਾਲੋ ਨਾਲ ਪ੍ਰਯੋਗਸ਼ਾਲਾ ਦੇ ਤਜ਼ਰਬੇ ਦੀ ਕਸਵੱਟੀ ’ਤੇ ਪਰਖਿਆ ਜਾਣ ਲੱਗਾ। ਨਤੀਜੇ ਗਣਿਤ ਦੀ ਸਹਾਇਤਾ ਨਾਲ ਸੂਤਰਬੱਧ ਕੀਤੇ ਜਾਣ ਲੱਗੇ। ਇਹ ਉਹ ਸਮਾਂ ਸੀ ਜਦ ਗੁਰੂ ਨਾਨਕ ਸਾਹਿਬ ਪੂਰਬ ਦੀ ਧਰਤੀ ਨੂੰ ਪੈਰੀਂ ਗਾਹ ਰਹੇ ਸਨ। ਕੁਦਰਤ ਦੀ ਸੁੰਦਰਤਾ, ਬੇਅੰਤਤਾ, ਗਤੀਸ਼ੀਲਤਾ, ਸਜੀਵਤਾ ਅਤੇ ਇਸ ਦੀ ਵੰਨਸੁਵੰਤਾ ਦੀ ਅੰਤਰੀਵ ਏਕਤਾ ਨੂੰ ਗਾ ਰਹੇ ਸਨ:-

**ਕੁਦਰਤਿ ਕਵਣ ਕਹਾ ਵਿਚਾਰੁ॥**
**ਵਾਰਿਆ ਨ ਜਾਵਾ ਏਕ ਵਾਰ॥** (ਪੰਨਾ 3)

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥**
**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥** (ਪੰਨਾ 3)

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥**
**ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥**
(ਪੰਨਾ 13)

**ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥** (ਪੰਨਾ 469)

*Original with;*
Jaswant Singh Zafar
*Digitized by;*
Panjab Digital Library

**ਖਾਣੀ ਬਾਣੀ ਤੇਰੀਆ ਦੇਹਿ ਜੀਆ ਆਧਾਰੋ॥**
**ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਨਹਾਰੋ॥** (ਪੰਨਾ 580)

**ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ॥**
**ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ॥** (ਪੰਨਾ 596)

**ਕੁਦਰਤਿ ਦੇਖਿ ਰਹੇ ਮਨੁ ਮਾਨਿਆ॥**
**ਗੁਰ ਸਬਦੀ ਸਭੁ ਬ੍ਰਹਮੁ ਪਛਾਨਿਆ॥** (ਪੰਨਾ 1043)

ਸਤਾਰਵੀਂ ਸਦੀ ਦੇ ਆਰੰਭ ਵਿਚ ਪੱਛਮ ਦੇ ਵਿਗਿਆਨ ਨੇ ਮਾਦੇ (ਪਦਾਰਥ) ਅਤੇ ਊਰਜਾ (ਜਾਨ ਜਾਂ ਪ੍ਰਾਣ) ਨੂੰ ਇੱਕ ਦੂਸਰੇ ਤੋਂ ਪੂਰੀ ਤਰ੍ਹਾਂ ਨਿਖੇੜ ਕੇ ਪੇਸ਼ ਕਰਨਾ ਸ਼ੁਰੂ ਕੀਤਾ। ਕਾਰਟੇਜ਼ਨੀ ਨਿਖੇੜ ਕਾਰਨ ਵਿਗਿਆਨੀਆਂ ਨੂੰ ਸਭ ਚੀਜ਼ਾਂ ਬੇਜਾਨ ਅਤੇ ਵਿਯੋਗਿਤ ਨਜ਼ਰ ਆਉਣ ਲੱਗੀਆਂ। ਪੱਛਮੀ ਸੰਸਾਰ ਨੇ ਸ੍ਰਿਸ਼ਟੀ ਦੀ ਹਰ ਰਚਨਾ ਨੂੰ ਇਕ ਬੇਜਾਨ ਵਸਤੂ ਜਾਂ ਗਣਿਤ ਦੇ ਇਕ ਸੁਤੰਤਰ ਅੰਕ ਵਾਂਗ ਤਸੱਵਰ ਕਰਨਾ ਸ਼ੁਰੂ ਕੀਤਾ ਅਤੇ ਪੂਰੀ ਸ੍ਰਿਸ਼ਟੀ ਨੂੰ ਇਨ੍ਹਾਂ ਵਸਤਾਂ ਅਤੇ ਅੰਕਾਂ ਦਾ ਜੋੜ। ਅਜਿਹੀ ਮਕਾਨਕੀ ਸਮਝ ਹੀ ਸਤਾਰ੍ਹਵੀਂ ਸਦੀ ਦੇ ਅੱਧ ਵਿਚ ਨਿਊਟਨ ਦੀ ਕਲਾਸੀਕਲ ਮਕੈਨਿਕਸ ਦਾ ਅਧਾਰ ਬਣੀ। ਪਰ ਸਤਾਰਵੀਂ ਸਦੀ ਦੇ ਆਰੰਭ ਵਿਚ ਹੀ ਇਧਰ ਕਬੀਰ, ਫਰੀਦ, ਨਾਮਦੇਵ, ਰਵਿਦਾਸ ਆਦਿ ਭਗਤਾਂ ਮਹਾਂਪੁਰਖਾਂ ਦੀ ਬਾਣੀ ਅਤੇ ਪੰਜ "ਨਾਨਕ ਸਾਇਰਾਂ" ਦੀ ਬਾਣੀ ਇਕ ਥਾਂ ਸੰਗ੍ਰਹਿਤ ਹੋ ਕੇ ਆਦਿ ਸ੍ਰੀ ਗਰੰਥ ਸਹਿਬ ਦੇ ਰੂਪ ਵਿਚ ਪ੍ਰਕਾਸ਼ਮਾਨ ਹੋਈ। ਸਮੁੱਚੀ ਬਾਣੀ ਰਾਹੀਂ ਕੁਦਰਤ ਦੀ ਮਹਾਨਤਾ, ਵਿਸ਼ਾਲਤਾ, ਪਾਲਣਹਾਰਤਾ, ਇਕਮਿਕਤਾ ਅਤੇ ਇਕਸੁਰਤਾ ਪ੍ਰਤੀ ਬਲਿਹਾਰਤਾ ਦੇ ਸੁਰ ਛਿੜੇ। ਸਾਰੇ ਬਾਣੀਕਾਰਾਂ ਨੇ ਕੁਦਰਤ ਨੂੰ ਨਾ ਕੇਵਲ ਕਰਤੇ ਦੀ ਖੇਡ ਮੰਨਿਆਂ ਸਗੋਂ ਇਸ ਨੂੰ ਕਰਤੇ ਦਾ ਆਪਾ ਵੀ ਕਿਹਾ:-

**ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ॥**
**ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ॥** (955, ਮ:2)

**ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਲਾਇਆ॥**
**ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ॥** (509, ਮ: 3)

**ਜਿਉ ਪਸਰੀ ਸੂਰਜ ਕਿਰਣਿ ਜੋਤਿ॥**
**ਤਿਉ ਘਟਿ ਘਟਿ ਰਮਈਆ ਓਤਿ ਪੋਤਿ॥** (1177, ਮ: 4)

**ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ॥**
**ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰ॥** (296, ਮ: 5)

**ਜੀਅ ਜੰਤ ਸਭਿ ਪੇਖੀਅਹਿ ਪ੍ਰਭ ਸਗਲ ਤੁਮਾਰੀ ਧਾਰਨਾ॥** (915, ਮ: 5)

*Original with;*
Jaswant Singh Zafar
*Digitized by;*
Panjab Digital Library

**ਮਉਲੀ ਧਰਤੀ ਮਉਲਿਆ ਅਕਾਸੁ॥**
**ਘਟਿ ਘਟਿ ਮਉਲਿਆ ਆਤਮ ਪ੍ਰਗਾਸੁ॥** (1193, ਕਬੀਰ ਜੀ)

**ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥** (695, ਪੀਪਾ ਜੀ)

**ਏਕ ਹੀ ਏਕ ਅਨੇਕ ਹੋਇ ਬਿਸਥਰਿਓ ਆਨ ਰੇ ਆਨ ਭਰਪੂਰਿ ਸੋਊ॥**
(1293, ਰਵਿਦਾਸ ਜੀ)

**ਆਪਨ ਦੇਉ ਦੇਹੁਰਾ ਆਪਨ ਆਪ ਲਗਾਵੈ ਪੂਜਾ॥**
**ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਹਨ ਸੁਨਨ ਕਉ ਦੂਜਾ॥**
(1252, ਨਾਮਦੇਵ ਜੀ)

**ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥** (1381, ਫਰੀਦ ਜੀ)

ਈਸ਼ਵਰ ਨੂੰ ਕੇਵਲ ਜੀਵਤ ਪ੍ਰਾਣੀਆਂ ਵਿਚ ਸਰਬ ਵਿਆਪਕ ਨਹੀਂ ਸਗੋਂ ਬੇਜਾਨ ਸਮਝੀਆਂ ਜਾਂਦੀਆਂ ਵਸਤਾਂ, ਰੌਸ਼ਨੀਆਂ, ਆਵਾਜ਼ਾਂ ਆਦਿ ਨੂੰ ਵੀ ਉਸੇ ਇਕ ਦਾ ਪ੍ਰਗਟਓ ਕਿਹਾ ਗਿਆ। ਮਨੁੱਖ ਨੂੰ ਸਿਮਰਨ ਨਾਲ ਆਪਣੀ 'ਮੈਂ' ਨੂੰ ਈਸ਼ਵਰ ਦੀ ਵਿਸ਼ਾਲਤਾ ਨਾਲ ਅਭੇਦ ਸਮਝਣ ਦਾ ਉਪਦੇਸ਼ ਦਿਤਾ ਗਿਆ। ਸਮਾਧੀ ਅਤੇ ਭਗਤੀ ਰਾਹੀਂ ਇਸ 'ਮੈਂ' ਨੂੰ ਕੁਦਰਤ ਦੀ ਬੇਅੰਤਤਾ ਵਿਚ ਵਿਲੀਨ ਰੱਖਣ ਦੀਆਂ ਜੁਗਤਾਂ ਪ੍ਰਚਾਰੀਆਂ ਗਈਆਂ। ਗੁਰਬਾਣੀ ਨੇ ਕੁਦਰਤ ਦੇ ਸਮੁੱਚੇ ਪਾਸਾਰ ਦੀ ਉਤਪਤੀ ਨੂੰ ਲਗਾਤਾਰ ਵਾਪਰ ਰਹੀ ਤਬਦੀਲੀ ਅਤੇ ਗਤੀਸ਼ੀਲਤਾ ਦਾ ਨਤੀਜਾ ਮੰਨਿਆਂ:-

**ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥**
**ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥** (1252, ਮ:1)

ਪਰ ਦੂਜੇ ਪਾਸੇ ਸ੍ਰਿਸ਼ਟੀ ਦੀ ਉਤਪਤੀ ਸਬੰਧੀ ਨਿਊਟਨ ਦੇ ਸ਼ਬਦ ਸਨ:-

**--- God in the beginning formed matter in solid, massy, hard, impenetrable, movable particles, of such sizes and figures, and with such other properties, and in such proportions to space, as most conduced to the end for which he formed them; and that these primitive particles being solids, are incomparably harder than any porous bodies compounded of them; even so very hard, as never to wear or break in pieces; no ordinary power being able to divide what God himself made one in first creation.**(1)

ਨਿਊਟਨ ਨੇ ਸਾਰੇ ਬ੍ਰਹਿਮੰਡੀ ਪਿੰਡਾਂ ਦੀ ਉਤਪਤੀ ਨੂੰ ਇਕੋ ਵਾਰੀ ਅੰਤਮ ਰੂਪ ਵਿਚ ਵਾਪਰੀ ਘਟਨਾ ਕਿਹਾ ਅਤੇ ਬ੍ਰਹਿਮੰਡ ਨੂੰ ਅਟੱਲ ਅਤੇ ਅਚੱਲ ਸਪੇਸ ਵਜੋਂ ਤਸਲੀਮ ਕੀਤਾ। ਹਰ ਕੁਦਰਤੀ ਤਬਦੀਲੀ ਨੂੰ ਕੇਵਲ ਕਿਸੇ ਬਾਹਰੀ ਸ਼ਕਤੀ ਦਾ ਨਤੀਜਾ

*Original with;*
Jaswant Singh Zafar
*Digitized by;*
Panjab Digital Library

ਸਮਝਿਆ ਜਾਣ ਲੱਗਾ ਅਤੇ ਪ੍ਰਮਾਤਮਾ ਨੂੰ ਵੀ ਕੁਦਰਤੀ ਨਿਯਮਾਂ ਦੀ ਪਾਲਣਾ ਕਰਵਾਉਣ ਵਾਲੀ ਇਕ ਬਾਹਰੀ ਸ਼ਕਤੀ ਹੀ ਆਖਿਆ ਜਾਣ ਲੱਗਾ ਭਾਵ ਕਰਤੇ ਅਤੇ ਕਾਰਜ ਨੂੰ ਵੱਖਰਾ ਵੱਖਰਾ ਮੰਨਿਆ ਗਿਆ। ਮਾਦੇ ਨੂੰ ਅਮਰ ਸਮਝਿਆ ਗਿਆ।

ਅਜਿਹੀ ਵਿਸ਼ਵ ਦ੍ਰਿਸ਼ਟੀ ਦਾ ਕੇਵਲ ਵਿਗਿਆਨ ਦੇ ਖੇਤਰ ਵਿਚ ਹੀ ਬੋਲ ਬਾਲਾ ਨਹੀਂ ਹੋਇਆ ਸਗੋਂ ਇਸ ਨੇ ਬੜੀ ਤੇਜ਼ੀ ਨਾਲ ਮਨੁੱਖੀ ਸੱਭਿਆਚਾਰ ਨੂੰ ਆਪਣੇ ਅਮਰਵੇਲੀ ਪ੍ਰਭਾਵ ਹੇਠ ਲਿਆਉਣਾ ਸ਼ੁਰੂ ਕਰ ਦਿੱਤਾ। ਸਭ ਕਾਸੇ ਨੂੰ ਖੰਡ-ਖੰਡ ਕਰਕੇ ਸਮਝਿਆ ਜਾਣ ਲੱਗਾ। ਸਰੀਰ ਨੂੰ ਵੀ ਇਕ ਇਕਾਈ ਦੀ ਥਾਂ ਵੱਖ ਵੱਖ ਅੰਗਾਂ ਦੇ ਜੋੜ ਵਜੋਂ ਦੇਖਿਆ ਜਾਣ ਲੱਗਾ। ਕਾਰਟੇਜ਼ਨੀ ਨਿਖੇੜਵਾਦ ਅਤੇ ਮਕਾਨਕੀ ਵਿਸ਼ਵ ਦ੍ਰਿਸ਼ਟੀ ਕਾਰਨ ਮਨੁੱਖ ਤਕਨੀਕੀ ਅਤੇ ਸਨਅਤੀ ਤਰੱਕੀ ਦੇ ਰਸਤੇ ’ਤੇ ਤਾਂ ਬੜੀ ਤੇਜ਼ੀ ਨਾਲ ਦੌੜਨ ਲੱਗਾ, ਪਰ ਕੁਦਰਤ, ਵਾਤਾਵਰਣ, ਦੂਸਰੇ ਮਨੁੱਖਾਂ ਅਤੇ ਦੂਸਰੇ ਜੀਵਾਂ ਨਾਲ ਇਸ ਦੇ ਸਬੰਧਾਂ ਵਿਚ ਖਤਰਨਾਕ. ਵਿਗਾੜ ਪੈਦਾ ਹੋ ਗਿਆ। ਮਨੁੱਖ ਲਈ 'ਮੈਂ', 'ਕੁਦਰਤ' ਅਤੇ 'ਰੱਬ' ਪੂਰੀ ਤਰ੍ਹਾਂ ਅਲਹਿਦਾ ਅਲਹਿਦਾ ਗੱਲਾਂ ਹੋ ਗਈਆਂ। ਗੁਰਬਾਣੀ ਵਿੱਚ ਤਾਂ ਅਜਿਹੇ ਵਿਛੋੜੇ ਦੀ ਇਕ ਘੜੀ ਨੂੰ ਵੀ ਬਹੁਤ ਭਿਆਨਕ ਆਖਿਆ ਗਿਆ ਹੈ-

**ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥**
**ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥** (96, ਮ:5)

ਪਰ ਮਨੁੱਖੀ ਮਨ ’ਤੇ ਸਦੀਆਂ ਵਾਸਤੇ ਇਸ 'ਵਿਛੋੜੇ' ਦਾ ਪਹਿਰਾ ਸਥਾਪਤ ਹੋ ਗਿਆ। ਮਨੁੱਖੀ ਭਾਈਚਾਰਾ ਨਸਲਾਂ, ਕੌਮਾਂ, ਫਿਰਕਿਆਂ ਆਦਿ ਦੀ ਪਹਿਲਾਂ ਨਾਲੋਂ ਵਧੇਰੇ ਕੱਟੜ ਵੰਡ ਦਾ ਸ਼ਿਕਾਰ ਹੋਇਆ। ਕੁਦਰਤ, ਧਰਤੀ, ਹਵਾ, ਪਾਣੀ ਬੇਜਾਨ ਚੀਜ਼ਾਂ ਸਮਝੀਆਂ ਜਾਣ ਲੱਗੀਆਂ। ਮਨੁੱਖ ਆਪਣੇ ਆਪ ਨੂੰ ਸ੍ਰਿਸ਼ਟੀ ਦਾ ਇਕ ਛੋਟਾ ਜਿਹਾ ਅੰਗ ਸਮਝਣ ਦੀ ਬਜਾਏ ਇਸ ਦਾ ਮਾਲਕ ਸਮਝਣ ਲੱਗਾ। ਇਹ ਧਰਤੀ ਦਾ ਪੁੱਤਰ ਨਾ ਰਿਹਾ ਸਗੋਂ ਹੁਕਮਰਾਨ ਬਣ ਗਿਆ। ਕੁਦਰਤੀ ਸਾਧਨਾਂ ਅਤੇ ਸਰੋਤਾਂ ਦੀ ਲੁੱਟ ਅਤੇ ਸ਼ੋਸ਼ਣ ਦੀ ਅੰਨ੍ਹੀਂ ਹੋੜ ਲੱਗੀ। ਕਲਿਆਣ ਅਤੇ ਆਨੰਦ ਦੀ ਬਜਾਏ ਮੁਨਾਫ਼ਾ ਮਨੁੱਖੀ ਸਰਗਰਮੀ ਦਾ ਲਾਜ਼ਮੀ ਅੰਗ ਬਣ ਗਿਆ। ਕਲਯੁਗ ਪੂਰੀ ਬੇਸ਼ਰਮੀ ਨਾਲ ਨੰਗਾ ਹੋ ਕੇ ਨੱਚਣ ਲੱਗਾ। ਕਈ ਥਾਂਵਾਂ ਤੇ ਇਸ ਦੇ ਮੈਗਾ ਸ਼ੋਅ ਆਯੋਜਿਤ ਹੋਏ। ਜਿਵੇਂ ਹੀਰੋਸ਼ੀਮਾ ਤੇ ਨਾਗਾਸਾਕੀ ਦੀ ਤਬਾਹੀ, 1947 ਦੀ ਪੰਜਾਬ ਵੰਡ, 1984 ਵਿੱਚ ਦਿੱਲੀ ਵਿਚ ਕਤਲੋਗਾਰਤ ਅਤੇ ਭੁਪਾਲ ਗੈਸ ਕਾਂਡ, ਵਰਡ ਟ੍ਰੇਡ ਸੈਂਟਰ ਦਾ ਡਿਗਣਾ, ਗੁਜਰਾਤ ਦੇ ਫਿਰਕੂ ਦੰਗੇ, ਖਾੜੀ ਖੇਤਰ ਵਿਚ ਅਮਰੀਕੀ ਗੁੰਡਾ ਗਰਦੀ ਆਦਿ ਕੁਝ ਉਦਾਹਰਣਾਂ ਹਨ। ਇਸ 'ਆਧੁਨਿਕ ਵਿਗਿਆਨਕ ਸੋਚ' ਨੇ ਅਜਿਹੀ ਸਨਅਤੀ ਸਰਗਰਮੀ ਨੂੰ ਜਨਮ ਦਿੱਤਾ ਜਿਸ ਵਿਚ ਸੇਵਾ, ਤਿਆਗ,

*Original with;*
Jaswant Singh Zafar
*Digitized by;*
Panjab Digital Library

ਆਜ਼ਾਦੀ, ਕੁਰਬਾਨੀ, ਹਮਦਰਦੀ, ਸਬਰ, ਦਾਨ, ਮੁਹੱਬਤ, ਮਮਤਾ ਆਦਿ ਲਈ ਕੋਈ ਸਥਾਨ ਨਹੀਂ ਸਗੋਂ ਲਾਲਚ, ਖ਼ੁਦਗਰਜ਼ੀ, ਚਾਪਲੂਸੀ, ਸ਼ੋਸ਼ਨ, ਮੁਕਾਬਲੇਬਾਜ਼ੀ, ਧੋਖੇਬਾਜ਼ੀ ਅਤੇ ਮੌਕਾਪ੍ਰਸਤੀ ਦੀ ਪ੍ਰਧਾਨਤਾ ਹੈ। ਦਰਿਆ ਜੋ ਪਹਿਲਾਂ 'ਪਾਣੀ ਜੀਓ ਹੈ' ਪ੍ਰਦਾਨ ਕਰਦੇ ਸਨ ਅਤੇ ਧਰਤੀ ਲਈ ਉਸੇ ਤਰ੍ਹਾਂ ਸਨ ਜਿਵੇਂ ਸਾਡੇ ਜਿਸਮ ਵਿਚ ਲਹੂ ਦੀਆਂ ਨਾੜਾਂ ਹਨ, ਸਨਅਤੀ ਬਚਖੁਚ ਤੇ ਗੰਦਗੀ ਨੂੰ ਸਾਂਭਣ ਵਾਲੇ ਕੂੜਾਦਾਨ ਬਣ ਗਏ। ਖੇਤੀਬਾੜੀ, ਪਸ਼ੂ ਪਾਲਣ ਅਤੇ ਸੈਰ ਸਪਾਟੇ ਵਰਗੀਆਂ ਕੁਦਰਤ ਨਾਲ ਸਹਿਯੋਗ, ਸੰਵਾਦ ਅਤੇ ਮੁਹੱਬਤ ਵਧਾਉਣ ਵਾਲੀਆਂ ਮਨੁੱਖੀ ਸਰਗਰਮੀਆਂ ਵੀ ਕੁਦਰਤ ਦਾ ਸ਼ੋਸ਼ਣ ਕਰਨ ਵਾਲੇ 'ਲਾਹੇਵੰਦ' ਧੰਦਿਆਂ ਵਿਚ ਤਬਦੀਲ ਹੋ ਗਈਆਂ। ਭਿੰਨੀ ਰੈਨੜੀ ਵਿਚ ਚਮਕਣ ਵਾਲੇ ਤਾਰੇ ਬੇਜਾਨ ਪੱਥਰ, ਚਟਾਨਾਂ ਤੇ ਟੋਏ ਟਿੱਬੇ ਬਣ ਗਏ। ਗੁਰਬਾਣੀ ਦੀ ਪ੍ਰਕਿਰਤੀ ਚੇਤਨਾ ਅਜਿਹੀ ਵਿਗਿਆਨਕ ਦ੍ਰਿਸ਼ਟੀ, ਸਨਅਤੀ ਸਰਗਰਮੀ ਅਤੇ ਕੁਦਰਤ ਪ੍ਰਤੀ ਰਵੱਈਏ ਨੂੰ ਰੱਦ ਕਰਦੀ ਹੈ-

**ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ॥** (724, ਕਬੀਰ)

ਮੇਲਾ ਕਦੇ ਮੇਲੀਆਂ ਦਾ ਅੰਕ ਗਿਣਤੀ ਜੋੜ ਨਹੀਂ ਹੁੰਦਾ। ਇਸ ਦਾ ਕੋਈ ਅੰਤਮ ਰੂਪ ਨਹੀਂ ਹੁੰਦਾ। ਹਰ ਮੇਲੀ ਮੇਲੇ ਦਾ ਭਾਗ ਵੀ ਹੁੰਦਾ ਹੈ ਅਤੇ ਦਰਸ਼ਕ ਵੀ। ਮੇਲਾ ਕਿਸੇ ਬਾਹਰੀ ਸ਼ਕਤੀ ਦੁਆਰਾ ਸੰਚਾਲਤ ਨਹੀਂ ਹੁੰਦਾ ਸਗੋਂ ਇਸ ਦੀ ਸੰਚਾਲਨ ਸ਼ਕਤੀ ਸਾਰੇ ਮੇਲੀਆਂ ਅੰਦਰ ਸਮਾਈ ਹੋਈ ਹੁੰਦੀ ਹੈ-

**ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ॥**
**ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ॥** (596, ਮ:1)

**ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ॥**
**ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ॥** (1109, ਮ:1)

ਕਾਰਟੇਜ਼ਨੀ ਨਿਖੇੜਵਾਦ ਅਤੇ ਕਲਾਸੀਕਲ ਮਕੈਨਿਕਸ ਦੀਆਂ ਧਾਰਨਾਵਾਂ ਨੂੰ ਵਿਗਿਆਨ ਦੇ ਖੇਤਰ ਵਿਚ ਵੀਹਵੀਂ ਸਦੀ ਦੇ ਆਰੰਭ ਵਿਚ ਠੱਲ ਪੈਣੀ ਸ਼ੁਰੂ ਹੋ ਗਈ ਜਦ ਆਇਨਸਟਾਈਨ ਨੇ ਐਲਾਨ ਕੀਤਾ ਕਿ ਮਾਦਾ (ਪਦਾਰਥ) ਅਤੇ ਊਰਜਾ (ਸ਼ਕਤੀ) ਅਸਲੋਂ ਹੀ ਵੱਖਰੀਆਂ ਵੱਖਰੀਆਂ ਖੇਡਾਂ ਨਹੀਂ ਸਗੋਂ ਊਰਜਾ ਮਾਦੇ ਵਿਚ ਵਟ ਸਕਦੀ ਹੈ ਮਾਦਾ ਊਰਜਾ ਵਿਚ ਵਲੀਨ ਹੋ ਸਕਦਾ ਹੈ। ਉਸ ਦੀ ਪ੍ਰਸਿੱਧ ਸਮੀਕਰਣ ਹੈ-

$$E = m C^2 \quad \text{or} \quad m = E / C^2$$

ਅਰਥਾਤ ਊਰਜਾ = ਪਦਾਰਥ x (ਰੋਸ਼ਨੀ ਦੀ ਰਫ਼ਤਾਰ)$^2$
ਜਾਂ ਪਦਾਰਥ = ਊਰਜਾ / (ਰੋਸ਼ਨੀ ਦੀ ਰਫ਼ਤਾਰ)$^2$

ਐਕਸ-ਰੇਅਜ਼ ਦੀ ਪਛਾਣ ਅਤੇ ਰੇਡੀਓਐਕਟਿਵਟੀ ਦੇ ਗਿਆਨ ਨੇ ਵੀ ਸਿੱਧ ਕੀਤਾ

Original with;
Jaswant Singh Zafar
Digitized by;
Panjab Digital Library

ਕਿ ਮਾਦਾ ਅਮਰ ਨਹੀਂ ਹੈ, ਇਹ ਊਰਜਾ ਵਿਚ ਤਬਦੀਲ ਹੁੰਦਾ ਹੈ ਅਤੇ ਜਿਨ੍ਹਾਂ ਨੂੰ ਮੂਲ ਤੱਤ (Elements) ਕਿਹਾ ਜਾਂਦਾ ਹੈ ਉਹ ਵੀ ਦੂਸਰੇ ਤੱਤਾਂ ਵਿਚ ਵਟ ਸਕਦੇ ਹਨ। ਇਸ ਤਰ੍ਹਾਂ ਵਿਗਿਆਨ ਆਪਣੇ ਕਾਰਟੇਜ਼ਨੀ ਨਿਖੇੜਵਾਦੀ ਖਾਸੇ ਅਤੇ ਨਿਊਟਨ ਦੀ ਕਲਾਸੀਕਲ ਮਕੈਨਿਕਸ ਵਾਲੇ ਆਧਾਰ ਤੋਂ ਵਿੱਥ ਸਥਾਪਤ ਕਰਦਾ ਹੈ ਅਤੇ ਇਸ ਦੀ ਸੁਰ ਗੁਰਬਾਣੀ ਦੀਆਂ ਅੰਤਰ ਦ੍ਰਿਸ਼ਟੀਆਂ ਨਾਲ ਆ ਮਿਲਦੀ ਹੈ ਜਿਨ੍ਹਾਂ ਮੁਤਾਬਕ-

**ਕਈ ਕੋਟਿ ਕੀਨੇ ਬਹੁ ਭਾਤਿ॥**
**ਪ੍ਰਭ ਤੇ ਹੋਇ ਪ੍ਰਭ ਮਾਹਿ ਸਮਾਤਿ॥** (276, ਮ:1)

**ਜੋਤਿ ਕੀ ਜਾਤਿ ਜਾਤਿ ਕੀ ਜੋਤੀ॥** (325, ਕਬੀਰ ਜੀ)

ਨਿਊਟਨ ਨੇ ਗਰੂਤਾ ਅਤੇ ਗਤੀ ਦੇ ਨਿਯਮ ਕੇਵਲ ਉਨ੍ਹਾਂ ਭਾਰੀਆਂ ਅਤੇ ਨਿੱਗਰ ਵਸਤੂਆਂ ਲਈ ਹੀ ਸੂਤਰਬਧ ਕੀਤੇ ਸਨ ਜੋ ਅਣਗਿਣਤ ਅਣੂਆਂ ਦੀਆਂ ਬਣੀਆਂ ਅਤੇ ਰੌਸ਼ਨੀ ਦੀ ਰਫ਼ਤਾਰ ਨਾਲੋਂ ਬਹੁਤ ਘੱਟ ਰਫ਼ਤਾਰ ਨਾਲ ਗਤੀਸ਼ੀਲ ਹੋਣ। ਪ੍ਰਮਾਣੂੰ (ਕੁਦਰਤ) ਦੀ ਅੰਦਰੂਨੀ ਬਣਤਰ ਅਤੇ ਵਿਹਾਰ ਤੱਕ ਇਨ੍ਹਾਂ ਦੀ ਪਹੁੰਚ ਨਾ ਹੋਈ। ਵੀਹਵੀਂ ਸਦੀ ਵਿਚ ਵਿਗਿਆਨ ਇਸ ਦਿਸ਼ਾ ਵੱਲ ਕਦਮ ਪੁੱਟਣ ਲੱਗਾ। ਰੁਥਰਫੋਰਡ ਦੇ ਪ੍ਰਯੋਗਾਂ ਨੇ ਸਿੱਧ ਕੀਤਾ ਕਿ ਤੱਤ ਦੀ ਸਭ ਤੋਂ ਛੋਟੀ ਇਕਾਈ ਪ੍ਰਮਾਣੂੰ ਦੇ ਕੇਂਦਰ ਵਿਚ ਭਾਰੀ ਨਿਊਕਲੀਅਸ ਹੁੰਦਾ ਹੈ ਜਿਸ ਦੇ ਦੁਆਲੇ ਹਲਕੇ ਇਲੈਕਟ੍ਰੋਨ ਉਸੇ ਤਰ੍ਹਾਂ ਘੇਰਿਆਂ ਵਿਚ ਗਤੀਸ਼ੀਲ ਹਨ ਜਿਵੇਂ ਸੂਰਜ ਦੁਆਲੇ ਗ੍ਰਹਿ ਘੁੰਮਦੇ ਹਨ-

**ਜੋ ਬ੍ਰਹਿਮੰਡਿ ਖੰਡਿ ਸੋ ਜਾਣਹੁ॥**
**ਗੁਰਮੁਖਿ ਬੂਝਹੁ ਸਬਦਿ ਪਛਾਣਹੁ॥** (1041, ਮ:1)

ਫਿਰ ਪਤਾ ਲੱਗਾ ਕਿ ਨਿਊਕਲੀਅਸ ਦੋ ਤਰ੍ਹਾਂ ਦੇ ਕਣਾਂ (ਪ੍ਰੋਟਾਨ ਅਤੇ ਨਿਊਟ੍ਰਾਨ) ਦੀ ਬਣੀ ਹੋਈ ਹੈ ਅਤੇ ਇੰਜ ਪ੍ਰਮਾਣੂੰ ਕੁੱਲ ਤਿੰਨ ਕਿਸਮ ਦੇ ਮੂਲ ਕਣਾਂ ਦਾ ਬਣਿਆ ਹੋਇਆ ਹੈ। ਇਹ ਸਮਝ 1930 ਤੱਕ ਹੀ ਕਾਇਮ ਰਹੀ। 1935 ਤੱਕ 6 ਕਿਸਮ ਦੇ ਮੂਲ ਕਣਾਂ ਦੀ ਪਛਾਣ ਕਰ ਲਈ ਗਈ। 1955 ਤੱਕ ਇਹ ਗਿਣਤੀ ਵਧ ਕੇ 18 ਹੋ ਗਈ। ਹੁਣ ਇਨ੍ਹਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ ਅਤੇ ਹਰ ਸਾਲ ਇਸ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਹੁਣ ਵਿਗਿਆਨੀ ਇਨ੍ਹਾਂ ਸਾਰਿਆਂ ਵਿਚੋਂ ਕਿਸੇ ਨੂੰ ਵੀ ਮੂਲ ਕਣ ਨਹੀਂ ਮੰਨਦੇ ਕਿਉਂਕਿ ਇਹ ਕਣ ਇਕ ਦੂਸਰੇ ਨਾਲ ਜੁੜਦੇ ਟੁੱਟਦੇ ਅਤੇ ਵਟਦੇ ਰਹਿੰਦੇ ਹਨ।[2] ਇਸ ਤਰ੍ਹਾਂ ਵਿਗਿਆਨ ਨੂੰ ਮਾਦੇ ਦੀ ਛੋਟੀ ਤੋਂ ਛੋਟੀ ਇਕਾਈ ਦੀ ਗਹਿਰਾਈ (ਪਤਾਲ) ਦੇ ਅੰਦਰ ਵੀ ਬਾਹਰੀ ਬ੍ਰਹਿਮੰਡ ਜਿੰਨੀ ਬੇਅੰਤਤਾ ਦੇ ਦਰਸ਼ਨ ਹੋਣ ਲੱਗਦੇ ਹਨ ਜਿਸ ਬਾਰੇ ਗੁਰਬਾਣੀ ਦੇ ਫੈਸਲੇ ਹਨ-

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥** (5, ਮ:1)

**ਖੰਡ ਪਾਤਾਲ ਅਸੰਖ ਮੈ ਗਣਤ ਨ ਹੋਈ॥**

*Original with;*
Jaswant Singh Zafar
*Digitized by;*
Panjab Digital Library

**ਤੂ ਕਰਤਾ ਗੋਵਿੰਦੁ ਤੁਧੁ ਸਿਰਜੀ ਤੁਧੈ ਗੋਈ॥** (1283, ਮ:1)

ਪ੍ਰਮਾਣੂ ਦੇ ਅੰਦਰ ਘੁੰਮਣ ਵਾਲੇ ਇਲੈਕਟ੍ਰੋਨ ਦਾ ਵਤੀਰਾ ਸਥਾਈ ਜਾਂ ਇਕ ਸਾਰ ਨਹੀਂ ਰਹਿੰਦਾ, ਇਹ ਕਦੀ ਮਾਦੀ ਕਣ ਵਾਂਗ ਹੁੰਦਾ ਹੈ ਅਤੇ ਕਦੀ ਊਰਜਾਈ ਤਰੰਗ ਵਾਂਗ-

**ਆਪੇ ਸੂਰੁ ਕਿਰਣਿ ਬਿਸਥਾਰੁ॥**
**ਸੋਈ ਗੁਪਤੁ ਸੋਈ ਆਕਾਰੁ॥** (387, ਮ:5)

ਕੁਅੰਟਮ ਥਿਊਰੀ ਮੁਤਾਬਕ ਇਲੈਕਟ੍ਰੋਨ ਦਾ ਇਹ ਦੋਹਰਾ ਵਰਤਾਰਾ ਦੇਖਣ ਵਾਲੇ ਦੀ ਦ੍ਰਿਸ਼ਟੀ ਤੇ ਹੀ ਨਿਰਭਰ ਕਰਦਾ ਹੈ ਭਾਵ ਕਾਰਜ ਅਤੇ ਦਰਸ਼ਕ ਨੂੰ ਨਿਖੇੜਨਾ ਅਸੰਭਵ ਹੈ। ਇਸ ਤਰ੍ਹਾਂ ਵਿਗਿਆਨਕ ਤਰਕ ਪਦਾਰਥ ਦੀ ਅਮਰ ਹੋਂਦ ਦੀ ਬਜਾਏ 'ਵਾਪਰਨ ਵਾਲੇ' ਅਤੇ 'ਦੇਖਣ ਵਾਲੇ' ਦਰਮਿਆਨ ਅਮਰ ਏਕਤਾ ਨੂੰ ਸਮਝ ਲੈਂਦਾ ਹੈ ਜਿਸਦੀ ਗੁਰਬਾਣੀ ਬਾਤ ਪਾਉਂਦੀ ਹੈ:-

**ਕਰਿ ਕਰਿ ਵੇਖੈ ਕੀਤਾ ਆਪਣਾ**
**ਜਿਵ ਤਿਸ ਦੀ ਵਡਿਆਈ॥** (6, ਮ:1)

**ਤੂ ਕਰਿ ਕਰਿ ਦੇਖਹਿ ਕਰਣਹਾਰੁ॥**
**ਜੋਤਿ ਜੀਅ ਅਸੰਖ ਦੇਇ ਅਧਾਰੁ॥** (1190, ਮ:1)

ਆਇਨਸਟਾਈਨ ਨੇ ਇਹ ਵੀ ਸਿੱਧ ਕੀਤਾ ਕਿ ਹਰ ਪ੍ਰਮਾਣੂੰ ਵਿਚ ਕੁਝ ਸ਼ਕਤੀ-ਕਣ ਰੌਸ਼ਨੀ ਦੀ ਰਫ਼ਤਾਰ ਨਾਲ ਲਗਾਤਾਰ ਗਤੀਸ਼ੀਲ ਰਹਿੰਦੇ ਹਨ ਜਿਨ੍ਹਾਂ ਦਾ ਕੋਈ ਆਕਾਰ ਜਾਂ ਵਜ਼ਨ ਨਹੀਂ ਹੁੰਦਾ। ਇਸ ਤਰ੍ਹਾਂ ਵਿਗਿਆਨ ਨੂੰ ਪ੍ਰਕਿਰਤੀ ਦੀ ਬੁਨਿਆਦੀ ਏਕਤਾ ਅਤੇ ਇਸ ਦੇ ਕਣ ਕਣ ਵਿਚ ਇਕ ਸਾਂਝੀ ਜੋਤ ਦਾ ਝਲਕਾਰਾ ਮਿਲਦਾ ਹੈ ਜਿਸ ਦਾ ਗੁਰਬਾਣੀ ਵਿਚ ਵਾਰ ਵਾਰ ਜ਼ਿਕਰ ਆਉਂਦਾ ਹੈ:-

**ਅਨਦਿਨੁ ਨਾਮੇ ਰਤਿਆ ਜੋਤੀ ਜੋਤਿ ਸਮਾਇ॥**
**ਜੋਤੀ ਹੂ ਪ੍ਰਭੁ ਜਾਪਦਾ ਬਿਨੁ ਸਤਗੁਰ ਬੂਝ ਨ ਪਾਇ॥** (35, ਮ:5)

**ਜੋਤੀ ਜੋਤਿ ਮਿਲੀ ਸੁਖੁ ਪਾਇਆ**
**ਜਨ ਨਾਨਕ ਇਕੁ ਪਸਾਰਿਆ ਜੀਉ॥** (97, ਮ:5)

**ਜੋਤਿ ਸਰੂਪੀ ਤਤ ਅਨੂਪ॥**
**ਅਮਲ ਨ ਮਲ ਨ ਛਾਹ ਨਹੀ ਧੂਪ॥** (344, ਕਬੀਰ ਜੀ)

**ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ॥**
**ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੈ ਵਿਚਿ ਛਾਇਆ॥** (351, ਮ:1)

**ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ**

*Original with;*
Jaswant Singh Zafar
*Digitized by;*
Panjab Digital Library

**ਅਕਲ ਕਲਾ ਭਰਪੂਰਿ ਰਹਿਆ॥** (469, ਮ:1)

**ਜਹਿ ਝਿਲਿ ਮਿਲਿ ਕਾਰੁ ਦਿਸੰਤਾ॥ ਤਹ ਅਨਹਦ ਸਬਦ ਬਜੰਤਾ॥**
**ਜੋਤੀ ਜੋਤਿ ਸਮਾਨੀ॥ ਮੈ ਗੁਰ ਪਰਸਾਦੀ ਜਾਨੀ॥** (657, ਨਾਮਦੇਵ ਜੀ)

**ਸਭ ਮਹਿ ਜੋਤਿ ਜੋਤਿ ਹੈ ਸੋਇ॥**
**ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥** (663, ਮ:1)

**ਜੋਤਿ ਸਬਾਇੜੀਏ ਤ੍ਰਿਭਵਣ ਸਾਰੇ ਰਾਮ॥**
**ਘਟਿ ਘਟਿ ਰਵਿ ਰਹਿਆ ਅਲਖ ਅਪਾਰੇ ਰਾਮ॥** (843, ਮ:1)

**ਕਰੁ ਰੇ ਗਿਆਨੀ ਬ੍ਰਹਮ ਬੀਚਾਰੁ॥**
**ਜੋਤੀ ਅੰਤਰਿ ਧਰਿਆ ਪਾਸਾਰੁ॥** (972, ਕਬੀਰ ਜੀ)

**ਨਿਰੰਕਾਰੁ ਅਛਲ ਅਡੋਲੋ॥ ਜੋਤਿ ਸਰੂਪੀ ਸਭੁ ਜਗੁ ਮਉਲੋ॥** (1083, ਮ:5)

**ਜੋਤਿ ਸਰੂਪ ਜਾ ਕੀ ਸਭ ਵਥੁ॥**
**ਕਰਣ ਕਾਰਣ ਪੂਰਨ ਸਮਰਥੁ॥** (1056, ਮ:5)

ਆਇਨਸਟਾਈਨ ਮੁਤਾਬਕ ਪ੍ਰਮਾਣੂੰ ਅੰਦਰਲੇ ਕਿਸੇ ਕਣ ਦੀ ਮੌਜੂਦਗੀ, ਸਥਿਤੀ, ਗਤੀ ਅਤੇ ਊਰਜਾ ਆਦਿ ਨੂੰ ਦੂਸਰੇ ਕਣਾਂ ਤੋਂ ਵੀ ਵਖਰਿਆ ਕੇ ਦੇਖਣ ਜਾਂ ਗਿਣਨ-ਮਿਣਨ ਬਾਰੇ ਸੋਚਿਆ ਨਹੀਂ ਜਾ ਸਕਦਾ। ਇਸ ਤਰ੍ਹਾਂ ਵਿਗਿਆਨ ਗੁਰਬਾਣੀ ਦੀ ਪ੍ਰਕਿਰਤੀ ਚੇਤਨਾ ਦੇ ਰਾਹੇ ਪੈਂਦਾ ਹੈ ਜਿਸ ਮੁਤਾਬਕ ਪੂਰੀ ਸ੍ਰਿਸ਼ਟੀ ਵੱਖ ਵੱਖ, ਵਸਤਾਂ, ਜੀਵਾਂ, ਧਰਤੀਆਂ, ਅਸਮਾਨਾਂ, ਸ਼ਕਤੀਆਂ, ਵਰਤਾਰਿਆਂ, ਸਰਗਰਮੀਆਂ, ਅਨੁਭਵਾਂ, ਵਿਚਾਰਾਂ ਆਦਿ ਦਾ ਹਿਸਾਬੀ ਜੋੜ ਨਹੀਂ ਸਗੋਂ ਸਭ ਕਾਸੇ ਦੀ ਅੰਤਰ-ਸਬੰਧਤ ਸਹਿ-ਹੋਂਦ ਹੈ-

**ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥**
**ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥**
**ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥**
**ਕੁਦਰਤਿ ਖਾਣਾ ਪੀਣਾ ਪੈਨ੍ਹਣੁ ਕੁਦਰਤਿ ਸਰਬ ਪਿਆਰੁ॥**
**ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ॥**
**ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ॥**
**ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥**
**ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕਿ॥**
**ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥** (464, ਮ:1)

*Original with;*
Jaswant Singh Zafar
*Digitized by;*
Panjab Digital Library

ਅੰਤਰ-ਸਬੰਧਤ ਜੀਵਨ ਬੁਣਤੀ ਵਿਚ ਕਿਸੇ ਵੀ ਜੀਵ ਦੀ ਦੂਸਰੇ ਜੀਵਾਂ ਬਗੈਰ ਹੋਂਦ ਸੰਭਵ ਨਹੀਂ ਹੈ। ਅੱਗੋਂ ਸਾਰੇ ਜੀਵਾਂ ਦੇ ਭੋਜਨ ਦਾ ਮੂਲ ਸਰੋਤ ਬਨਸਪਤੀ ਹੈ। ਇਨ੍ਹਾਂ ਦੇ ਸਾਹਾਂ ਲਈ ਲੋੜੀਂਦੀ ਸਾਰੀ ਦੀ ਸਾਰੀ ਆਕਸੀਜਨ ਵੀ ਇਨ੍ਹਾਂ ਰੁੱਖਾਂ ਵੇਲਾਂ ਬੂਟਿਆਂ ਰਾਹੀਂ ਪੈਦਾ ਕੀਤੀ ਜਾ ਰਹੀ ਹੈ। ਇਸ ਨਿਰਭਰਤਾ ਸਬੰਧੀ ਗੁਰਬਾਣੀ ਦਾ ਸੰਕੇਤਕ ਬਿਆਨ ਦੇਖੋ:

**ਬਿਰਖੈ ਹੇਠਿ ਸਭਿ ਜੰਤ ਇਕਠੇ॥** (1019, ਮ:5)

ਰੁੱਖ ਤੋਂ ਜੀਵਾਂ ਦੀਆਂ ਕੇਵਲ ਖੁਰਾਕੀ ਅਤੇ ਸੁਆਸੀ ਲੋੜਾਂ ਹੀ ਪੂਰੀਆਂ ਨਹੀਂ ਹੁੰਦੀਆਂ ਸਗੋਂ ਇਹ ਜੀਵਾਂ ਦੇ ਤਨਾਂ ਮਨਾਂ ਨੂੰ ਠੰਡਕ ਪਹੁੰਚਾਉਣ ਲਈ ਲੋੜੀਂਦੇ ਆਰਾਮ ਘਰਾਂ ਦੇ ਰੂਪ ਵਿਚ ਵੀ ਸਥਾਪਤ ਹਨ:-

**ਜਾ ਕੇ ਰੁਖ ਬਿਰਖ ਆਰਾਉ॥** (25, ਮ:1)

ਬਨਸਪਤੀ ਦੇ ਨਸ਼ਟ ਹੋਣ ਨਾਲ ਧਰਤੀ ਦਾ ਸਮੁੱਚਾ ਜੀਵਨ ਸੰਤੁਲਨ ਵਿਗੜ ਜਾਂਦਾ ਹੈ। ਇਸ ਲਈ ਇਸ ਦੀ ਸਾਂਭ ਸੰਭਾਲ ਅਤੇ ਸਤਿਕਾਰ ਲਈ ਗੁਰਬਾਣੀ ਵਿਚ ਉਚੇਚੇ ਉਪਦੇਸ਼ ਹਨ-

**ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰ ਦੇਉ॥**
**ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ॥** (479, ਕਬੀਰ ਜੀ)

**ਕਬੀਰ ਦਾਤਾ ਤਰਵਰੁ ਦਯਾ ਫਲੁ ਉਪਕਾਰੀ ਜੀਵੰਤ॥**
**ਪੰਖੀ ਚਲੇ ਦਿਸਾਵਰੀ ਬਿਰਖਾ ਸੁਫਲ ਫਲੰਤ॥** (1376, ਕਬੀਰ ਜੀ)

**ਕਾਇਆ ਕੂਮਲ ਫੁਲ ਗੁਣ ਨਾਨਕ ਗੁਪਸਿ ਮਾਲ॥**
**ਏਨੀ ਫੁਲੀ ਰਉ ਕਰੇ ਅਵਰ ਕਿ ਚੁਣੀਅਹਿ ਡਾਲ॥** (791, ਮ:1)

ਸਾਡੀ ਅਪ੍ਰਮਾਣਿਕ ਪਹੁੰਚ ਦੇ ਸਿੱਟੇ ਵਜੋਂ ਪੈਦਾ ਹੋਈ ਸਨਅਤਕਾਰੀ ਕਾਰਨ ਵਧ ਰਹੇ ਪ੍ਰਦੂਸ਼ਣ ਨੇ ਸਰੀਰਕ ਅਤੇ ਮਾਨਸਿਕ ਸਿਹਤ ਲਈ ਭਿਆਨਕ ਖਤਰੇ ਪੈਦਾ ਕੀਤੇ ਹਨ। ਦਿਲਚਸਪ ਗੱਲ ਹੈ ਕਿ ਗੁਰਬਾਣੀ ਵਿਚ ਤਨ ਦੀ ਅਰੋਗਤਾ, ਮਨ ਦੀ ਪ੍ਰਸੰਨਤਾ, ਚੌਗਿਰਦੇ ਦੀ ਸੁੰਦਰਤਾ, ਜੀਵਨ ਦੀ ਪ੍ਰਮਾਣਿਕਤਾ, ਪ੍ਰਮਾਤਮਾ ਦੀ ਸਰਬ ਵਿਆਪਕਤਾ ਆਦਿ ਸਭ ਕਾਸੇ ਨੂੰ ਬਨਸਪਤੀ ਦੀ ਹਰਿਆਵਲ ਦੇ ਪ੍ਰਤੀਕ ਨਾਲ ਬਿਆਨ ਕੀਤਾ ਗਿਆ-

**ਏ ਮਨ ਹਰਿਆ ਸਹਜ ਸੁਭਾਇ॥** (ਖੇੜਾ)

**ਮਨਿ ਬਸੰਤੁ ਤਨੁ ਮਨੁ ਹਰਿਆ ਹੋਇ॥** (ਅਰੋਗਤਾ)

**ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ॥** (ਸੁੰਦਰਤਾ)

*Original with;*
Jaswant Singh Zafar
*Digitized by;*
Panjab Digital Library

**ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ**
**ਕੋਈ ਹਰਿਆ ਬੂਟੁ ਰਹਿਓ ਰੀ॥** (ਪ੍ਰਮਾਣਿਕਤਾ)

**ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ॥**
**ਆਬ ਖਾਕੁ ਜਿਨਿ ਬੰਧਿ ਰਹਾਈ ਧੰਨੁ ਸਿਰਜਣਹਾਰੋ॥** (ਸਰਬ ਵਿਆਪਕਤਾ)

ਇਸ ਤਰ੍ਹਾਂ ਗੁਰਬਾਣੀ ਦਾ ਕੁਦਰਤ ਬੋਧ 'ਆਧੁਨਿਕਤਾ' ਕਾਰਨ ਪੈਦਾ ਹੋਏ ਖਤਰਿਆਂ ਅਤੇ ਮਸਲਿਆਂ ਨੂੰ ਨਜਿੱਠਣ ਲਈ ਪਥ ਪ੍ਰਦਰਸ਼ਕ ਵੀ ਬਣਦਾ ਹੈ। ਇਸ ਆਧੁਨਿਕਤਾ ਦੀ ਬੁਨਿਆਦ ਭਾਵ ਕਾਰਟੇਜ਼ੀਅਨ ਨਿਖੇੜਵਾਦ ਅਤੇ ਸ੍ਰਿਸ਼ਟੀ ਦੀ ਉਤਪਤੀ ਸਬੰਧੀ ਨਿਊਟਨੀ ਧਾਰਨਾਵਾਂ ਨੂੰ ਤਾਂ ਵਿਗਿਆਨ ਆਪ ਹੀ ਗਲਤ ਸਾਬਤ ਕਰਨ ਲੱਗਾ ਹੈ। ਥਰਮੋਡਾਈਨਾਮਿਕਸ ਵਿਚ ਐਨਟ੍ਰੌਪੀ (Entropy) ਦੇ ਸੰਕਲਪ ਦੇ ਦਾਖਲੇ ਮਗਰੋਂ ਸਿੱਧ ਹੋਇਆ ਕਿ ਬ੍ਰਹਿਮੰਡ (space) ਲਗਾਤਾਰ ਫੈਲ ਰਿਹਾ ਹੈ, ਕਿਸੇ ਵੇਲੇ ਇਹ ਇਕ ਨੁਕਤੇ ਤੇ ਸੁੰਗੜਿਆ ਹੋਇਆ ਸੀ। ਇਸ ਨੁਕਤੇ ਵਿਚ ਹੋਏ ਵੱਡੇ ਧਮਾਕੇ (Big bang) ਨਾਲ ਸ੍ਰਿਸ਼ਟੀ ਹੋਂਦ ਵਿਚ ਆਈ। ਸਮੇਂ ਦੇ ਗੇੜ ਨਾਲ ਬ੍ਰਹਿਮੰਡ ਫਿਰ ਸੁੰਗੜਨ ਲੱਗੇਗਾ ਅਤੇ ਇਕ ਨੁਕਤੇ ਵਿਚ ਸਿਮਟ ਜਾਏਗਾ। ਇਹ ਗੇੜ ਚਲਦਾ ਰਿਹਾ ਹੈ ਅਤੇ ਚਲਦਾ ਰਹਿਣਾ ਹੈ:

**ਕਈ ਬਾਰ ਪਸਰਿਓ ਪਾਸਾਰ॥ ਸਦਾ ਸਦਾ ਇਕੁ ਏਕੰਕਾਰ॥**
**ਕਈ ਕੋਟਿ ਕੀਨੇ ਬਹੁ ਭਾਤਿ॥ਪ੍ਰਭ ਤੇ ਹੋਇ ਪ੍ਰਭ ਮਾਹਿ ਸਮਾਤਿ॥** (276, ਮ:1)

ਇਸ ਤਰ੍ਹਾਂ ਗੁਰਬਾਣੀ ਕੁਦਰਤ ਅਤੇ ਬ੍ਰਹਿਮੰਡ ਦੀ ਅੰਤਰੀਵ ਏਕਤਾ ਅਤੇ ਗਤੀਸ਼ੀਲਤਾ ਦੇ ਨਾਲ ਨਾਲ ਸਮੁੱਚੇ ਬ੍ਰਹਿਮੰਡ ਦੀ ਨਿਰੰਤਰ ਗਤੀਸ਼ੀਲਤਾ ਅਤੇ ਪਰਿਵਰਤਨਸ਼ੀਲਤਾ ਦੀ ਵੀ ਗੱਲ ਕਰਦੀ ਹੈ-

**ਅਲਾਹੁ ਅਲਖੁ ਅਗੰਮੁ ਕਾਦਰੁ ਕਰਣੁਹਾਰੁ ਕਰੀਮੁ॥**
**ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ॥**
**ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ॥**
**ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ॥**
**ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ॥**
**ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ॥** (64, ਮ:1)

ਪ੍ਰਾਚੀਨ ਧਾਰਮਿਕਤਾ ਕੁਦਰਤ ਦੇ ਵੱਖ ਵੱਖ ਵਰਤਾਰਿਆਂ ਰੂਪਾਂ, ਰੰਗਾਂ, ਅੰਗਾਂ, ਢੰਗਾਂ ਨੂੰ ਵੱਖ ਵੱਖ ਦੇਵੀ ਦੇਵਤਿਆਂ ਦੇ ਚਿਹਨਾਂ ਰਾਹੀਂ ਸਮਝਦੀ ਅਤੇ ਪੇਸ਼ ਕਰਦੀ ਸੀ। ਸਭ ਦੇਵੀ ਦੇਵਤਿਆਂ ਦੇ ਸੁਭਾਅ, ਕਾਰਜ ਖੇਤਰ ਅਤੇ ਅਧਿਕਾਰ ਖੇਤਰ ਵੱਖੋ ਵੱਖਰੇ। ਇਕ ਦੂਸਰੇ ਨਾਲ ਕਿਤੇ ਟਕਰਾ ਕਿਤੇ ਸਹਿਯੋਗ। ਪਰ ਸਭ ਦੀ

*Original with;*
Jaswant Singh Zafar
*Digitized by;*
Panjab Digital Library

ਹਸਤੀ ਵੱਖੋ ਵੱਖਰੀ। ਇਨ੍ਹਾਂ ਦੀ ਗਿਣਤੀ ਭਾਵੇਂ ਕਰੋੜਾਂ ਵਿਚ ਹੈ ਪਰ ਇਹ ਅਣਗਿਣਤ ਨਹੀਂ ਹਨ। ਗਿਣਤੀ ਤੋਂ ਪਾਰ ਜਾਂ ਬਾਹਰ ਨਹੀਂ ਹਨ। ਮੋਟੇ ਤੌਰ ਤੇ ਕੁਦਰਤ ਦੇ ਸਮੁੱਚੇ ਵਰਤਾਰੇ ਨੂੰ ਤਿੰਨ ਭਾਗਾਂ 1. ਰਚਨਾ/ਉਤਪਾਦਨ 2. ਸੰਚਾਲਨ/ਪ੍ਰਿਤਪਾਲਨ ਅਤੇ 3. ਵਿਨਾਸ਼ ਵਿਚ ਵੰਡ ਕੇ ਕ੍ਰਮਵਾਰ ਤਿੰਨ ਮੁਖੀਆਂ 1. ਬ੍ਰਹਮਾ 2. ਵਿਸ਼ਨੂੰ ਅਤੇ 3. ਮਹੇਸ਼ ਦੇ ਅਧੀਨ ਮੰਨਿਆਂ ਗਿਆ। ਪਰ ਗੁਰਬਾਣੀ ਵਲੋਂ ਕੁਦਰਤ ਦੀ ਅਜਿਹੀ ਵੰਡ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਸਗਲ ਸ੍ਰਿਸ਼ਟੀ ਅਤੇ ਪ੍ਰਭੂ ਦੀ ਅਨੰਤਤਾ ਦੀ ਏਕਤਾ ਨੂੰ ਚਿਹਨਤ ਕਰਨ ਵਾਲੇ ਅਤੇ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਸ਼ਬਦ ੴ ਦੇ ਅੱਗੇ ਲੱਗਾ ਏਕਾ ਹੀ ਇਸ ਅਸਹਿਮਤੀ ਦਾ ਐਲਾਨ ਕਰ ਦਿੰਦਾ ਹੈ। ਜਦੋਂ ਅੰਕਾਂ ਦੇ ਜੋੜ ਤੋਂ ਪਾਰਲੀ ਅਨੰਤਤਾ ਨੂੰ ਸਮਝ ਲਿਆ ਜਾਂਦਾ ਹੈ ਤਾਂ ਅਜਿਹੀ ਵੰਡ ਆਪਣੇ ਆਪ ਨਕਾਰੀ ਜਾਂਦੀ ਹੈ। ਈਸ਼ਵਰ ਜਾਂ ਉਸ ਦੀ ਕੁਦਰਤ ਦੇ ਅਨੰਤ ਪਾਸਾਰ ਨੂੰ ਇਸ ਤਰ੍ਹਾਂ ਲਿਖ ਕੇ ਦੇਖਦੇ ਹਾਂ:-

ਈਸ਼ਵਰ (GOD) = 1+2+3+4+5+6+7+8+9+10+11+ ---

ਇਸ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਦੇਖੀਏ-

ਬ੍ਰਹਮਾ (G: Generator) = 1+4+7+10+13+16+ -------

ਵਿਸ਼ਨੂੰ (O: Operator) = 2+5+8+11+14+17+ -------

ਮਹੇਸ਼ (D: Destroyer) = 3+6+9+12+15+18+ -------

ਧਿਆਨ ਨਾਲ ਦੇਖੀਏ ਤਾਂ ਤੀਸਰਾ ਭਾਗ ਆਪਣੇ ਮੂਲ ਨਾਲੋਂ ਤਿੰਨ ਗੁਣਾ ਜ਼ਿਆਦਾ ਪ੍ਰਤੀਤ ਹੁੰਦਾ ਹੈ-

ਮਹੇਸ਼ =3+6+9+12+15+ --- = 3(1+2+3+4+5+----)= 3 x ਈਸ਼ਵਰ

ਇਸ ਤਰ੍ਹਾਂ ਉਪਰੋਕਤ ਵੰਡ ਹਾਸੋਹੀਣੀ ਸਿੱਧ ਹੁੰਦੀ ਹੈ।(3) ਹੁਣ ਤੱਕ ਦੇ ਵਿਗਿਆਨ ਨੇ ਵੀ ਕੁਦਰਤ ਦੇ ਸਮੁੱਚੇ ਵਰਤਾਰੇ ਨੂੰ ਖੰਡਾਂ ਵਿਚ ਵੰਡ ਕੇ ਦੇਖਿਆ ਸਮਝਿਆ ਹੈ। ਮਾਦੇ ਦੇ ਸੂਖ਼ਮ ਭਾਗ, ਜਿਥੇ ਨਿਊਟਨ ਦੇ ਨਿਯਮ ਲਾਗੂ ਨਹੀਂ ਹੁੰਦੇ, ਵਾਸਤੇ ਕੁਅੰਟਮ ਥਿਊਰੀ ਘੜੀ ਗਈ। ਬਿਜਲਈ ਖੇਤਰ ਅਤੇ ਚੁੰਬਕੀ ਖੇਤਰ ਦੇ ਪ੍ਰਸਪਰ ਪ੍ਰਭਾਵ ਨੂੰ Electomagnetic ਥਿਊਰੀ ਰਾਹੀਂ ਸੂਤਰਬੱਧ ਕੀਤਾ ਗਿਆ। ਇਸੇ ਤਰ੍ਹਾਂ ਜੀਵ ਵਿਗਿਆਨ, ਰਸਾਇਣ ਵਿਗਿਆਨ, ਭੂ ਵਿਗਿਆਨ, ਖਗੋਲ ਵਿਗਿਆਨ ਆਦਿ ਖੇਤਰਾਂ ਵਿਚ ਹੋਇਆ। ਗੱਲ ਕੀ ਵਿਗਿਆਨ ਵਲੋਂ ਕੁਦਰਤ ਦੇ ਵੱਖ ਵੱਖ ਵਰਤਾਰਿਆਂ ਰੂਪਾਂ, ਰੰਗਾਂ, ਅੰਗਾਂ, ਢੰਗਾਂ ਨੂੰ ਵੱਖ ਵੱਖ ਥਿਊਰੀਆਂ, ਮਾਡਲਾਂ ਅਤੇ ਸਮੀਕਰਣਾ ਰਾਹੀਂ ਪੇਸ਼ ਕੀਤਾ ਗਿਆ। ਇਨ੍ਹਾਂ ਥਿਊਰੀਆਂ, ਮਾਡਲਾਂ ਅਤੇ ਸਮੀਕਰਣਾ ਨੇ ਪੁਰਾਤਨ ਦੇਵੀ ਦੇਵਤਿਆਂ ਵਾਲੀ ਸਥਿਤੀ ਲੈ ਲਈ ਹੈ। ਨਿਖੇੜ ਕਾਇਮ ਰਿਹਾ। ਮਨੁੱਖ ਦੀ ਦ੍ਰਿਸ਼ਟੀ 'ਤੇ ਦੁਰਾਂਡਾ ਭਾਰੂ ਰਿਹਾ। ਸਥਾਪਤ ਸਿਆਸਤ ਅਤੇ ਆਰਥਿਕ ਪ੍ਰਬੰਧ ਨੂੰ ਵੀ ਇਵੇਂ ਹੀ ਪੁੱਗਦਾ ਹੈ। ਪ੍ਰਮਾਣੂੰ ਦਾ ਅੰਦਰੂਨੀ ਗਿਆਨ ਗਿਣਵੀਆਂ ਪ੍ਰਯੋਗਸ਼ਾਲਾਵਾਂ ਦੇ ਵਰਤਣ ਦੀ ਚੀਜ਼ ਹੀ ਬਣਿਆ, ਇਹ ਮਨੁੱਖੀ ਸੱਭਿਆਚਾਰ ਜਾਂ

*Original with;*
Jaswant Singh Zafar
*Digitized by;*
Panjab Digital Library

ਨਵੀਂ ਵਿਸ਼ਵ ਦ੍ਰਿਸ਼ਟੀ ਵਜੋਂ ਸੰਚਾਰਤ ਨਹੀਂ ਹੋਇਆ। ਜਿਸ ਕਰਕੇ ਇਸ ਗਿਆਨ ਕਾਰਨ ਬ੍ਰਹਮ ਗਿਆਨੀ ਨਹੀਂ ਪ੍ਰਮਾਣੂੰ ਬੰਬ ਪੈਦਾ ਹੋਏ। ਧਰਤੀ ਦੀ ਉਪਜਾਊ ਸ਼ਕਤੀ ਤੱਕ ਨੂੰ ਨਸ਼ਟ ਕਰਨ ਵਾਲੇ ਪ੍ਰਮਾਣੂੰ ਧਮਾਕੇ ਕੌਮਾਂ ਦੀ ਸ਼ਾਨ ਦੇ ਪਰਚਮ ਮੰਨੇ ਜਾਣ ਲੱਗੇ ਹਨ।

ਮਨੁੱਖ ਦੀਆਂ ਬੌਧਿਕ ਸੀਮਾਵਾਂ ਕਰਕੇ ਨਿਖੇੜਵਾਦ ਸਾਡੇ ਮਨ ਅਤੇ ਵਤੀਰੇ ਦਾ ਲਾਜ਼ਮੀ ਸੱਚ ਹੈ। ਗੁਰਬਾਣੀ ਵਲੋਂ ਮਨੁੱਖ ਨੂੰ 'ਮੈਂ' ਅਤੇ 'ਕੁਦਰਤ ਤੇ ਕਾਦਰ' ਦੇ ਨਿਖੇੜ ਨੂੰ ਘਟਾਉਣ ਲਈ ਲਗਾਤਾਰ ਅਭਿਆਸ ਕਰਨ ਦੀ ਪ੍ਰੇਰਨਾ ਕੀਤੀ ਗਈ ਹੈ ਤਾਂ ਕਿ ਮਨੁੱਖ 'ਵਿਛੋੜੇ' ਅਤੇ 'ਮਿਲਾਪ' ਦੇ ਸੰਤੁਲਨ ਨਾਲ ਆਨੰਦ ਅਤੇ ਕਲਿਆਣ ਦਾ ਭਾਗੀ ਬਣ ਸਕੇ-

**ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥** ( 6, ਮ:1)

ਜਾਂਦੇ ਜਾਂਦੇ ਗੁਰਬਾਣੀ ਦੇ ਕੁਦਰਤ ਬੋਧ ਨੂੰ ਪ੍ਰਗਟਾਉਂਦੇ ਗੁਰੂ ਅਮਰਦਾਸ ਜੀ ਦੇ ਕੁਦਰਤ-ਕਾਵਿ ਦੀ ਕੋਮਲਤਾ ਨੂੰ ਮਾਣਦੇ ਹਾਂ:

**ਬਸੰਤੁ ਚੜਿਆ ਫੂਲੀ ਬਨਰਾਇ॥**
**ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ॥**
**ਇਨ ਬਿਧਿ ਇਹੁ ਮਨੁ ਹਰਿਆ ਹੋਇ॥**
**ਹਰਿ ਹਰਿ ਨਾਮੁ ਜਪੈ ਦਿਨੁ ਰਾਤੀ**
**ਗੁਰਮੁਖਿ ਹਉਮੈ ਕਢੈ ਧੋਇ॥ ਰਹਾਉ॥**
**ਸਤਿਗੁਰ ਬਾਣੀ ਸਬਦੁ ਸੁਣਾਏ॥**
**ਇਹੁ ਜਗੁ ਹਰਿਆ ਸਤਿਗੁਰ ਭਾਏ॥**
**ਫਲ ਫੂਲ ਲਾਗੇ ਜਾਂ ਆਪੇ ਲਾਏ॥**
**ਮੂਲਿ ਲਗੈ ਤਾਂ ਸਤਿਗੁਰੁ ਪਾਏ॥**
**ਆਪਿ ਬਸੰਤੁ ਜਗਤੁ ਸਭੁ ਵਾੜੀ॥**
**ਨਾਨਕ ਪੂਰੈ ਭਾਗਿ ਭਗਤਿ ਨਿਰਾਲੀ॥** (1176, ਮ:3)

********************

**ਹਵਾਲੇ:**


(1). Fritjof Capra, Tao of Physics, pMnw 44
(2). Tables of Particle Properties, Vol 50B No.1, ParticlesData Group in Physics Letters
(3). ਸੱਜਣ ਸਿੰਘ, ਗੁਰਬਾਣੀ ਤੇ ਗਣਿਤ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ, ਵਿਸਮਾਦੁ ਨਾਦ, ਪੰਨਾ 404



*Original with;*
Jaswant Singh Zafar
*Digitized by;*
Panjab Digital Library

# ਪਾਣੀ ਪਿਤਾ ਜਗਤ ਕਾ

**ਨਾਨਕ ਇਹੁ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਕੋਇ॥**
**ਗੁਰ ਪਰਸਾਦੀ ਕੋ ਵਿਰਲਾ ਬੂਝੈ ਸੋ ਜਨੁ ਮੁਕਤੁ ਸਦਾ ਹੋਇ॥**

(ਗੁਰੂ ਅਮਰਦਾਸ ਜੀ)

ਕਿਸੇ ਗ੍ਰਹਿ ਜਾਂ ਉਪਗ੍ਰਹਿ 'ਤੇ ਜੀਵਨ ਦੀਆਂ ਸੰਭਾਵਨਾਵਾਂ ਦਾ ਪਤਾ ਲਾਉਣ ਲਈ ਉੱਥੇ ਪਾਣੀ ਦੀ ਹੋਂਦ ਬਾਰੇ ਖੋਜ ਕੀਤੀ ਜਾਂਦੀ ਹੈ। ਪਾਣੀ ਹੈ ਤਾਂ ਜੀਵਨ ਹੋ ਸਕਦਾ ਹੈ। ਪਾਣੀ ਨਹੀਂ ਤਾਂ ਜੀਵਨ ਸੰਭਾਵਨਾ ਵੀ ਨਹੀਂ। ਜੀਵਨ ਦੇ ਹੋਂਦ ਵਿਚ ਆਉਣ ਦੀ ਪ੍ਰਕਿਰਿਆ ਨੂੰ ਗੁਰੂ ਨਾਨਕ ਦੇਵ ਇਸ ਤਰ੍ਹਾਂ ਬਿਆਨ ਕਰਦੇ ਹਨ:

**ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥**
**ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥** (ਪੰਨਾ 19)

ਧਰਤੀ ਨਾਂ ਦੇ ਇਸ ਆਕਾਸ਼ੀ ਪਿੰਡ ਦੇ ਠੰਡਾ ਹੋਣ ਅਤੇ ਸਥੂਲ ਧਰਾਤਲ ਦਾ ਰੂਪ ਅਖਤਿਆਰ ਕਰਨ ਤੋਂ ਪਹਿਲਾਂ ਕੇਵਲ ਗੈਸਾਂ ਸਨ। ਬਿਜਲਈ ਊਰਜਾ ਕਾਰਨ ਹਵਾ ਵਿਚਲੀਆਂ ਦੋ ਪ੍ਰਮੁੱਖ ਗੈਸਾਂ ਹਾਈਡ੍ਰੋਜਨ ਅਤੇ ਆਕਸੀਜਨ ਦੇ ਰਸਾਇਣਕ ਮੇਲ਼ ਨਾਲ ਭਾਫ਼ ਬਣੀ। ਤਾਪਮਾਨ ਘਟਣ ਨਾਲ ਇਸ ਭਾਫ਼ ਨੇ ਤਰਲ ਰੂਪ ਧਾਰਨ ਕੀਤਾ ਜਿਸ ਨੂੰ ਜਲ ਜਾਂ ਪਾਣੀ ਆਖਦੇ ਹਾਂ। ਇਸ ਪਾਣੀ ਕਾਰਨ ਪਹਿਲਾਂ ਬਨਸਪਤੀ ਹੋਂਦ ਵਿਚ ਆਈ। ਫਿਰ ਅਨੇਕਾਂ ਪ੍ਰਕਾਰ ਦੇ ਜੀਆ ਜੰਤ ਦਾ ਵਿਕਾਸ ਹੋਇਆ। ਗੁਰੂ ਨਾਨਕ ਸਾਹਿਬ ਅਨੁਸਾਰ ਹਵਾ, ਪਾਣੀ ਅਤੇ ਊਰਜਾ ਧਰਤੀ ਦੇ ਹੋਂਦ ਵਿਚ ਆਉਣ ਸਮੇਂ ਜਿਸ ਤਰ੍ਹਾਂ ਇਕ ਦੂਸਰੇ ਵਿਚ ਵਟਦੇ ਘਟਦੇ ਅਤੇ ਜੁੜਦੇ ਰਹੇ ਹਨ; ਉਸੇ ਤਰ੍ਹਾਂ ਸਾਡੇ ਸਰੀਰ ਅੰਦਰ ਵੀ ਲਗਾਤਾਰ ਕਿਰਿਆਸ਼ੀਲ ਹਨ:-

**ਪਉਣੈ ਪਾਣੀ ਅਗਨੀ ਕਾ ਮੇਲੁ॥** (ਪੰਨਾ 152)

**ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ॥**
(ਪੰਨਾ 340)

**ਪਉਣੁ ਪਾਣੀ ਅਗਨੀ ਮਿਲਿ ਜੀਆ॥** (ਪੰਨਾ 1026)

**ਜਗਤੁ ਉਪਾਇ ਖੇਲੁ ਰਚਾਇਆ॥**
**ਪਵਣੈ ਪਾਣੀ ਅਗਨੀ ਜੀਉ ਪਾਇਆ॥** (ਪੰਨਾ 1031)

*Original with;*
Jaswant Singh Zafar
*Digitized by;*
Panjab Digital Library

**ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ ਰਚਾਇਦਾ॥** (ਪੰਨਾ 1036)

**ਪਉਣੈ ਪਾਣੀ ਅਗਨੀ ਕਾ ਸਨਬੰਧ॥** (ਪੰਨਾ 1257)

ਇਸੇ ਗੱਲ ਨੂੰ ਗੁਰੂ ਅਮਰਦਾਸ ਵੀ ਦੁਹਰਾਉਂਦੇ ਹਨ:

**ਪਉਣੁ ਪਾਣੀ ਬੈਸੰਤਰੁ ਸਭਿ ਸਹਲੰਗਾ॥** (ਪੰਨਾ 160)

**ਸੂਤਕੁ ਅਗਨਿ ਪਉਣੈ ਪਾਣੀ ਮਾਹਿ॥** (ਪੰਨਾ 229)

ਧਰਤੀ 'ਤੇ ਹਵਾ ਅਤੇ ਅਗਨੀ (ਊਰਜਾ) ਤਾਂ ਪਾਣੀ ਅਤੇ ਜੀਵਨ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਵੀ ਮੌਜੂਦ ਸਨ। ਪਰ ਜੀਵਨ ਦਾ ਸਾਰਾ ਰੌਣਕ ਮੇਲਾ ਤਾਂ ਪਾਣੀ ਦੀ ਆਮਦ ਤੋਂ ਬਾਅਦ ਹੀ ਸ਼ੁਰੂ ਹੋਇਆ-

**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥** (ਮ:1, ਪੰਨਾ 472)

**ਜਲ ਹੀ ਤੇ ਸਭ ਊਪਜੈ ਬਿਨੁ ਜਲ ਪਿਆਸ ਨ ਜਾਇ॥** (ਮ:3, ਪੰਨਾ 1420)

ਸਾਡੀ ਧਰਤੀ ਹੇਠਲੇ ਅਤੇ ਸਮੁੰਦਰ ਵਿਚਲੇ ਪਾਣੀ ਨੂੰ ਕੁਦਰਤ ਨੇ ਸਥਾਈ ਤੌਰ ਤੇ ਨਹੀਂ ਟਿਕਾਇਆ ਹੋਇਆ। ਸਮੁੰਦਰ 'ਚੋਂ ਪਾਣੀ ਵਾਸ਼ਪ ਬਣ ਉੱਡਦਾ, ਬੱਦਲ਼ ਬਣਦਾ, ਬਰਸਦਾ, ਧਰਤੀ ਉਤਲੀ ਬਨਸਪਤੀ ਨੂੰ ਸਿੰਜਦਾ, ਦਰਿਆ, ਨਦੀ ਨਾਲ਼ਾ ਬਣ ਵਗਦਾ, ਪਸ਼ੂ ਪੰਛੀਆਂ ਦੀ ਪਿਆਸ ਬੁਝਾਉਂਦਾ, ਧਰਤੀ ਵਿਚ ਜੀਰਦਾ, ਬਾਕੀ ਫਿਰ ਸਮੁੰਦਰ ਵਿਚ ਜਾ ਮਿਲਦਾ। ਪਾਣੀ ਦੀ ਇਹ ਲਗਾਤਾਰ ਗਤੀਸ਼ੀਲਤਾ ਹੀ ਜ਼ਿੰਦਗੀ ਦੀ ਨਿਰੰਤਰਤਾ ਬਣਾਈ ਰੱਖਦੀ ਹੈ। ਧਰਤੀ ’ਤੇ ਜੀਵਨ ਦੇ ਚਲਦੇ ਰਹਿਣ ਲਈ ਇਹ ਨਦੀਆਂ ਨਾਲੇ ਉਸੇ ਤਰ੍ਹਾਂ ਹਨ ਜਿਵੇਂ ਜਿਉਂਦੇ ਆਦਮੀ ਦੇ ਸਰੀਰ ਦੀਆਂ ਨਾੜਾਂ ਵਿਚ ਵਗਦਾ ਲਹੂ। ਪਾਣੀ ਦਾ ਇਹ ਬੇਰੋਕ ਚੱਕਰ ਐਵੇਂ ਨਹੀਂ ਬਣਿਆ ਹੋਇਆ:

**ਜੈਸੀ ਧਰਤੀ ਊਪਰਿ ਮੇਘੁਲਾ ਬਰਸਤੁ ਹੈ ਕਿਆ ਧਰਤੀ ਮਧੇ ਪਾਣੀ ਨਾਹੀ॥**
**ਜੈਸੇ ਧਰਤੀ ਮਧੇ ਪਾਣੀ ਪਰਗਾਸਿਆ ਬਿਨੁ ਪਗਾ ਵਰਸਤ ਫਿਰਾਹੀ॥**
(ਮ:3, ਪੰਨਾ 162)

ਸਥੂਲ ਧਰਾਤਲ ਧਰਤੀ ਦੇ ਕੁਲ ਰਕਬੇ ਦਾ ਕੇਵਲ ਚੌਥਾ ਹਿੱਸਾ ਹੈ। ਬਾਕੀ ਤਿੰਨ ਚੌਥਾਈ ਭਾਗ ਤਾਂ ਪਾਣੀ ਹੀ ਹੈ। ਗੁਰਬਾਣੀ ਵਿਚ ਪ੍ਰਮਾਤਮਾ ਦੀ ਸਰਬ ਵਿਆਪਕਤਾ ਜਾਂ ਸਮੁੱਚੀ ਧਰਤੀ ਦੀ ਗੱਲ ਕਰਨ ਸਮੇਂ ਜਲ ਨੂੰ ਥਲ ਤੋਂ ਪਹਿਲਾਂ ਲਿਖਿਆ ਗਿਆ ਹੈ:

**ਜਲ ਥਲ ਮਹੀਅਲ ਸਭਿ ਤ੍ਰਿਪਤਾਣੇ ਸਾਧੂ ਚਰਨ ਪਖਾਲੀ ਜੀਉ॥** (ਪੰਨਾ 106)

**ਵਾਸੁਦੇਵ ਜਲ ਥਲ ਮਹਿ ਰਵਿਆ॥** (ਪੰਨਾ 259)

*Original with;*
Jaswant Singh Zafar
*Digitized by;*
Panjab Digital Library

**ਜਲ ਥਲ ਬਨ ਪਰਬਤ ਪਾਤਾਲ॥** (ਪੰਨਾ 299)

**ਜਲ ਥਲ ਮਾਹੇ ਆਪਹਿ ਆਪ॥** (ਪੰਨਾ 343)

**ਆਪੇ ਜਲ ਥਲਿ ਸਭਤੁ ਹੈ ਪਿਆਰਾ ਪ੍ਰਭੁ ਆਪੇ ਕਰੇ ਸੁ ਹੋਇ॥** (ਪੰਨਾ 605)

**ਘਣ ਉਨਵਿ ਵੁਠੇ ਜਲ ਥਲ ਪੂਰਿਆ ਮਕਰੰਦ ਜੀਉ॥** (ਪੰਨਾ 928)

**ਆਪੇ ਜਲੁ ਥਲੁ ਸਾਗਰੁ ਸਰਵਰੁ॥** (ਪੰਨਾ 1020)

**ਹੁਕਮੇ ਜਲ ਥਲ ਤ੍ਰਿਭਵਣ ਵਾਸੀ॥** (ਪੰਨਾ 1037)

**ਜਲ ਥਲ ਰਾਖਨ ਹੈ ਰਘੁਨਾਥ॥** (ਪੰਨਾ 1162)

ਧਰਤੀ ਵਾਂਗ ਸਾਡੇ ਸਰੀਰ ਦਾ ਵੀ 75% ਹਿੱਸਾ ਪਾਣੀ ਹੈ। ਜਿਵੇਂ ਕੰਧਾਂ ਬਗੈਰ ਮਕਾਨ ਨਹੀਂ ਹੋ ਸਕਦਾ ਤਿਵੇਂ ਪਾਣੀ ਬਗੈਰ ਸਰੀਰ ਨਹੀਂ ਹੋ ਸਕਦਾ। ਮਨੁੱਖੀ ਸਰੀਰ ਦੀ ਬਣਤਰ ਬਾਰੇ ਭਗਤ ਰਵਿਦਾਸ ਜੀ ਲਿਖਦੇ ਹਨ:

**ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੂੰਦ ਕਾ ਗਾਰਾ॥** (ਪੰਨਾ 659)

ਕੰਧਾਂ ਤਾਂ ਨਿਰੋਲ ਪਾਣੀ ਦੀਆਂ ਹਨ ਹੀ, ਗਾਰੇ ਵਿਚ ਵੀ ਪਾਣੀ ਹੁੰਦਾ ਹੈ। ਇਸੇ ਤਰ੍ਹਾਂ ਜਨਣ ਪ੍ਰਕਿਰਿਆ ਤੇ ਸਰੀਰ ਰਚਨਾ ਦੇ ਮੂਲ ਰਕਤ ਅਤੇ ਬੂੰਦ ਅਰਥਾਤ ਅੰਡੇ ਅਤੇ ਸ਼ੁਕਰਾਣੂ ਵਿਚ ਵੀ ਬਹੁਤਾ ਪਾਣੀ ਹੀ ਹੁੰਦਾ ਹੈ। ਜਪੁਜੀ ਸਾਹਿਬ ਦੀਆਂ 38 ਪਉੜੀਆਂ ਉਪਰੰਤ ਉਚਾਰੇ ਸਲੋਕ ਵਿਚ ਗੁਰੂ ਨਾਨਕ ਸਾਹਿਬ ਪਾਣੀ ਨੂੰ ਪਿਤਾ ਆਖਦੇ ਹਨ:

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥** (ਪੰਨਾ 8)

ਉਨ੍ਹਾਂ ਇਸ ਗੱਲ ਨੂੰ ਸਾਰੰਗ ਅਤੇ ਮਾਰੂ ਰਾਗ ਦੀ ਬਾਣੀ ਵਿਚ ਵੀ ਦੁਹਰਾਇਆ ਹੈ:

**ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ॥** (ਪੰਨਾ 1240)

**ਪਉਣੁ ਗੁਰੂ ਪਾਣੀ ਪਿਤ ਜਾਤਾ॥ ਉਦਰ ਸੰਜੋਗੀ ਧਰਤੀ ਮਾਤਾ॥** (ਪੰਨਾ 1021)

ਸੁੱਕੀ ਧਰਤੀ ਵਿਚ ਪਿਆ ਬੀਜ ਕਦੇ ਨਹੀਂ ਪੁੰਗਰਦਾ, ਪੁੰਗਰਨ ਲਈ ਪਾਣੀ ਨੂੰ 'ਵਾਜਾਂ ਮਾਰਦਾ ਹੈ। ਧਰਤੀ ਮਾਤਾ ਦੀ ਉਪਜਾਊ ਸ਼ਕਤੀ ਨੂੰ ਪਾਣੀ ਹੀ ਜਗਾਉਂਦਾ ਹੈ। ਸਾਰੇ ਸਰੀਰ ਧਰਤੀ (ਮਿੱਟੀ) ਦੇ ਬਣੇ ਹਨ, ਧਰਤੀ ਚੋਂ ਪੈਦਾ ਹੋਏ ਹਨ, ਪਰ ਪੈਦਾ ਹੋਏ ਹਨ ਪਾਣੀ ਕਾਰਨ। ਇਸ ਲਈ ਪਾਣੀ ਪਿਤਾ ਹੈ। ਦਿਨ ਵਿਚ ਅਸੀਂ ਅਨੇਕਾਂ ਵਾਰ ਪਾਣੀ ਨੂੰ ਪੀਣ, ਖਾਣਾ ਬਣਾਉਣ, ਨਹਾਉਣ, ਸਫਾਈ ਕਰਨ ਅਤੇ ਹੋਰ ਅਣਗਿਣਤ ਕੰਮਾਂ ਲਈ ਵਰਤਦੇ ਹਾਂ। ਇਹ ਸਾਡੀ ਮਨਮੁੱਖਤਾ ਹੈ ਕਿ ਪਾਣੀ ਨੂੰ ਦੇਖਣ, ਛੂਹਣ ਜਾਂ ਵਰਤਣ ਸਮੇਂ ਸਾਡੇ ਮਨ ਵਿਚ ਪਾਣੀ ਪ੍ਰਤੀ ਪਿਤਾ ਵਾਲਾ ਭਾਵ ਪੈਦਾ ਨਹੀਂ ਹੁੰਦਾ।

*Original with;*
Jaswant Singh Zafar
*Digitized by;*
Panjab Digital Library

ਅਸੀਂ ਕੁੱਲੀ, ਗੁੱਲੀ ਅਤੇ ਜੁੱਲੀ ਨੂੰ ਜੀਵਨ ਦੀਆਂ ਮੁਢਲੀਆਂ ਜ਼ਰੂਰਤਾਂ ਮੰਨਦੇ ਹਾਂ। ਪਰੰਤੂ ਗੁਰਬਾਣੀ ਇਨ੍ਹਾਂ ਵਿਚੋਂ ਕਪੜੇ ਅਤੇ ਮਕਾਨ ਨੂੰ ਜੀਵਨ ਦੀਆਂ ਬੁਨਿਆਦੀ ਲੋੜਾਂ ਨਹੀਂ ਮੰਨਦੀ। ਬੁਨਿਆਦੀ ਲੋੜਾਂ ਹਨ: ਸਾਹ ਲੈਣ ਲਈ ਹਵਾ, ਪੀਣ ਲਈ ਪਾਣੀ ਅਤੇ ਖਾਣ ਲਈ ਭੋਜਨ। ਸੇਵਾ ਦੇ ਵਿਸ਼ੇ ਸਬੰਧੀ ਗੁਰੂ ਅਰਜਨ ਸਾਹਿਬ ਦੇ ਵਾਕ ਹਨ-

**ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਰੁ ਜੀਉ॥** (ਪੰਨਾ 101)

**ਪਾਨੀ ਪਖਾ ਪੀਸਉ ਸੰਤ ਆਗੈ ਗੁਣ ਗੋਵਿੰਦ ਜਸੁ ਗਾਈ॥** (ਪੰਨਾ 673)

**ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ॥** (ਪੰਨਾ 811)

ਬੁਨਿਆਦੀ ਸੇਵਾ ਤਾਂ ਕਿਸੇ ਦੀਆਂ ਬੁਨਿਆਦੀ ਲੋੜਾਂ ਪੂਰਨ ਨੂੰ ਕਿਹਾ ਜਾ ਸਕਦਾ ਹੈ। ਗੁਰੂ ਰਾਮਦਾਸ ਜੀ ਦਾ ਵੀ ਅਜਿਹਾ ਬਚਨ ਹੈ—

**ਹਉ ਪਾਣੀ ਪਖਾ ਪੀਸਉ ਸੰਤ ਆਗੈ ਪਗ ਮਲਿ ਮਲਿ ਧੂਰਿ ਮੁਖਿ ਲਾਈਐ॥**

(ਪੰਨਾ 881)

ਦਿਲਚਸਪ ਗੱਲ ਹੈ ਕਿ ਉਪਰੋਕਤ ਚਾਰਾਂ ਪੰਕਤੀਆਂ ਵਿਚ ਤਿੰਨਾਂ ਬੁਨਿਆਦੀ ਲੋੜਾਂ ਜਾਂ ਸੇਵਾਵਾਂ ਨੂੰ ਤਰਤੀਬ ਦਿੰਦਿਆਂ ਪਾਣੀ ਨੂੰ ਸਭ ਤੋਂ ਅੱਗੇ ਰੱਖਿਆ ਗਿਆ ਹੈ। ਇਕ ਥਾਂ ਗੁਰੂ ਨਾਨਕ ਸਾਹਿਬ ਜਿਹੜੇ ਤਿੰਨ ਪੱਪਿਆਂ ਨੂੰ ਜੀਵਨ ਦੀਆਂ ਤਿੰਨ ਮੁਢਲੀਆਂ ਸ਼ਰਤਾਂ ਵਜੋਂ ਦਰਜ ਕਰਦੇ ਹਨ ਉਨ੍ਹਾਂ ਵਿਚ ਵੀ ਪਾਣੀ ਵਾਲਾ ਪੱਪਾ ਸਭ ਤੋਂ ਅੱਗੇ ਹੈ:

**ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ॥** (ਪੰਨਾ 877)

ਇਸ ਤਰ੍ਹਾਂ ਜੀਵਨ ਦਾ ਪਹਿਲਾ ਸੱਚ ਪਾਣੀ ਨੂੰ ਪ੍ਰਵਾਨ ਕੀਤਾ ਗਿਆ ਹੈ। ਇਸੇ ਲਈ ਸਿੱਖ ਦਾ ਪਹਿਲਾ ਸੱਚ ਗੁਰੂ ਨੂੰ ਕਹਿਣ ਲਈ ਭਾਵ ਗੁਰੂ ਅਤੇ ਸਿੱਖ ਦੇ ਰਿਸ਼ਤੇ ਦੇ ਮਹੱਤਵ ਅਤੇ ਪਕਿਆਈ ਨੂੰ ਸਮਝਾਉਣ ਲਈ ਪਾਣੀ ਅਤੇ ਜੀਵਨ ਦੇ ਸਬੰਧ ਨੂੰ ਚਿਤਾਰਿਆ ਗਿਆ-

**ਗੁਰ ਮਿਲੇ ਸੀਤਲ ਜਲੁ ਪਾਇਆ ਸਭਿ ਦੂਖ ਨਿਵਾਰਣਹਾਰੁ॥** (ਮ:3, 1419)

**ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ॥**

(ਮ:4, ਪੰਨਾ 757)

ਸਾਧ ਸੰਗਤ ਦੇ ਮਹੱਤਵ ਨੂੰ ਬਿਆਨ ਕਰਨ ਲੱਗਿਆਂ ਵੀ ਜੀਵਨ ਲਈ ਪਾਣੀ ਦੇ ਬੁਨਿਆਦੀ ਮਹੱਤਵ ਨੂੰ ਚੇਤੇ ਕੀਤਾ ਗਿਆ ਹੈ:

**ਮਿਲਿ ਪਾਣੀ ਜਿਉ ਹਰੇ ਬੂਟ॥ ਸਾਧ ਸੰਗਤਿ ਤਿਉ ਹਉਮੈ ਛੂਟ॥**

(ਮ:5, ਪੰਨਾ 1181)

*Original with;*
Jaswant Singh Zafar
*Digitized by;*
Panjab Digital Library

ਗੁਰਬਾਣੀ ਵਿਚ ਜੀਵ ਦੀ ਆਤਮਾ ਅਤੇ ਪ੍ਰਮਾਤਮਾ ਦੇ ਸਬੰਧ ਦਾ ਜ਼ਿਕਰ ਵੀ ਵਾਰ ਵਾਰ ਪਾਣੀ ਨਾਲ ਜੀਵਨ ਦੇ ਅਟੁੱਟ ਸਬੰਧ ਦੇ ਹਵਾਲੇ ਨਾਲ ਕੀਤਾ ਗਿਆ ਹੈ। ਗੁਰਬਾਣੀ ਦਾ ਕੇਂਦਰੀ ਬਲ ਪ੍ਰਭੂ ਦਾ ਨਾਮ ਜਪਣ 'ਤੇ ਹੈ ਅਤੇ ਇਸ ਦੇ ਮਹੱਤਵ ਨੂੰ ਜਲ ਨਾਲ ਤੁਲਨਾ ਕੇ ਸਮਝਾਇਆ ਗਿਆ ਹੈ। ਨਾਮ ਨੂੰ ਜਲ ਅਤੇ ਜਪਣ ਨੂੰ ਪੀਣਾ ਕਿਹਾ ਗਿਆ ਹੈ।

**ਇਹੁ ਜਲੁ ਮੇਰਾ ਜੀਉ ਹੈ ਜਲ ਬਿਨੁ ਰਹਣੁ ਨ ਜਾਇ॥**
**ਗੁਰ ਸਬਦੀ ਜਲੁ ਪਾਈਐ ਵਿਚਹੁ ਆਪੁ ਗਵਾਇ॥** (ਮ:3, ਪੰਨਾ 1283)

**ਮੇਰੇ ਪ੍ਰਭ ਕਿਰਪਾ ਜਲੁ ਦੇਵਹੁ ਹਰਿ ਨਾਈ॥** (ਮ:4, ਪੰਨਾ 607)

**ਗੁਰਮੁਖਿ ਜਲੁ ਪਾਵੈ ਸੁਖ ਸਹਜੇ ਹਰਿਆ ਭਾਇ ਸੁਭਾਈ॥** (ਮ:4, ਪੰਨਾ 607)

**ਹਰਿ ਅੰਮ੍ਰਿਤੁ ਹਰਿ ਜਲੁ ਪਾਇਆ ਸਭ ਲਾਥੀ ਤਿਸ ਤਿਸ ਕੇ॥**
(ਮ:4, ਪੰਨਾ 731)

**ਤ੍ਰਿਖਾਵੰਤ ਜਲੁ ਪੀਵਤ ਠੰਢਾ ਤਿਉ ਹਰਿ ਸੰਗਿ ਇਹੁ ਮਨੁ ਭੀਨਾ ਜੀਉ॥**
(ਮ:5, ਪੰਨਾ 100)

**ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥**
**ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥** (ਮ:5, ਪੰਨਾ 133)

**ਅਬ ਮੋਹਿ ਜਲਤ ਰਾਮ ਜਲੁ ਪਾਇਆ॥** (ਕਬੀਰ ਜੀ, ਪੰਨਾ 323)

**ਕਬੀਰ ਪਾਲਿ ਸਮੁਹਾ ਸਰਵਰੁ ਭਰਾ ਪੀ ਨ ਸਕੈ ਕੋਈ ਨੀਰੁ॥**
**ਭਾਗ ਬਡੇ ਤੈ ਪਾਇਓ ਤੂੰ ਭਰਿ ਭਰਿ ਪੀਉ ਕਬੀਰ॥** (ਕਬੀਰ ਜੀ, ਪੰਨਾ 1373)

ਗੁਰਬਾਣੀ ਵਿਚ ਆਤਮਾ ਅਤੇ ਪ੍ਰਮਾਤਮਾ ਦੀ ਅਭੇਦਤਾ ਨੂੰ ਬਿਆਨਣ ਸਮੇਂ ਵੀ ਗੁਰੂ ਅਰਜਨ ਸਾਹਿਬ ਦਾ ਧਿਆਨ ਪਾਣੀ ਵੱਲ ਜਾਂਦਾ ਹੈ:

**ਜਿਉ ਜਲ ਮਹਿ ਜਲੁ ਆਇ ਖਟਾਨਾ ॥ਤਿਉ ਜੋਤੀ ਸੰਗਿ ਜੋਤਿ ਸਮਾਨਾ॥**
(ਪੰਨਾ 278)

**ਨਾਨਕ ਭ੍ਰਮ ਭੈ ਗੁਣ ਬਿਨਾਸੇ ਮਿਲਿ ਜਲੁ ਜਲਹਿ ਖਟਾਨਾ॥** (ਪੰਨਾ 578)

ਇਹੀ ਗੱਲ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿਚ ਵੀ ਆਉਂਦੀ ਹੈ:

**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥** (ਪੰਨਾ 633)

ਪਾਣੀ ਸਿਰਫ਼ ਬੁੱਲ੍ਹਾਂ ਦੀ ਪਿਆਸ ਮਿਟਾਉਣ ਜੋਗਾ ਹੀ ਨਹੀਂ, ਇਹ ਅੱਖਾਂ ਲਈ ਦ੍ਰਿਸ਼ ਅਤੇ ਕੰਨਾਂ ਲਈ ਸੰਗੀਤ ਵੀ ਸਿਰਜਦਾ ਹੈ। ਪਾਣੀ ਸੌਂਦਰਯ ਵੀ ਹੈ ਅਤੇ ਸ਼ਕਤੀ ਵੀ। ਇਹ ਰੁੱਤਾਂ ਅਤੇ ਮੌਸਮਾਂ ਦੀ ਖੇਡ ਦਾ ਮੁੱਖ ਪਾਤਰ ਵੀ ਹੈ ਤੇ ਕੁਦਰਤ

*Original with;*
Jaswant Singh Zafar
*Digitized by;*
Panjab Digital Library

ਦੇ ਹੋਰ ਬੇਅੰਤ ਕੌਤਕਾਂ ਦਾ ਮਾਧਿਅਮ ਵੀ। ਇਹ ਜੀਵਾਂ ਦੀ ਮਨੋਬਿਰਤੀ ਅਤੇ ਅਵਚੇਤਨ ਨੂੰ ਘੜਦਾ ਅਤੇ ਪ੍ਰਭਾਵਿਤ ਕਰਦਾ ਹੈ। ਕਾਮਨਾ ਨੂੰ ਜਗਾਉਣ ਅਤੇ ਤ੍ਰਿਪਤਾਉਣ ਵਰਗੀਆਂ ਖੇਡਾਂ ਵੀ ਖੇਡਦਾ ਖਿਡਾਉਂਦਾ ਹੈ:

**ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥**
**ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ॥**
**ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ॥**

(ਮ:1, ਪੰਨਾ 1108)

**ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ ॥**
**ਨਾਨਕ ਸੁਖਿ ਸਵਨੁ ਸੋਹਾਗਣੀ ਜਿਨ੍ ਸਹ ਨਾਲਿ ਪਿਆਰੁ॥**

(ਮ:2, ਪੰਨਾ 1280)

**ਊਂਨਵਿ ਊਂਨਵਿ ਆਇਆ ਵਰਸੈ ਨੀਰੁ ਨਿਪੰਗੁ॥**
**ਨਾਨਕ ਦੁਖੁ ਲਾਗਾ ਤਿਨ੍ ਕਾਮਣੀ ਜਿਨ੍ ਕੰਤੈ ਸਿਉ ਮਨਿ ਭੰਗੁ॥**

(ਮ:3, ਪੰਨਾ 1280)

**ਨਾਨਕ ਬਿਜੁਲੀਆ ਚਮਕੰਨਿ ਘੁਰਨਿ੍ ਘਟਾ ਅਤਿ ਕਾਲੀਆ॥**
**ਬਰਸਨਿ ਮੇਘ ਅਪਾਰ ਨਾਨਕ ਸੰਗਮਿ ਪਿਰੀ ਸੁਹੰਦੀਆ॥**
**ਜਲ ਥਲ ਨੀਰਿ ਭਰੇ ਸੀਤਲ ਪਵਣ ਝੁਲਾਰਦੇ॥**
**ਸੇਜੜੀਆ ਸੋਇੰਨ ਹੀਰੇ ਲਾਲ ਜੜੰਦੀਆ ॥** (ਮ:5, ਪੰਨਾ 1102)

**ਬਰਸੈ ਮੇਘੁ ਸਖੀ ਘਰਿ ਪਾਹੁਨ ਆਏ॥**
**ਮੋਹਿ ਦੀਨ ਕ੍ਰਿਪਾ ਨਿਧਿ ਠਾਕੁਰ ਨਵ ਨਿਧਿ ਨਾਮਿ ਸਮਾਏ॥**

(ਮ:5, ਪੰਨਾ 1266)

ਸਾਰੀਆਂ ਸਭਿਅਤਾਵਾਂ ਦਾ ਜਨਮ ਅਤੇ ਵਿਕਾਸ ਪਾਣੀਆਂ ਭਾਵ ਨਦੀਆਂ ਕਿਨਾਰੇ ਹੋਇਆ। ਬਹੁਤੀਆਂ ਸਭਿਅਤਾਵਾਂ ਦੇ ਤਾਂ ਨਾਂ ਵੀ ਸਬੰਧਤ ਨਦੀਆਂ ਅਤੇ ਦਰਿਆਵਾਂ ਦੇ ਨਾਵਾਂ ਤੋਂ ਬਣੇ ਹਨ, ਜਿਵੇਂ ਸਿੰਧ ਘਾਟੀ ਸਭਿਅਤਾ ਅਤੇ ਨੀਲ ਘਾਟੀ ਸਭਿਅਤਾ। ਕਈ ਭੂਗੋਲਿਕ ਖਿੱਤਿਆਂ ਦੀ ਪਛਾਣ ਉਥੇ ਵਗਦੇ ਦਰਿਆਵਾਂ ਨਾਲ ਜੁੜੀ ਹੋਈ ਹੈ। ਧਰਤੀ ਦੇ ਜਿਸ ਖਿੱਤੇ ਵਿਚ ਅਸੀਂ ਰਹਿ ਰਹੇ ਹਾਂ ਇਸ ਦਾ ਪੁਰਾਣਾ ਨਾਂ ਸੱਤ ਦਰਿਆਵਾਂ ਕਾਰਨ ਸਪਤ ਸਿੰਧੂ ਸੀ। ਨਵਾਂ ਨਾਂ ਪੰਜਾਬ ਇਥੇ ਵਗਦੇ ਪੰਜ ਦਰਿਆਵਾਂ ਜਾਂ ਵੱਖ ਵੱਖ ਦਰਿਆਵਾਂ ਵਿਚਕਾਰ ਪੈਂਦੇ ਪੰਜ ਦੁਆਬਾਂ ਕਾਰਨ ਹੈ। ਇਨ੍ਹਾਂ ਦਰਿਆਵਾਂ ਸਬੰਧੀ ਪ੍ਰੋ. ਪੂਰਨ ਸਿੰਘ ਲਿਖਦੇ ਹਨ:

**ਰਾਵੀ ਸੋਹਣੀ ਪਈ ਵਗਦੀ**
**ਮੈਨੂੰ ਸਤਲੁਜ ਪਿਆਰਾ ਹੈ**

*Original with;*
Jaswant Singh Zafar
*Digitized by;*
Panjab Digital Library

**ਮੈਨੂੰ ਬਿਆਸ ਪਈ ਖਿੱਚਦੀ**
**ਮੈਨੂੰ ਝਨਾਂ ਵਾਜਾਂ ਮਾਰਦੀ**
**ਮੈਨੂੰ ਜਿਹਲਮ ਪਿਆਰਦਾ**
**ਅਟਕ ਦੀਆਂ ਲਹਿਰਾਂ ਦੀ ਠਾਠ ਮੇਰੇ ਬੂਹੇ ਤੇ ਵੱਜਦੀ**
**ਖਾੜ ਖਾੜ ਚੱਲਣ ਵਿਚ ਮੇਰੇ ਸੁਫ਼ਨਿਆਂ**
**ਪੰਜਾਬ ਦੇ ਦਰਿਆ**
**ਪਿਆਰ ਅੱਗ ਇਨ੍ਹਾਂ ਨੂੰ ਲੱਗੀ ਹੋਈ**
**ਪਿਆਰਾ ਜਾਪੁ ਸਾਹਿਬ ਗਾਉਂਦੇ**
**ਠੰਢੇ ਤੇ ਠਾਰਦੇ, ਪਯਾਰਦੇ**

ਇਸ ਜਾਪੁ ਸਾਹਿਬ ਦੇ ਕਰਤਾ ਗੁਰੂ ਗੋਬਿੰਦ ਸਿੰਘ ਦਾ ਜਨਮ ਗੰਗਾ ਕਿਨਾਰੇ ਵਸੇ ਪਟਨਾ ਸ਼ਹਿਰ ਵਿਖੇ ਹੋਇਆ। ਬਚਪਨ ਦੇ ਪਹਿਲੇ ਛੇ ਸਾਲ ਇਸੇ ਗੰਗਾ ਦੇ ਤੱਟਾਂ ਉੱਤੇ ਅਤੇ ਗੰਗਾ ਦੇ ਪਾਣੀਆਂ ਨਾਲ ਖੇਡਦਿਆਂ ਬੀਤੇ। ਸੋਨੇ ਦੇ ਕੰਙਣਾਂ ਦੀ ਜੋੜੀ ਗੰਗਾ ਦੇ ਪਾਣੀਆਂ ਨੂੰ ਅਰਪਨ ਕੀਤੀ। ਫਿਰ ਆਨੰਦਪੁਰ ਸਾਹਿਬ ਆਏ। ਪਿਤਾ ਗੁਰੂ ਤੇਗ ਬਹਾਦਰ ਨੇ ਇਸ ਆਨੰਦਪੁਰ ਸਾਹਿਬ ਨੂੰ ਵਸਾਉਣ ਲਈ ਦਰਿਆ ਸਤਲੁਜ ਦਾ ਕਿਨਾਰਾ ਚੁਣਿਆ ਸੀ। ਇਸ ਤੋਂ ਪਹਿਲਾਂ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਕੀਰਤਪੁਰ ਵੀ ਸਤਲੁਜ ਕੰਢੇ ਵਸਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਚੌਪਈ ਸਾਹਿਬ ਦੀ ਬਾਣੀ ਦੀ ਰਚਨਾ ਇਸੇ ਸਤਲੁਜ ਦੇ ਕੰਢੇ ਬਿਭੌਰ ਸਾਹਿਬ ਵਿਖੇ ਕੀਤੀ। ਆਪਣੀ ਸ਼੍ਰੋਮਣੀ ਕਿਰਤ ਜਾਪੁ ਸਾਹਿਬ ਯਮੁਨਾ ਨਦੀ ਕਿਨਾਰੇ ਪਾਉਂਟਾ ਸਾਹਿਬ ਵਿਖੇ ਰਚੀ। ਇਸ ਤੋਂ ਪਿੱਛੇ ਜਾਈਏ, ਮੰਨਿਆਂ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਜਪੁਜੀ ਦੀ ਬਾਣੀ ਵੇਈਂ ਨਦੀ ਵਿਚ ਲੰਮੀ ਚੁੱਭੀ ਮਾਰਨ ਉਪਰੰਤ ਵੇਈਂ ਨਦੀ ਕੰਢੇ ਬੈਠ ਕੇ ਉਚਾਰੀ। ਵਲੀ ਕੰਧਾਰੀ ਨੂੰ ਗੁਰੂ ਨਾਨਕ ਸਾਹਿਬ ਦਾ ਉਪਦੇਸ਼ ਸੀ ਕਿ ਪਾਣੀ ਸਰਬ ਸਾਂਝੀ ਜੀਵਨ ਦਾਤ ਹੈ ਇਸ ਤੇ ਕਿਸੇ ਜ਼ੋਰਾਵਰ ਦੀ ਇਜ਼ਾਰੇਦਾਰੀ ਪਰਵਾਨ ਨਹੀਂ ਕੀਤੀ ਜਾ ਸਕਦੀ।

ਗੁਰੂ ਕੀ ਨਗਰੀ ਚੱਕ ਰਾਮਦਾਸ ਦੀ ਉਸਾਰੀ ਗੁਰੂ ਸਾਹਿਬ ਨੇ ਇਕ ਕੁਦਰਤੀ ਜਲ ਭੰਡਾਰ ਦੇ ਦੁਆਲੇ ਕਰਾਈ, ਜਿਸ ਨੂੰ ਸੰਗਤੀ ਉਦਮ ਨਾਲ ਵਿਸ਼ਾਲ ਸਰੋਵਰ ਦਾ ਰੂਪ ਦਿੱਤਾ ਗਿਆ। ਇਸੇ ਸਰੋਵਰ ਕਾਰਨ ਹੀ ਇਹ ਸ਼ਹਿਰ ਅੰਮ੍ਰਿਤਸਰ ਹੋਇਆ। ਗੁਰੂ ਅਰਜਨ ਸਾਹਿਬ ਨੇ ਆਦਿ ਸ੍ਰੀ ਗਰੰਥ ਸਾਹਿਬ ਨੂੰ ਸ਼ਸ਼ੋਭਿਤ ਕਰਨ ਲਈ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਇਸ ਸਰੋਵਰ ਦੇ ਐਨ੍ਹ ਵਿਚਕਾਰ ਕਰਵਾਈ। ਗੁਰੂ ਸਾਹਿਬਾਨਾ ਨੇ ਹੋਰ ਅਨੇਕਾਂ ਖੂਹ, ਹਲਟ, ਬਾਉਲੀਆਂ ਅਤੇ ਸਰੋਵਰ ਤਿਆਰ ਕਰਵਾਏ।

ਚਿਰਾਂ ਤੋਂ ਸਥਾਪਤ ਧਾਰਮਿਕ, ਸਮਾਜਿਕ, ਰਾਜਨੀਤਕ ਪ੍ਰਬੰਧ ਅਤੇ ਕਦਰਾਂ ਕੀਮਤਾਂ ਨੂੰ ਮੁੱਢੋਂ-ਸੁੱਢੋਂ ਨਵਾਂ ਰੂਪ ਦੇਣ ਲਈ ਗੁਰੂ ਗੋਬਿੰਦ ਸਿੰਘ ਨੇ ਪ੍ਰਤੀਬੱਧ

*Original with;*
Jaswant Singh Zafar
*Digitized by;*
Panjab Digital Library

ਸਿੱਖਾਂ ਦੀ ਜਮਾਤ ਤਿਆਰ ਕਰਨ ਭਾਵ ਖਾਲਸਾ ਪੰਥ ਦੀ ਸਾਜਨਾ ਕਰਨ ਦਾ ਨਿਰਨਾ ਲਿਆ। ਸਿੱਖਾਂ ਦੀ ਵਿਚਰਨ ਸ਼ੈਲੀ ਨੂੰ ਰੁਪਾਂਤ੍ਰਿਤ ਕਰਨ ਲਈ ਅੰਮ੍ਰਿਤ ਛਕਾਉਣ ਦੀ ਰੀਤ ਸ਼ੁਰੂ ਹੋਈ। 1699 ਦੀ ਵਿਸਾਖੀ ਸੀ, ਖੰਡਾ ਬਾਟਾ ਸੀ, ਪੰਜ ਬਾਣੀਆਂ ਦਾ ਪਾਠ ਸੀ, ਪਤਾਸੇ ਸਨ। ਪਰ ਇਸ ਅੰਮ੍ਰਿਤ ਦਾ ਅਹਿਮ ਅਧਾਰ ਤਾਂ ਸਤਲੁਜ ਦਾ ਸਵੱਛ ਤੇ ਸ਼ਫਾਫ਼ ਜਲ ਸੀ। ਇਸ ਅਮੁਲੀ ਦਾਤ ਕਾਰਨ ਗੁਰੂ ਸਾਹਿਬ ਨੇ ਆਪਣੀ ਸਾਰੀ ਦੌਲਤ ਪਿਆਰੇ ਸਤਲੁਜ ਤੋਂ ਵਾਰ ਦਿੱਤੀ। ਆਨੰਦਪੁਰ ਸਾਹਿਬ ਦੀ ਧਰਤੀ ਨੂੰ ਵਿਦਾ ਕਹਿਣ ਤੋਂ ਪਹਿਲਾਂ ਉਨ੍ਹਾਂ ਸਾਰਾ ਖਜ਼ਾਨਾ ਭਾਵ ਸੋਨਾ, ਚਾਂਦੀ, ਹੀਰੇ, ਮੋਤੀ, ਜਵਾਹਰਾਤ ਆਦਿ ਆਪਣੇ ਹੱਥੀਂ ਸਤਲੁਜ ਦੇ ਪਾਣੀ ਨੂੰ ਭੇਟ ਕੀਤੇ। ਇਸ ਸਾਰੇ ਕਾਸੇ ਦੀ ਕੀਮਤ ਉਨ੍ਹਾਂ ਸਮਿਆਂ ਵਿਚ ਅਠਾਰਾਂ ਕਰੋੜ ਰੁਪਏ ਦੇ ਕਰੀਬ ਦੱਸੀ ਜਾਂਦੀ ਹੈ। ਮੁਕਤਸਰ ਦੀ ਲੜਾਈ ਵਿਚ ਗਿਣਤੀ ਦੇ ਸਿੱਖਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਚੜ੍ਹ ਕੇ ਆਈ ਸ਼ਾਹੀ ਫੌਜ ਨੂੰ ਪਛਾੜ ਦਿੱਤਾ। ਇਹ ਕਿਵੇਂ ਸੰਭਵ ਹੋਇਆ? ਇਕ ਦਸਮ ਪਾਤਸ਼ਾਹ ਦੇ ਰੂਪ 'ਚ ਗੁਰੂ ਅਤੇ ਦੂਜਾ ਖਿਦਰਾਣੇ ਦੀ ਢਾਬ ਦੇ ਪਾਣੀ ਦੇ ਰੂਪ 'ਚ ਪਿਤਾ ਸਿੰਘਾਂ ਦੇ ਅੰਗ ਸੰਗ ਸੀ।

ਜੀਵਨ ਦੇ ਆਖਰੀ ਸਾਲਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੱਖਣੀ ਭਾਰਤ ਦੀ ਨਦੀ ਗੋਦਾਵਰੀ ਦੇ ਸੰਗ ਸਾਥ ਵਿਚ ਰਹੇ। ਚੜ੍ਹਾਵੇ ਜਾਂ ਤੋਹਫ਼ੇ ਵਜੋਂ ਮਿਲੀਆਂ ਕੀਮਤੀ ਵਸਤਾਂ ਨੂੰ ਗੋਦਾਵਰੀ ਦੇ ਨਿਰਮਲ ਨੀਰ ਤੋਂ ਵਾਰ ਛੱਡਦੇ। ਨਵੇਂ ਨਵੇਂ ਜੇਤੂ ਹੋਏ ਦਿੱਲੀ ਦੇ ਬਾਦਸ਼ਾਹ ਬਹਾਦਰ ਸ਼ਾਹ ਨੇ ਆਪ ਨੂੰ ਬੇਸ਼ਕੀਮਤੀ ਨਗੀਨਾ ਭੇਟ ਕੀਤਾ ਤਾਂ ਗੁਰੂ ਸਾਹਿਬ ਨੇ ਇਹ ਨਗੀਨਾ ਉਸੇ ਵਕਤ ਬਾਦਸ਼ਾਹ ਦੇ ਵੇਂਹਦਿਆਂ ਵੇਂਹਦਿਆਂ ਗੋਦਾਵਰੀ ਦੇ ਪਾਣੀ ਨੂੰ ਅਰਪਨ ਕਰ ਦਿੱਤਾ। ਬਾਦਸ਼ਾਹ ਨੂੰ ਬੜੀ ਹੈਰਾਨੀ ਅਤੇ ਬੇਚੈਨੀ ਹੋਈ। ਗੁਰੂ ਲਈ ਗੋਦਾਵਰੀ ਦੇ ਧਰਾਤਲ ਤੇ ਪਏ ਸਾਰੇ ਵੱਟੇ ਗੀਟੇ ਨਗੀਨੇ ਸਨ। ਗੋਦਾਵਰੀ ਲਈ ਵੀ ਇਹ ਨਗੀਨਾ ਹੋਰ ਪੱਥਰਾਂ ਵਰਗਾ ਸੀ। ਗੁਰੂ ਦੀ ਦ੍ਰਿਸ਼ਟੀ ਨਦੀ ਵਰਗੀ ਅਤੇ ਨਦੀ ਦਾ ਸੁਭਾਅ ਗੁਰੂ ਵਰਗਾ। ਗੁਰੂ ਅਮਰ ਦਾਸ ਜੀ ਦਾ ਬਚਨ ਦੇਖੋ:

**ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ ਪਵੈ**
**ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ॥**
**ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ ਜਿਤੁ ਮਿਲਿਐ**
**ਤਿਸਨਾ ਭੁਖ ਉਤਰੈ ਹਰਿ ਸਾਂਤਿ ਤੜ ਆਵੈ॥** (ਪੰਨਾ 855)

ਜਿਸ ਪਾਣੀ ਦੀ ਸੰਗਤ ਮਾਣਦਿਆਂ ਗੁਰੂ ਸਹਿਬਾਨਾਂ ਨੇ ਬਾਣੀ ਉਚਾਰਨ ਕੀਤੀ। ਜਿਸ ਪਾਣੀ ਨੂੰ ਗੁਰੂ ਨੇ ਅੰਮ੍ਰਿਤ ਰੂਪ ਕੀਤਾ। ਉਸ ਪਾਣੀ ਅਤੇ ਉਸ ਦੇ ਕੁਦਰਤੀ ਸਰੋਤਾਂ ਨੂੰ ਅਸੀਂ ਗਾਲ੍ਹਾਂ ਵਰਗੇ ਗੰਦੇ ਅਤੇ ਜ਼ਹਿਰ ਵਰਗੇ ਜ਼ਹਿਰੀਲੇ ਕਰ ਰਹੇ ਹਾਂ। ਜਿਸ ਪਾਣੀ ਨੂੰ ਗੁਰੂ ਨੇ ਪਿਤਾ ਕਹਿ ਕੇ ਇੰਨਾਂ ਸਨਮਾਨ ਦਿੱਤਾ ਅਸੀਂ ਆਪ ਵੀ ਉਸ ਦੇ ਸਿਰ ਸਵਾਹ ਪਾ ਰਹੇ ਹਾਂ ਅਤੇ ਦੂਸਰਿਆਂ ਨੂੰ ਪਾਉਂਦੇ ਦੇਖ ਕੇ ਬੜੇ

*Original with;*
Jaswant Singh Zafar
*Digitized by;*
Panjab Digital Library

ਆਰਾਮ ਨਾਲ ਸਹਿਣ ਕਰ ਰਹੇ ਹਾਂ। ਗੁਰੂਆਂ ਦੇ ਮੁਕਾਬਲੇ ਸਾਡਾ ਦਰਿਆਵਾਂ ਨਾਲ ਕਿਹੋ ਜਿਹਾ ਰਿਸ਼ਤਾ ਹੈ? ਦੂਰ ਕੀ ਜਾਣਾ, ਸਾਡੇ ਸ਼ਹਿਰ ਵਿਚੋਂ ਲੰਘਦਾ ਕੁਦਰਤੀ ਨਾਲਾ ਨਰਕ ਦਾ ਰੂਪ ਧਾਰ ਚੁੱਕਾ ਹੈ। ਪਹਿਲਾਂ ਇਸ ਦਾ ਨਾਂ ਬੁੱਢਾ ਦਰਿਆ ਹੁੰਦਾ ਸੀ, ਹੁਣ ਇਸ ਦਾ ਨਾਂ ਗੰਦਾ ਨਾਲ਼ਾ ਹੈ। ਇਸ ਪ੍ਰਥਾਏ ਸਵ. ਸ. ਸ. ਮੀਸ਼ਾ ਦੇ ਸ਼ੇਅਰ ਹਨ:

**ਚੰਗੇ ਨਹੀਂ ਆਸਾਰ ਨਗਰ ਦੇ। ਊਂਘਣ ਪਹਿਰੇਦਾਰ ਨਗਰ ਦੇ।**
**ਇਸ ਦੀ ਰੂਹ ਹੈ ਗੰਦਾ ਨਾਲ਼ਾ, ਜੋ ਵਗਦਾ ਵਿਚਕਾਰ ਨਗਰ ਦੇ।**

ਇਥੇ ਨਗਰ ਤੋਂ ਭਾਵ ਸਾਡਾ ਸ਼ਹਿਰ ਵੀ ਹੋ ਸਕਦਾ ਹੈ, ਸੂਬਾ ਵੀ, ਦੇਸ਼ ਵੀ ਅਤੇ ਸਾਡਾ ਜੀਵਨ ਵੀ ਹੋ ਸਕਦਾ ਹੈ। ਲੁਧਿਆਣੇ 'ਚ ਬੁੱਢੇ ਦਰਿਆ ਉਪਰੋਂ ਲੰਘਦਿਆਂ ਮੈਂ ਅਕਸਰ ਇਸ ਦੇ ਉਸ ਸਰੂਪ ਨੂੰ ਯਾਦ ਕਰਦਾਂ ਜੋ ਸਰੂਪ ਸਾਡੇ ਪਿੰਡ ਖੇਤਾਂ ਕੋਲੋਂ ਵਗਣ ਸਮੇਂ ਹੁੰਦਾ ਸੀ। ਇਨ੍ਹਾਂ ਖੇਤਾਂ 'ਚ ਕੰਮ ਕਰਨ ਲਈ ਜਾਣ ਵੇਲੇ ਅਸੀਂ ਘਰੋਂ ਪਾਣੀ ਨਾਲ ਨਹੀਂ ਸਾਂ ਲਿਜਾਂਦੇ, ਬੁੱਢੇ ਦਰਿਆ 'ਚੋਂ ਹੀ ਪੀਦੇਂ ਸਾਂ। ਬਰਸਾਤ ਤੋਂ ਬਿਨਾਂ ਬਾਕੀ ਦਸ ਮਹੀਨੇ ਪਾਰਦਰਸ਼ੀ ਪਾਣੀ ਚੋਂ ਇਸਦਾ ਥੱਲਾ ਸਾਫ਼ ਦਿਸਦਾ ਸੀ। ਇੱਕੋ ਨਜ਼ਰੇ ਹਜ਼ਾਰਾਂ ਮੱਛੀਆਂ ਦਿਸਦੀਆਂ ਹਨ। ਪਿਛਲੇ ਸਾਲ ਮੈਂ ਇਕ ਦੋਸਤ ਨੂੰ ਬੜਾ ਹੁੱਬ ਕੇ ਆਪਣੇ ਪਿੰਡ ਕੋਲੋਂ ਗੁਜ਼ਰਦੇ ਬੁੱਢੇ ਦਰਿਆ ਦੇ ਇਸ ਸੁਹਾਵਣੇ ਰੂਪ ਦੇ ਦਰਸ਼ਨ ਕਰਾਉਣ ਲਈ ਲੈ ਗਿਆ। ਪਹੁੰਚ ਕੇ ਬੜੀ ਨਿਰਾਸ਼ਾ ਹੋਈ। ਇਥੇ ਵੀ ਲੁਧਿਆਣੇ ਵਾਲਾ ਹਾਲ ਹੋ ਚੁੱਕਾ ਸੀ। ਪਤਾ ਲੱਗਾ ਕਿ ਮਾਛੀਵਾੜੇ ਦੇ ਇਲਾਕੇ ਵਿੱਚ ਕੁਝ ਫੈਕਟਰੀਆਂ ਦੀ ਦਰਿਆ ਤੇ ਕਰੋਪੀ ਹੋ ਗਈ ਹੈ। ਪਾਣੀ ਬਿਲਕੁਲ ਕਾਲੇ ਰੰਗ ਦਾ ਅਤੇ ਕਿਸੇ ਮੱਛੀ ਦਾ ਨਾਂ ਨਿਸ਼ਾਨ ਨਹੀਂ ਸੀ।

ਪੰਜਾਬ ਦੀ ਰਾਜਨੀਤੀ ਵਿਚ ਦਰਿਆਵਾਂ ਦੇ ਪਾਣੀਆਂ ਦੀ ਵੰਡ ਵੱਡੇ ਮੁੱਦੇ ਅਤੇ ਮਸਲੇ ਦੇ ਤੌਰ ਤੇ ਉਭਰਦੀ ਰਹਿੰਦੀ ਹੈ। ਮੋਰਚੇ ਵੀ ਲੱਗਦੇ ਹਨ। ਪਰ ਪਾਣੀਆਂ ਦੀ ਸੰਭਾਲ ਤਾਂ ਪਾਣੀਆਂ ਦੀ ਵੰਡ ਨਾਲੋਂ ਵੀ ਅਹਿਮ ਅਤੇ ਜ਼ਰੂਰੀ ਮੁੱਦਾ ਹੈ। ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਥਾਓਂ ਥਾਈਂ ਮੋਰਚੇ ਲਾਉਣ ਦੀ ਲੋੜ ਹੈ। ਇਹ ਕੁਰਸੀਆਂ ਦਾ ਨਹੀਂ ਸਹੀ ਅਰਥਾਂ ਵਿਚ ਧਾਰਮਿਕ ਮਸਲਾ ਹੈ। ਅਮੀਰ ਸਮਝੇ ਜਾਂਦੇ ਮੁਲਕਾਂ ਦੇ ਲੋਕ ਆਪਣੇ ਨਦੀਆਂ, ਨਾਲਿਆਂ, ਝੀਲਾਂ ਆਦਿ ਦੇ ਪਾਣੀ ਦੀ ਨਿਰਮਲਤਾ ਬਣਾਈ ਰੱਖਣ ਲਈ ਬਹੁਤ ਸੁਚੇਤ ਹਨ। ਸਰਕਾਰਾਂ ਅਤੇ ਜਨਤਾ ਦੋਵੇਂ ਪਾਣੀ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਨੂੰ ਕਾਨੂੰਨੀ ਅਤੇ ਇਖਲਾਕੀ ਫ਼ਰਜ਼ ਸਮਝਦੀਆਂ ਹਨ। ਉਨ੍ਹਾਂ ਦੇ ਜੀਵਨ ਵਿਚ ਸਾਡੇ ਨਾਲੋਂ ਵਧੇਰੇ ਪ੍ਰਸੰਨਤਾ, ਸੁੰਦਰਤਾ ਅਤੇ ਸਿਹਤਮੰਦੀ ਦਾ ਇਕ ਕਾਰਨ ਵਾਤਾਵਰਣ ਦੀ ਸੰਭਾਲ ਪ੍ਰਤੀ ਉਨ੍ਹਾਂ ਦਾ ਚੰਗਾ ਰਵੱਈਆ ਵੀ ਹੈ। ਇਹ ਠੀਕ ਹੈ ਕਿ ਸਨਅਤੀ ਤੌਰ ਤੇ ਵਿਕਸਤ ਦੇਸ਼ ਬਹੁ ਰਾਸ਼ਟਰੀ ਕੰਪਨੀਆਂ ਦੇ ਮਾਧਿਅਮ ਰਾਹੀਂ ਜਾਂ ਹੋਰ ਢੰਗਾਂ ਨਾਲ ਆਪਣੀ ਪੁਰਾਣੀ ਉਦਯੋਗਿਕ ਤਕਨੀਕ ਅਤੇ ਮਸ਼ੀਨਰੀ ਨੂੰ ਵਿਕਾਸਸ਼ੀਲ ਜਾਂ ਪਛੜੇ ਦੇਸ਼ਾਂ ਵੱਲ ਧੱਕ ਰਹੇ ਹਨ, ਜਿਸ ਦਾ ਇਨ੍ਹਾਂ ਦੇਸ਼ਾਂ ਦੇ ਵਾਤਾਵਰਣ ਤੇ ਬੁਰਾ ਅਸਰ ਪੈਂਦਾ ਹੈ। ਪਰ ਆਪਣੇ ਪੌਣ ਪਾਣੀ ਨੂੰ ਅਸੀਂ

*Original with;*
Jaswant Singh Zafar
*Digitized by;*
Panjab Digital Library

ਆਪ ਸੁਥਰਾ ਨਹੀਂ ਰੱਖਾਂਗੇ ਤਾਂ ਬੇਗਾਨੇ ਵੀ ਇਸ ਪਾਸੇ ਕਿਉਂ ਧਿਆਨ ਦੇਣਗੇ? ਪੌਣ ਪਾਣੀ ਪ੍ਰਤੀ ਸਾਡੇ ਆਪਣੇ ਨਕਾਰਾਤਮਕ ਰਵੱਈਏ ਕਾਰਨ ਜੇ ਕਿਸੇ ਨੂੰ ਕਮਾਈ ਹੁੰਦੀ ਹੈ ਤਾਂ ਉਹ ਜ਼ਰੂਰ ਕਰੇਗਾ। ਜੇ ਅਸੀਂ ਆਪ ਆਪਣੇ ਪਿਓ ਨੂੰ ਪਿਓ ਨਹੀਂ ਸਮਝਣਾ ਤਾਂ ਲੋਕਾਂ ਤੋਂ ਉਸ ਦੀ ਇੱਜ਼ਤ ਦੀ ਕੀ ਤਵੱਕੋਂ ਕਰਨੀ ਹੋਈ ? ਸਾਡੇ ਅਜਿਹੇ ਰਵੱਈਏ ਦਾ ਵੱਡਾ ਕਾਰਨ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਸਮੁੱਚੀ ਕੁਦਰਤ ਦਾ ਅੰਗ ਨਹੀਂ ਸਮਝਦੇ। ਅਸੀਂ ਗੈਰ ਜਿੰਮੇਵਾਰ ਅਤੇ ਜ਼ਾਲਮ ਹੁਕਮਰਾਨਾਂ ਵਾਂਗ ਵਿਚਰਨ ਲੱਗੇ ਹਾਂ। ਕੁਦਰਤ ਵਲੋਂ ਮੁਫ਼ਤ ਵਿਚ ਮਿਲੀਆਂ ਅਨਮੋਲ ਦਾਤਾਂ ਪ੍ਰਤੀ ਸਾਡੇ ਮਨਾਂ 'ਚ ਕੋਈ ਕਦਰ ਅਤੇ ਸ਼ੁਕਰਾਨੇ ਦਾ ਭਾਵ ਨਹੀਂ। ਇਨ੍ਹਾਂ ਅਨਮੋਲ ਦਾਤਾਂ ਦਾ ਚੇਤਾ ਕਰਾਉਂਦਿਆਂ ਗੁਰੂ ਅਰਜਨ ਦੇਵ ਮੰਗ ਕਰਦੇ ਹਨ:

**ਜਿਨਿ ਦੀਆ ਤੁਧੁ ਪਵਨੁ ਅਮੋਲਾ॥ ਜਿਨਿ ਦੀਆ ਤੁਧੁ ਨੀਰੁ ਨਿਰਮੋਲਾ॥**
**ਜਿਨਿ ਦੀਆ ਤੁਧੁ ਪਾਵਕੁ ਬਲਨਾ॥ ਤਿਸੁ ਠਾਕੁਰ ਕੀ ਰਹੁ ਮਨ ਸਰਨਾ॥**

(ਪੰਨਾ 913)

**ਸਿਹਜਾ ਧਰਤਿ ਬਰਤਨ ਕਉ ਪਾਨੀ॥**
**ਨਿਮਖ ਨ ਵਿਸਾਰਹੁ ਸੇਵਹੁ ਸਾਰਿਗਪਾਨੀ॥** (ਪੰਨਾ 1337)

ਅਨਮੋਲ ਦਾਤਾਂ ਦੀ ਸਾਨੂੰ ਕਦਰ ਨਹੀਂ। ਕਦਰ ਨਾ ਹੋਣ ਕਰਕੇ ਦੇਣ ਵਾਲੇ ਦਾ ਧੰਨਵਾਦ ਨਹੀਂ ਅਤੇ ਦਾਤਾਂ ਦੀ ਸੰਭਾਲ ਨਹੀਂ। ਅਸੀਂ ਪੈਸਿਆਂ ਨਾਲ ਖ਼੍ਰੀਦੀਆਂ ਜਾਣ ਵਾਲੀਆਂ ਵਸਤਾਂ ਨੂੰ ਹੀ ਕੀਮਤੀ ਮੰਨਦੇ ਹਾਂ, ਆਪਣੀ ਸੁਰਤ ਬਾਜ਼ਾਰ ਦੀਆਂ ਵਸਤਾਂ ਵਿਚ ਹੀ ਫਸਾਈ ਰੱਖਦੇ ਹਾਂ। ਆਪਣੀ ਲੋੜ ਦੀਆਂ ਸੁੱਖ ਸਹੂਲਤਾਂ ਅਤੇ ਵਸਤਾਂ ਨੂੰ ਖਰੀਦ ਸਕਣ ਦੀ ਸਥਿਤੀ ਵਿਚ ਹੋ ਸਕਣ ਦੀ ਦਿਸ਼ਾ ਵਿਚ ਦੀ ਸਾਰੇ ਕਰਮ ਕਰਦੇ ਹਾਂ। ਪਰ ਪਾਣੀ ਕੋਈ ਵਸਤੂ ਨਹੀਂ, ਜੀਵਨ ਹੈ, ਜਾਨ ਹੈ, ਕਾਦਰ ਅਤੇ ਕੁਦਰਤ ਦੀ ਸਰਬ ਸ੍ਰੇਸ਼ਟ ਦਾਤ ਹੈ। ਸਭ ਕੁਛ ਹੈ ਪਾਣੀ। ਪਰ ਸਾਡਾ ਰਵੱਈਆ ਪਾਣੀ ਨੂੰ ਦਾਤ ਦੀ ਬਜਾਏ ਵਸਤੂ ਬਣਾ ਰਿਹਾ ਹੈ। ਅਜਿਹੇ ਰਵੱਈਏ ਦੇ ਤਹਿਤ ਮਨੁੱਖ ਵੀ ਵਸਤੂ ਬਣਦਾ ਜਾ ਰਿਹਾ ਹੈ ਅਤੇ ਪੀਣ ਦਾ ਪਾਣੀ ਹੌਲੀ ਹੌਲੀ ਬਜ਼ਾਰ ਅਤੇ ਵਪਾਰ ਦੀ ਚੀਜ਼ ਬਣ ਰਿਹਾ ਹੈ। ਸ਼ਾਇਰ ਗੁਰਭਜਨ ਗਿੱਲ ਦੀਆਂ ਸਤਰਾਂ ਚੇਤੇ ਆਉਂਦੀਆਂ ਹਨ:

**ਕਿਥੋਂ ਤੁਰ ਕੇ ਪਹੁੰਚੀ ਦੇਖੋ ਕਿਥੇ ਆਣ ਕਹਾਣੀ।**
**ਪੰਜ ਦਰਿਆਵਾਂ ਦੀ ਧਰਤੀ ਤੇ ਅੱਜ ਮੁੱਲ ਵਿਕਦਾ ਪਾਣੀ।**

ਵਿਕਣ ਵਾਲੀ ਚੀਜ਼ ਵਿਚ ਬਰਕਤ ਨਹੀਂ ਹੁੰਦੀ। ਫਿਰ ਪਾਣੀ ਦੇ ਕੁਦਰਤੀ ਸੋਮਿਆਂ ਨੂੰ ਸੰਭਾਲਣ ਪ੍ਰਤੀ ਕੋਤਾਹੀ ਕਰਕੇ ਅਸੀਂ ਪ੍ਰਮਾਤਮਾ ਜਾਂ ਕੁਦਰਤ ਦੀ ਬਰਕਤ ਭਰਪੂਰ ਬਖਸ਼ਿਸ਼ ਤੋਂ ਕਿਉਂ ਮੂੰਹ ਮੋੜ ਰਹੇ ਹਾਂ?

*Original with;*
Jaswant Singh Zafar
*Digitized by;*
Panjab Digital Library

**ਇਹੁ ਜਲੁ ਸਭ ਤੈ ਵਰਸਦਾ ਵਰਸੈ ਭਾਇ ਸੁਭਾਇ॥**
**ਸੇ ਬਿਰਖਾ ਹਰੀਆਵਲੇ ਜੋ ਗੁਰਮੁਖਿ ਰਹੇ ਸਮਾਇ॥**
**ਨਾਨਕ ਨਦਰੀ ਸੁਖੁ ਹੋਇ ਏਨਾ ਜੰਤਾ ਕਾ ਦੁਖੁ ਜਾਇ॥** (ਮ:3, ਪੰਨਾ 1282)

ਬਖਸ਼ਿਸ਼ ਤੋਂ ਹੀ ਮੂੰਹ ਮੋੜ ਨਹੀਂ ਰਹੇ ਸਗੋਂ ਕੁਦਰਤ ਦੀ ਕਰੋਪੀ ਨੂੰ ਵਾਜਾਂ ਮਾਰ ਰਹੇ ਹਾਂ। ਪਾਣੀ ਦੀ ਜੀਵਨ ਸ਼ਕਤੀ ਬੜੀ ਤੇਜ਼ੀ ਨਾਲ ਨਸ਼ਟ ਕਰ ਰਹੇ ਹਾਂ। ਦੁਆਬੇ ਦੇ ਬਹੁਤ ਸਾਰੇ ਪਿੰਡਾਂ ਵਿਚ ਧਰਤੀ ਹੇਠਲਾ ਪਾਣੀ ਪੀਣ ਦੇ ਤਾਂ ਕੀ ਫ਼ਸਲਾਂ ਨੂੰ ਸਿੰਜਣ ਦੇ ਕਾਬਲ ਨਹੀਂ ਰਿਹਾ। ਜੇ ਸਾਰਾ ਪਾਣੀ ਰੋਗੀ ਹੋ ਗਿਆ ਤਾਂ ਧਰਤੀ ਵੀ ਰੋਗੀ ਹੋ ਜਾਏਗੀ। ਸਮੁੱਚੇ ਜੀਵ ਜੰਤੂਆਂ ਨੇ ਰੋਗੀ ਹੋ ਜਾਣਾ ਹੈ। ਮਨੁੱਖਾਂ ਨੇ ਤੰਦਰੁਸਤ ਅਤੇ ਸਿਹਤਮੰਦ ਕਿਥੋਂ ਰਹਿਣਾ ਹੈ? ਅੱਜ ਕੱਲ੍ਹ ਦਵਾਈਆਂ, ਹਸਪਤਾਲਾਂ, ਨਰਸਿੰਗ ਹੋਮਾਂ ਅਤੇ ਡਾਕਟਰੀ ਵਿਦਿਆ ਦਾ ਵਪਾਰ ਤੇਜ਼ੀ ਨਾਲ ਵਧ ਫੁੱਲ ਰਿਹਾ ਹੈ।

**ਪਉਣੁ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ॥**
**ਮਾਤ ਪਿਤਾ ਮਾਇਆ ਦੇਹ ਸਿ ਰੋਗੀ ਰੋਗੀ ਕੁਟੰਬ ਸੰਜੋਗੀ॥**

(ਮ:1, ਪੰਨਾ 1153)

ਪਾਣੀ ਦੀ ਨਿਰਮਲਤਾ ਦੇ ਮਹੱਤਵ ਨੂੰ ਜਾਨਣ ਲਈ ਸਵੈ ਦਾ ਨਿਰਮਲ ਹੋਣਾ ਜ਼ਰੂਰੀ ਹੈ। ਆਪਣੀ ਹਸਤੀ ਅੰਦਰਲੇ ਪਲੀਤ ਤੱਤਾਂ ਨੂੰ ਪਛਾਣੇ ਅਤੇ ਮਿਟਾਏ ਬਿਨਾਂ ਪਾਣੀ ਨੂੰ ਪਲੀਤ ਹੋਣੋਂ ਨਹੀਂ ਬਚਾਇਆ ਜਾ ਸਕਦਾ। ਸ਼ੀਸ਼ੇ ਦਾ ਪਾਣੀ ਸਾਫ਼ ਹੋਵੇ, ਇਹ ਲੋੜ ਓਦੋਂ ਮਹਿਸੂਸ ਹੁੰਦੀ ਹੈ ਜਦ ਚਿਹਰਾ ਸਾਫ਼ ਹੋਵੇ। ਪਰ ਅਸੀਂ ਆਪਹੁਦਰੇਪਨ, ਅਣਗਹਿਲੀ ਅਤੇ ਦੀਰਘ ਦ੍ਰਿਸ਼ਟੀ ਕਾਰਨ ਜਿਸ ਦਿਸ਼ਾ ਵੱਲ ਵਧ ਰਹੇ ਹਾਂ ਉਹ ਡੁੱਬ ਮਰਨ ਵਾਲੀ ਗੱਲ ਹੈ। ਪਰ ਸਾਨੂੰ ਲਾਲਚਾਂ ਵਿਚ ਅੰਨ੍ਹਿਆਂ ਹੋਇਆਂ ਨੂੰ ਜਦ ਇਸ ਗੱਲ ਦੀ ਸਮਝ ਆਏਗੀ ਤਦ ਤੱਕ ਬਹੁਤ ਦੇਰ ਹੋ ਚੁੱਕੀ ਹੋਵੇਗੀ। ਡੁੱਬ ਮਰਨ ਲਈ ਵੀ ਸਾਫ਼ ਪਾਣੀ ਨਹੀਂ ਹੋਏਗਾ। ਡੁੱਬਣ ਲਈ ਸਾਡੇ ਕੋਲ ਪਛਤਾਵੇ ਅਤੇ ਸ਼ਰਮਿੰਦਗੀ ਦੀ ਸਿਰਫ਼ ਖਾਲੀ ਚੱਪਣੀ ਬਚੇਗੀ:

**ਮਨਮੁਖ ਅੰਧ ਨ ਚੇਤਹੀ ਡੂਬਿ ਮੁਏ ਬਿਨੁ ਪਾਣੀ॥** (ਮ:3, ਪੰਨਾ 31)

**ਅਗਿਆਨੀ ਅੰਧੇ ਦੂਜੈ ਲਾਗੇ॥ ਬਿਨੁ ਪਾਣੀ ਡੂਬਿ ਮੂਏ ਅਭਾਗੇ॥**
**ਚਲਦਿਆ ਘਰੁ ਦਰੁ ਨਦਰਿ ਨ ਆਵੈ ਜਮ ਦਰਿ ਬਾਧਾ ਦੁਖੁ ਪਾਇਦਾ॥**

(ਮ:3, ਪੰਨਾ 1063)

ਜਦ ਬਾਰਸ਼ ਨੂੰ ਤੇਜ਼ਾਬੀ ਗੈਸਾਂ ਨਾਲ, ਨਦੀਆਂ ਨੂੰ ਕਾਰਖਾਨਿਆਂ ਦੀ ਰਹਿੰਦ ਖੂੰਹਦ ਨਾਲ, ਧਰਤੀ ਹੇਠਲੇ ਪਾਣੀ ਨੂੰ ਜ਼ਹਿਰੀਲੇ ਰਸਾਇਣਾਂ ਨਾਲ ਅਤੇ ਸਮੁੰਦਰ ਨੂੰ ਐਟਮੀ ਬਾਲਣ ਦੀ ਸਵਾਹ ਨਾਲ ਨਸ਼ਟ ਕਰ ਬੈਠੇ ਤਾਂ ਸਾਨੂੰ ਸਾਫ਼ ਪਾਣੀ ਦੀ ਬੂੰਦ ਬੂੰਦ ਲਈ ਤਰਸਣਾ ਭਟਕਣਾ ਤੇ ਵਿਲਕਣਾ ਪੈਣਾ ਹੈ। ਪਾਣੀ ਅਧਾਰਤ ਜੀਵਨ ਪਾਣੀ ਦੀ ਤੋਟ

*Original with;*
Jaswant Singh Zafar
*Digitized by;*
Panjab Digital Library

ਕਾਰਨ ਮਰਨਹਾਕਾ ਹੋ ਜਾਏਗਾ :

**ਜਲ ਮਹਿ ਜੀਅ ਉਪਾਇ ਕੈ ਬਿਨੁ ਜਲ ਮਰਣੁ ਤਿਨੇਹਿ॥** (ਮ:1, ਪੰਨਾ 59)

**ਬਨੁ ਬਨੁ ਫਿਰਤ ਉਦਾਸ ਬੂੰਦ ਜਲ ਕਾਰਣੇ॥** (ਮ:5, ਪੰਨਾ 1362)

**ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ॥**
**ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ॥** (ਕਬੀਰ ਜੀ, ਪੰਨਾ 656)

ਅਜਿਹੀ ਸਥਿਤੀ ਵਿਚ ਕੁਦਰਤ ਦੀ ਇਹ ਦਾਤ ਤਾਂ ਸਾਰੇ ਪਾਸੇ ਬੇਅੰਤ ਮਾਤਰਾ ਵਿਚ ਮੌਜੂਦ ਹੋਏਗੀ ਪਰ ਵਰਤਣ ਵਾਲਾ ਮਨੁੱਖ ਬੇਕਦਰੀ ਅਤੇ ਅਕ੍ਰਿਤਘਣਤਾ ਕਾਰਨ ਇਸ ਪਾਣੀ ਨੂੰ ਵਰਤਣਯੋਗ ਨਹੀਂ ਛੱਡੇਗਾ। ਇਹ ਆਪਣੀ ਨਲਾਇਕੀ, ਬਦਚਲਣੀ ਜਾਂ ਮਨਮੁੱਖਤਾ ਕਾਰਨ ਅਜਿਹੇ ਪਾਣੀ ਤੋਂ ਜੀਵਨ ਦਾਨ ਪ੍ਰਾਪਤ ਨਹੀਂ ਕਰ ਸਕੇਗਾ:

**ਬਾਬੀਹਾ ਜਲ ਮਹਿ ਤੇਰਾ ਵਾਸੁ ਹੈ ਜਲ ਹੀ ਮਾਹਿ ਫਿਰਾਹਿ॥**
**ਜਲ ਕੀ ਸਾਰ ਨ ਜਾਣਹੀ ਤਾਂ ਤੂੰ ਕੂਕਣ ਪਾਹਿ॥**
**ਜਲ ਥਲ ਚਹੁ ਦਿਸਿ ਵਰਸਦਾ ਖਾਲੀ ਕੋ ਥਾਉ ਨਾਹਿ॥**
**ਏਤੈ ਜਲਿ ਵਰਸਦੈ ਤਿਖ ਮਰਹਿ ਭਾਗ ਤਿਨਾ ਕੇ ਨਾਹਿ॥** (ਮ:3, ਪੰਨਾ 1282)

ਇਸ ਸਾਰੀ ਸਥਿਤੀ ਸਬੰਧੀ ਬੀਬਾ ਬਲਵੰਤ ਦੇ ਦੋ ਸ਼ੇਅਰ ਸਾਂਝੇ ਕਰਕੇ ਸਮਾਪਤ ਕਰਦੇ ਹਾਂ:

**ਕਿਤੇ ਅੱਥਰੂ ਕਿਤੇ ਬਾਰਸ਼ ਕਿਤੇ ਦਰਿਆ ਕਿਤੇ ਨਦੀਆਂ**
**ਕਿਤੇ ਚਸ਼ਮੇ ਕਿਤੇ ਸਾਗਰ ਬੜਾ ਰੋਂਦਾ ਰਿਹਾ ਪਾਣੀ।**
**ਪਾਣੀ ਉਮਰ ਦਾ ਹਾਣੀ ਇਸ ਦੀ ਕਦਰ ਤਦ ਜਾਣੀ**
**ਜਦੋਂ ਦਮ ਆਖ਼ਿਰੀ ਸੀ ਖ਼ੁਸ਼ਕ ਬੁੱਲ੍ਹਾਂ ਨੇ ਕਿਹਾ ਪਾਣੀ।**

*Original with;*
Jaswant Singh Zafar
*Digitized by;*
Panjab Digital Library

# ਸਫਲਿਓ ਬਿਰਖੁ ਹਰੀਆਵਲਾ

ਇਹ ਧਰਤੀ ਬਨਸਪਤੀ ਦੀ ਹਰਿਆਵਲ ਕਾਰਨ ਹੀ ਸੁਹਾਵਨੀ ਅਤੇ ਬਰਕਤਾਂ ਵਾਲੀ ਹੈ। ਧਰਤੀ ਦੀ ਸੁੰਦਰਤਾ ਅਤੇ ਬਨਸਪਤੀ ਦੀ ਹਰਿਆਵਲ ਸਮਾਨ-ਅਰਥੀ ਹਨ। ਗੁਰ-ਵਾਕ ਹੈ-

**ਸਾ ਧਰਤੀ ਭਈ ਹਰੀਆਵਲੀ**
**ਜਿਥੈ ਮੇਰਾ ਸਤਿਗੁਰੁ ਬੈਠਾ ਆਇ॥** (ਪੰਨਾ 310)

ਇਥੇ ਗੁਰੂ ਰਾਮਦਾਸ ਜੀ ਨੇ ਇਹ ਨਹੀਂ ਕਿਹਾ ਕਿ ਜਿਥੇ ਗੁਰੂ ਬੈਠੇਗਾ ਉਥੇ ਬਹੁ-ਮੰਜ਼ਲੀ ਉਚੀਆਂ ਇਮਾਰਤਾਂ ਹੋਣਗੀਆਂ, ਮਹਿੰਗੀਆਂ ਸੰਗਮਰਮਰਾਂ ਲੱਗੀਆਂ ਹੋਣਗੀਆਂ ਜਾਂ ਤੇਜ਼ ਰੌਸ਼ਨੀਆਂ ਦੀ ਸਜਾਵਟ ਹੋਏਗੀ। ਸਗੋਂ ਗੁਰੂ ਦੇ ਸਥਾਨ ਦਾ ਹਰਿਆ ਭਰਿਆ ਹੋਣਾ ਲਾਜ਼ਮੀ ਦੱਸਿਆ ਹੈ। ਇਸ ਲਈ ਜਿਸ ਨੂੰ ਵੀ ਅਸੀਂ ਆਪਣਾ ਗੁਰੂ ਮੰਨਦੇ ਹੋਈਏ ਉਸ ਦੇ ਅਸਥਾਨ ਨੂੰ ਹਰਿਆ ਭਰਿਆ ਬਣਾਉਂਣਾ ਸਾਡਾ ਧਾਰਮਿਕ ਫ਼ਰਜ਼ ਹੈ। ਜੇ ਅਸੀਂ ਸਾਰੇ ਸੰਸਾਰ ਨੂੰ ਆਪਣੇ ਗੁਰੂ ਦਾ ਸਥਾਨ ਮੰਨਦੇ ਹਾਂ ਤਾਂ ਹਰ ਉਪਲਭਧ ਥਾਂ ਨੂੰ ਹਰੀ ਭਰੀ ਕਰਨ ਦਾ ਯਤਨ ਹੋਣਾ ਚਾਹੀਦਾ ਹੈ। ਗੁਰੂ ਅਮਰਦਾਸ ਜੀ ਨੇ ਪ੍ਰਮਾਤਮਾ ਦੇ ਦਰ ਘਰ ਦੀ ਵਡਿਆਈ ਅਤੇ ਖ਼ੂਬਸੂਰਤੀ ਦਾ ਵਰਨਣ ਉਥੇ ਹਰੇ ਭਰੇ ਸੁੰਦਰ ਦਰਖ਼ਤਾਂ ਦੀ ਮੌਜੂਦਗੀ ਦੱਸ ਕੇ ਕੀਤਾ ਹੈ-

**ਸਫਲਿਓ ਬਿਰਖੁ ਹਰਿ ਕੈ ਦੁਆਰਿ॥** (ਪੰਨਾ 1173)

ਆਪ ਜੀ ਨੇ ਈਸ਼ਵਰ ਦੁਆਰਾ ਰਚਿਤ ਸੰਸਾਰ ਨੂੰ ਕੋਈ ਆਲੀਸ਼ਾਨ ਮਹੱਲ ਨਹੀਂ ਸਗੋਂ ਖਿੜੇ ਫ਼ੁੱਲਾਂ ਨਾਲ ਭਰਿਆ ਇਕ ਬਗੀਚਾ ਆਖਿਆ ਹੈ-

**ਆਪਿ ਬਸੰਤੁ ਜਗਤੁ ਸਭੁ ਵਾੜੀ॥** (ਪੰਨਾ 1177)

ਮਨੁੱਖੀ ਤਨ ਦੀ ਅਰੋਗਤਾ ਅਤੇ ਮਨ ਦੇ ਖੇੜੇ ਖੁਸ਼ੀ ਤੇ ਪ੍ਰਸੰਨਤਾ ਨੂੰ ਵੀ ਸੋਨੇ ਚਾਂਦੀ ਹੀਰਿਆਂ ਦੀ ਚਮਕ ਨਾਲ ਜਾਂ ਪੈਸਿਆਂ ਦੀ ਟੁਣਕਾਰ ਨਾਲ ਨਹੀਂ ਸਗੋਂ ਰੁੱਖਾਂ ਦੀ ਹਰਿਆਲੀ ਦੇ ਪ੍ਰਤੀਕ ਨਾਲ਼ ਹੀ ਬਿਆਨਿਆ ਹੈ-

**ਏ ਮਨ ਹਰਿਆ ਸਹਜ ਸੁਭਾਇ॥** (ਪੰਨਾ 1173)
**ਮਨਿ ਬਸੰਤੁ ਤਨੁ ਮਨੁ ਹਰਿਆ ਹੋਇ॥** (ਪੰਨਾ 1176)

*Original with;*
Jaswant Singh Zafar
*Digitized by;*
Panjab Digital Library

ਰੁੱਖ, ਬਿਰਖ ਅਤੇ ਵਣ ਤ੍ਰਿਣ ਕੇਵਲ ਖੇੜੇ ਜਾਂ ਸੁੰਦਰਤਾ ਦੇ ਪ੍ਰਤੀਕ ਹੀ ਨਹੀਂ ਸਗੋਂ ਧਰਤੀ ਦੇ ਸਾਰੇ ਜੀਆ ਜੰਤ ਦੇ ਜੀਵਨ ਦਾ ਆਧਾਰ ਹਨ। ਜੇਕਰ ਧਰਤੀ ਤੇ ਮਨੁੱਖ ਦੀ ਹੋਂਦ ਨਾ ਵੀ ਹੁੰਦੀ ਤਾਂ ਬਾਕੀ ਜੀਵ ਜੰਤੂ ਪਸ਼ੂ ਪੰਛੀ ਸ਼ਾਇਦ ਹੁਣ ਨਾਲੋਂ ਵਧੇਰੇ ਪ੍ਰਫੁਲਤ, ਸੁਤੰਤਰ ਅਤੇ ਪ੍ਰਸੰਨ ਹੁੰਦੇ। ਪ੍ਰੰਤੂ ਰੁੱਖਾਂ ਦੀ ਹੋਂਦ ਤੋਂ ਬਗੈਰ ਧਰਤੀ ਤੇ ਪਸ਼ੂ ਪੰਛੀਆਂ, ਮਨੁੱਖਾਂ ਤੇ ਮੱਛੀਆਂ ਆਦਿ ਦੀ ਹੋਂਦ ਹੀ ਸੰਭਵ ਨਹੀਂ ਹੈ। ਜੀਵਨ ਲੀਲ੍ਹਾ ਰਚਣ ਸਮੇਂ ਸਭ ਤੋਂ ਪਹਿਲਾਂ ਰਚਣਹਾਰ ਈਸ਼ਵਰ ਨੇ ਇਸ ਦੀ ਪਹਿਲੀ ਕੜੀ ਅਰਥਾਤ ਹਰੀ ਭਰੀ ਬਨਸਪਤੀ ਨੂੰ ਰਚਿਆ। ਬਨਸਪਤੀ ਦੀ ਹਰਿਆਵਲ ਉਸ ਦੀ ਸਰਬ ਵਿਆਪਕਤਾ ਦੀ ਪ੍ਰਤੀਕ ਵੀ ਹੈ। ਗੁਰੂ ਨਾਨਕ ਦੇਵ ਜੀ ਸਮੁੱਚੀ ਜੀਵਨ ਉਤਪਤੀ ਨੂੰ ਰੁੱਖਾਂ ਬਿਰਖਾਂ ਦਾ ਪੁੰਗਰਨਾ ਆਖਦੇ ਹਨ-

**ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ॥**
**ਆਬ ਖਾਕੁ ਜਿਨਿ ਬੰਧਿ ਰਹਾਈ ਧੰਨੁ ਸਿਰਜਣਹਾਰੋ॥** (ਪੰਨਾ 24)

ਬਨਸਪਤੀ ਦੀ ਹਰਿਆਵਲ ਹੀ ਜੀਵਨ ਹੈ ਜਾਂ ਕਹਿ ਲਈਏ ਕਿ ਸਾਰੇ ਜੀਵਾਂ ਦੀ ਹੋਂਦ ਰੁੱਖਾਂ ਦੀ ਹੋਂਦ ਤੇ ਨਿਰਭਰ ਅਤੇ ਅਧੀਨ ਹੈ। ਇਸ ਵਿਗਿਆਨਕ ਸਚਾਈ ਸਬੰਧੀ ਗੁਰੂ ਗਰੰਥ ਸਾਹਿਬ ਵਿਚ ਦਰਜ ਗੁਰੂ ਅਰਜਨ ਸਾਹਿਬ ਦਾ ਸੰਕੇਤਕ ਬਿਆਨ ਹੈ-

**ਬਿਰਖੈ ਹੇਠਿ ਸਭਿ ਜੰਤ ਇਕਠੇ॥** (ਪੰਨਾ 1019)

ਸਾਡਾ ਜੀਵਨ ਕੇਵਲ ਸਾਡੇ ਸਰੀਰ ਜਾਂ ਘਰ ਪਰਿਵਾਰ ਕਾਰਨ ਹੀ ਨਹੀਂ ਹੈ ਸਗੋਂ ਸਾਡੀਆਂ ਸੁਆਸੀ ਅਤੇ ਖ਼ੁਰਾਕੀ ਲੋੜਾਂ ਕਾਰਨ ਸਾਡੇ ਆਲੇ ਦੁਆਲੇ ਤੇ ਨਿਰਭਰ ਹੈ। ਸਾਡੇ ਜਿਉਣ ਲਈ ਲੋੜੀਂਦੀ ਆਕਸੀਜਨ ਅਤੇ ਖ਼ੁਰਾਕ ਦੇ ਮੂਲ ਸਰੋਤ ਇਹ ਰੁੱਖ ਬਿਰਖ ਵੇਲ ਬੂਟੇ ਹੀ ਹਨ। ਸਾਡੀ ਜੀਵਨ ਡੋਰ ਧਰਤੀ ਉਤਲੇ ਅਣਗਿਣਤ ਰੁੱਖਾਂ ਬੂਟਿਆਂ ਨਾਲ ਬੱਝੀ ਹੋਈ ਹੈ। ਮਨੁੱਖੀ ਹੋਂਦ ਅਤੇ ਜੀਵਨ ਨੂੰ ਕੇਵਲ ਮਨੁੱਖ ਦੇ ਸਰੀਰ ਜਾਂ ਘਰ ਪਰਿਵਾਰ ਤੱਕ ਸੀਮਤ ਕਰਕੇ ਨਹੀਂ ਸਗੋਂ ਪ੍ਰਮਾਤਮਾ ਦੀ ਸਮੁੱਚੀ ਕਇਆਨਾਤ ਦੀ ਵਿਸ਼ਾਲਤਾ ਅਤੇ ਸਮੁੱਚਤਾ ਦੇ ਅੰਗ ਵਜੋਂ ਹੀ ਸਮਝਿਆ ਵਿਚਾਰਿਆ ਜਾ ਸਕਦਾ ਹੈ। ਰੁੱਖ ਇਸ ਵਿਸ਼ਾਲਤਾ ਅਤੇ ਸਮੁੱਚਤਾ ਦੀ ਸਭ ਤੋਂ ਅਹਿਮ ਕੜੀ ਹਨ। ਪ੍ਰਮਾਤਮਾ ਦੀ ਸਰਬ ਵਿਆਪਕਤਾ ਦੀ ਗੱਲ ਕਰਨ ਲੱਗਿਆਂ ਗੁਰੂ ਨਾਨਕ ਸਾਹਿਬ ਪਹਿਲਾ ਜ਼ਿਕਰ ਇਨ੍ਹਾਂ ਦਾ ਹੀ ਕਰਦੇ ਹਨ-

**ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ॥** (ਪੰਨਾ 223)

ਉਨ੍ਹਾਂ ਦੇ ਕਥਨ ਅਨੁਸਾਰ ਬਿਰਖਾਂ ਦੀ ਸਫ਼ਲ ਸੁਰੱਖਿਆ ਨਾਲ ਮਨੁੱਖੀ ਜੀਵਨ ਦੀ ਸਦੀਵਤਾ ਅਤੇ ਅਮਰਤਾ ਨੂੰ ਕਾਇਮ ਰੱਖਿਆ ਜਾ ਸਕਦਾ ਹੈ -

*Original with;*
Jaswant Singh Zafar
*Digitized by;*
Panjab Digital Library

**ਸਫਲਿਓ ਬਿਰਖੁ ਅੰਮ੍ਰਿਤ ਫਲੁ ਪਾਵਹਿ॥** (ਪੰਨਾ 1033)

ਗੁਰੂ ਅਰਜਨ ਦੇਵ ਜੀ ਉਪਰੋਕਤ ਕਥਨ ਦੀ ਪੁਸ਼ਟੀ ਇਸ ਤਰ੍ਹਾਂ ਕਰਦੇ ਹਨ-

**ਸਫਲਿਉ ਬਿਰਖੁ ਸੁਹਾਵੜਾ ਹਰਿ ਸਫਲ ਅੰਮ੍ਰਿਤਾ॥** (ਪੰਨਾ 965)

ਇਸ ਲਈ ਜੀਵਨ ਲਈ ਖ਼ਤਰਾ ਬਣ ਕੇ ਵਧ ਰਹੇ ਪ੍ਰਦੂਸ਼ਣ ਦੇ ਟਾਕਰੇ ਲਈ ਧਰਤੀ ਤੇ ਵਧੇਰੇ ਰੁੱਖਾਂ ਦੀ ਲੋੜ ਹੈ। ਭਗਤ ਕਬੀਰ ਜੀ ਵੀ ਬਿਰਖਾਂ ਦੇ ਵਧਣ ਫੁਲਣ ਨੂੰ ਜੀਵਨ ਦੀ ਅਮਰਤਾ ਅਤੇ ਨਿਰੰਤਰਤਾ ਦੇ ਸੰਚਾਰ ਦਾ ਮੂਲ ਆਧਾਰ ਮੰਨਦੇ ਹਨ-

**ਤਰਵਰੁ ਏਕੁ ਅਨੰਤ ਡਾਰ ਸਾਖਾ ਪੁਹਪ ਪਤ੍ਰ ਰਸ ਭਰੀਆ॥**
**ਇਹ ਅੰਮ੍ਰਿਤ ਕੀ ਬਾੜੀ ਹੈ ਰੇ ਤਿਨਿ ਹਰਿ ਪੂਰੈ ਕਰੀਆ॥** (ਪੰਨਾ 970)

ਸਾਨੂੰ ਸਾਡੇ ਸਾਹਾਂ ਲਈ ਲੋੜੀਂਦੀ ਆਕਸੀਜਨ ਦਾ ਭੰਡਾਰ ਮੁੱਢੋਂ - ਸੁੱਢੋਂ ਅਮੁੱਕ ਅਤੇ ਅਸੀਮ ਪ੍ਰਤੀਤ ਹੁੰਦਾ ਹੈ। ਪਰ ਅਜਿਹਾ ਹੈ ਨਹੀਂ। ਪ੍ਰਤੀਤ ਹੁੰਦੀ ਇਹ ਅਮੁੱਕਤਾ ਅਤੇ ਅਸੀਮਤਾ ਰੁੱਖਾਂ ਬਿਰਖਾਂ ਦੀ ਅਨਮੋਲਕ ਹੋਂਦ ਕਾਰਨ ਹੈ। ਜੀਵਾਂ ਦੇ ਖਰਚਣ ਲਈ ਲੋੜੀਂਦੀ ਸਾਰੀ ਦੀ ਸਾਰੀ ਆਕਸੀਜਨ ਇਨ੍ਹਾਂ ਰੁੱਖਾ ਵੇਲਾਂ ਬੂਟਿਆਂ ਦੁਆਰਾ ਪੈਦਾ ਕੀਤੀ ਜਾ ਰਹੀ ਹੈ। ਸਾਡੇ ਵਾਤਾਵਰਣ ਦੀ ਅਮੀਰੀ ਅਤੇ ਇਸ ਵਿਚ ਮੌਜੂਦ ਜੀਵਨ ਸੰਭਾਵਨਾਵਾਂ ਅਤੇ ਜੀਵਨ ਆਸਰੇ ਦਾ ਵਿਸ਼ਾਲ ਭੰਡਾਰ ਵਾਹਿਗੁਰੂ ਵਲੋਂ ਸਾਜੇ ਰੁੱਖਾਂ ਬਿਰਖਾਂ ਰੂਪੀ ਲਾਲਾਂ ਜਵਾਹਰਾਂ ਦੀ ਮੌਜੂਦਗੀ ਤੇ ਆਧਾਰਤ ਹਨ। ਗੁਰੂ ਨਾਨਕ ਸਾਹਿਬ ਦਾ ਫ਼ੁਰਮਾਨ ਹੈ-

**ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ॥**
**ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ॥** (ਪੰਨਾ 59)

ਆਪ ਅਨੁਸਾਰ ਪ੍ਰਮਾਤਮਾ ਨੇ ਰੁੱਖਾਂ ਨੂੰ ਤਪਦੀ ਲੋਕਾਈ ਦੇ ਤਨਾਂ ਮਨਾਂ ਨੂੰ ਠੰਡਕ ਪਹੁੰਚਾਉਣ ਲਈ ਆਰਾਮ ਘਰਾਂ ਦੇ ਰੂਪ ਵਿਚ ਸਥਾਪਤ ਕੀਤਾ ਹੈ -

**ਜਾ ਕੇ ਰੁਖਿ ਬਿਰਖ ਆਰਾਉ॥** (ਪੰਨਾ 25)

**ਅਖਰ ਬਿਰਖ ਬਾਗ ਭੁਇ ਚੋਖੀ ਸਿੰਚਿਤ ਭਾਉ ਕਰੇਹੀ॥** (ਪੰਨਾ 354)

ਰੁੱਖ ਧਰਤੀ ਰੂਪੀ ਕਾਗ਼ਜ਼ ਤੇ ਪ੍ਰਮਾਤਮਾ ਦੁਆਰਾ ਲਿਖੇ ਹੋਏ ਅੱਖ਼ਰ ਹਨ। ਇਸ ਲਈ ਇਨ੍ਹਾਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ। ਪੂਰੀ ਸ਼ਰਧਾ ਅਤੇ ਪ੍ਰੇਮ ਭਾਵ ਨਾਲ ਇਨ੍ਹਾਂ ਦੀ ਸਾਂਭ ਸੰਭਾਲ ਕੀਤੀ ਜਾਣੀ ਬਣਦੀ ਹੈ। ਜਿਨ੍ਹਾਂ ਥਾਵਾਂ ਤੇ ਰੁੱਖ ਉੱਗੇ ਹਨ ਉਹ ਥਾਵਾਂ ਸਵਰਗ ਸਮਾਨ ਹਨ। ਗੁਰੂ ਅਰਜਨ ਦੇਵ ਜੀ ਨੇ ਸਵਰਗੀ ਅਤੇ ਰੱਬੀ ਸਰੋਤਾਂ ਨੂੰ ਬਿਰਖ ਦੇ ਰੂਪ ਕਥਿਆ ਹੈ-

*Original with;*
Jaswant Singh Zafar
*Digitized by;*
Panjab Digital Library

**ਬਿਰਖੁ ਜਮਿਓ ਹੈ ਪਾਰਜਾਤ॥**
**ਫੂਲ ਲਗੇ ਫਲ ਰਤਨ ਭਾਂਤਿ॥** (ਪੰਨਾ 1180)

ਇਸ ਲਈ ਪ੍ਰਮੇਸ਼ਰ ਦੇ ਪ੍ਰੇਮ ਵਿਚ ਰੰਗੇ ਫ਼ਕੀਰਾਂ ਨੂੰ ਰੁੱਖਾਂ ਦੀਆਂ ਰੱਖਾਂ ਦੇ ਸਵਰਗੀ ਨਜ਼ਾਰੇ ਬਹੁਤ ਧੂਹ ਪਾਉਂਦੇ ਹਨ। ਜਿਨ੍ਹਾਂ ਨੇ ਸੱਚੇ ਸਾਹਿਬ ਦੀ ਚਾਕਰੀ ਕਰਨੀ ਹੋਵੇ ਜਾਂ ਸੰਤਾਂ ਭਗਤਾਂ ਦੀ ਖੁਸ਼ੀ ਦਾ ਪਾਤਰ ਬਣਨਾ ਹੋਵੇ ਉਹ ਰੁੱਖਾਂ ਦੀ ਸੇਵਾ ਕਰਕੇ ਆਤਮਿਕ ਸ਼ੁੱਧੀ ਦੇ ਭਾਗੀ ਬਣ ਸਕਦੇ ਹਨ। ਸ਼ੇਖ ਫਰੀਦ ਜੀ ਦਾ ਕਥਨ ਹੈ-

**ਫਰੀਦਾ ਸਾਹਿਬ ਦੀ ਕਰਿ ਚਾਕਰੀ**
**ਦਿਲ ਦੀ ਲਾਹਿ ਭਰਾਂਦਿ॥**
**ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥** (ਪੰਨਾ 1381)

ਰੁੱਖਾਂ ਪ੍ਰਤੀ ਪ੍ਰਭੂ ਪ੍ਰੇਮੀਆਂ ਦੇ ਮੋਹ ਦਾ ਕਾਰਨ ਰੁੱਖਾਂ ਦੇ ਰੱਬੀ ਗੁਣ ਹਨ। ਰੁੱਖ ਬਿਨਾਂ ਵਿਤਕਰੇ ਸਭ ਨੂੰ ਜੀਵਨ ਅਤੇ ਆਸਰਾ ਬਖ਼ਸ਼ਦੇ ਹਨ। ਹਰ ਦੁੱਖ ਅਤੇ ਔਖਿਆਈ ਨੂੰ ਚੁੱਪ ਚਾਪ ਜਿਗਰੇ ਨਾਲ ਸਹਿਣ ਕਰਦੇ ਹਨ। ਕਿਸੇ ਨਾਲ ਵੈਰ ਵਿਰੋਧ ਨਹੀਂ ਰੱਖਦੇ। ਬੁਰਾ ਕਰਨ ਵਾਲਿਆਂ ਦਾ ਵੀ ਭਲਾ ਚਿਤਵਦੇ ਹਨ। ਆਪਣੇ ਆਪ ਨੂੰ ਠੀਕ ਸਿੱਧ ਕਰਨ ਲਈ ਕਿਸੇ ਬਹਿਸ ਵਿਚ ਨਹੀਂ ਪੈਂਦੇ। ਰੁੱਖ਼ਾਂ ਦੀ ਜਾਨ ਲੈਣ ਵਾਲਿਆਂ ਜਾਂ ਇਨ੍ਹਾਂ ਨੂੰ ਵੱਢਣ ਵਾਲਿਆਂ ਪ੍ਰਤੀ ਵੀ ਰੁੱਖ਼ ਬਦਲਾਖ਼ੋਰ ਨਹੀਂ ਹੁੰਦੇ। ਜਿਵੇਂ ਪ੍ਰਮਾਤਮਾ ਉਨ੍ਹਾਂ ਨੂੰ ਵੀ ਪਾਲਦਾ ਅਤੇ ਪਿਆਰਦਾ ਹੈ ਜੋ ਉਸਦੀ ਯਾਦ ਵਿਚ ਨਹੀਂ ਜਿਉਂਦੇ ਜਾਂ ਉਸਦੀ ਹੋਂਦ ਨੂੰ ਨਹੀਂ ਮੰਨਦੇ, ਤਿਵੇਂ ਰੁੱਖ ਆਪਣੇ ਵੱਢਣ ਵਾਲਿਆਂ ਨੂੰ ਵੀ ਨਿਹਾਲ ਕਰਦੇ ਹਨ। ਵੱਢਣ ਵਾਲੀਆਂ ਕੁਹਾੜੀਆਂ ਤੇ ਆਰੀਆਂ ਲਈ ਵੀ ਦਸਤੇ ਪ੍ਰਦਾਨ ਕਰਦੇ ਹਨ।

**ਕਬੀਰ ਤਰਵਰ ਰੂਪੀ ਰਾਮੁ ਹੈ ਫਲ ਰੂਪੀ ਬੈਰਾਗੁ॥**
**ਛਾਇਆ ਰੂਪੀ ਸਾਧੁ ਹੈ ਜਿਨਿ ਤਜਿਆ ਬਾਦੁ ਬਿਬਾਦੁ॥**
**ਕਬੀਰ ਦਾਤਾ ਤਰਵਰੁ ਦਯਾ ਫਲੁ ਉਪਕਾਰੀ ਜੀਵੰਤ॥**
**ਪੰਖੀ ਚਲੇ ਦਿਸਾਵਰੀ ਬਿਰਖਾ ਸੁਫਲ ਫਲੰਤ॥** (ਪੰਨਾ 1376)

ਇਸ ਤਰ੍ਹਾਂ ਕਬੀਰ ਜੀ ਅਨੁਸਾਰ ਰੁੱਖ ਪਰਉਪਕਾਰੀ ਦਿਆਲੂ ਦਾਤੇ ਹਨ ਅਤੇ ਸੁਚਮੁਚ ਰੱਬ ਦਾ ਰੂਪ ਹਨ। ਰੁੱਖਾਂ ਤੋਂ ਪ੍ਰਾਪਤ ਹੋਣ ਵਾਲੀਆਂ ਦਾਤਾਂ ਅਨਮੋਲ ਹਨ। ਇਨ੍ਹਾਂ ਦੀਆਂ ਟਹਿਣੀਆਂ ਨੂੰ ਲੱਗੇ ਫ਼ੁਲਾਂ ਨੂੰ ਤੱਕ ਕੇ ਮਨਾਂ ਦੀ ਭੁੱਖ ਲਹਿੰਦੀ ਹੈ ਅਤੇ ਇਨ੍ਹਾਂ ਤੋਂ ਪ੍ਰਾਪਤ ਹੋਣ ਵਾਲੇ ਫ਼ਲ ਤਨਾਂ ਦੀ ਭੁੱਖ ਮਿਟਾਉਂਦੇ ਹਨ। ਰੁੱਖ ਧਰਤੀ ਦੇ ਤਾਪਮਾਨ, ਮੌਸਮਾਂ ਅਤੇ ਬਾਰਸ਼ਾਂ ਨੂੰ ਨਿਯਮਤ ਰੱਖਦੇ ਹਨ। ਇਨ੍ਹਾਂ ਦੀ ਛਾਂ ਅਨਮੋਲ ਅਤੇ ਲਾਸਾਨੀ ਹੈ। ਰੁੱਖਾਂ ਬੂਟਿਆਂ ਨੂੰ ਨੁਕਸਾਨ ਪਹੁੰਚਾਉਂਣ ਤੋਂ ਵੱਡਾ ਕੋਈ ਪਾਪ ਨਹੀਂ। ਹੋਰ ਤਾਂ ਹੋਰ ਦੇਵੀ ਦੇਵਤਿਆਂ ਦੀ ਅਖੌਤੀ ਪੂਜਾ ਅਰਚਨਾ ਲਈ ਟਹਿਣੀਆਂ

*Original with;*
Jaswant Singh Zafar
*Digitized by;*
Panjab Digital Library

ਤੋਂ ਫ਼ੁਲ ਤੋੜਨਾ ਵੀ ਦੇਵਤਿਆਂ ਦੇ ਕਤਲ ਸਮਾਨ ਹੈ-

**ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰ ਦੇਉ॥**
**ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ॥** (ਪੰਨਾ 479)

ਗੁਰੂ ਨਾਨਕ ਦੇਵ ਜੀ ਵੀ ਪ੍ਰੇਰਨਾ ਕਰਦੇ ਹਨ ਕਿ ਫ਼ੁਲਾਂ ਨੂੰ ਤੋੜ ਕੇ ਇਨ੍ਹਾਂ ਤੇ ਕਬਜ਼ਾ ਜਮਾਉਣ, ਬੂਟਿਆਂ ਦੀਆਂ ਡਾਲੀਆਂ ਨੂੰ ਕਸ਼ਟ ਪਹੁੰਚਾਉਣ ਅਤੇ ਕੁਦਰਤੀ ਸੁੰਦਰਤਾ ਨੂੰ ਨਸ਼ਟ ਕਰਨ ਦੀ ਬਜਾਏ ਇਨ੍ਹਾਂ ਦੇ ਗੁਣਾਂ ਨੂੰ ਤਨੋਂ ਮਨੋਂ ਗ੍ਰਹਿਣ ਕਰਨਾ ਚਾਹੀਦਾ ਹੈ-

**ਕਾਇਆ ਕੂਮਲ ਫੁਲ ਗੁਣ ਨਾਨਕ ਗੁਪਸਿ ਮਾਲ॥**
**ਏਨੀ ਫੁਲੀ ਰਉ ਕਰੇ ਅਵਰ ਕਿ ਚੁਣੀਅਹਿ ਡਾਲ॥** (ਪੰਨਾ 791)

ਪ੍ਰੰਤੂ ਅਸੀਂ ਪਰਉਪਕਾਰ ਰਹਿਤ ਜੀਵਨ ਜਿਉਂਣ ਵਾਲੇ, ਕਰੋਧ ਅਤੇ ਈਰਖਾ ਦੀ ਅੱਗ ਵਿਚ ਸੁੱਕੇ ਸੜੇ, ਸੁਗੰਧੀ ਰਹਿਤ ਸਖਸ਼ੀਅਤਾਂ ਦੇ ਮਾਲਕ ਅਤੇ ਆਪਣੇ ਅੰਸ਼ਕ ਗਿਆਨ ਨੂੰ ਸਿਰਫ਼ ਨਿੱਜੀ ਗਰਜ਼ਾਂ ਲਈ ਵਰਤਣ ਵਾਲੇ ਤਾਂ ਆਪਣੀਆਂ ਨਿੱਕੀਆਂ ਪ੍ਰਾਪਤੀਆਂ ਤੇ ਅਭਿਮਾਨ ਕਰਦੇ ਨਹੀਂ ਥੱਕਦੇ। ਆਪਣੀ ਵਡਿਆਈ ਕਰਨ ਦਾ ਕੋਈ ਮੌਕਾ ਨਹੀਂ ਖੁੰਝਾਉਂਦੇ। ਦੂਸਰੇ ਪਾਸੇ ਗੁਰੂ ਨਾਨਕ ਦੇਵ ਜੀ ਕਰਮਯੋਗੀ ਰੁੱਖਾਂ ਦੀ ਸਥਿਤੀ ਦਾ ਵਰਨਣ ਕਰਦਿਆਂ ਸਾਨੂੰ ਸਮਝਾਉਂਦੇ ਹਨ-

**ਕਰਮ ਪੇਡੁ ਸਾਖਾ ਹਰੀ ਧਰਮੁ ਫਲੁ ਫੁਲੁ ਗਿਆਨ॥**
**ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨ॥** (ਪੰਨਾ 1168)

ਅਸੀਂ ਆਪਣੇ ਆਲੇ ਦੁਆਲੇ ਕਿੰਨਾ ਵੀ ਪਰਦੂਸ਼ਨ ਫ਼ੈਲਾਈਏ, ਜ਼ਹਿਰ ਘੋਲੀਏ, ਹਵਾ ਪਾਣੀ ਨੂੰ ਅਪਵਿਤਰ ਕਰੀਏ ਪਰੰਤੂ ਬਿਰਖ ਨਿਰਾਸ਼ ਨਹੀਂ ਹੁੰਦੇ। ਹਵਾ ਵਿਚਲੇ ਧੂੜ ਅਤੇ ਧੂੰਏਂ ਦੇ ਕਣਾਂ ਨੂੰ ਆਪਣੇ ਪੱਤਿਆਂ ਉੱਤੇ ਸਾਂਭੀ ਰੱਖਦੇ ਹਨ। ਜ਼ਹਿਰੀਲੇ ਵਾਤਾਵਰਣ ਦੇ ਬਾਵਜੂਦ ਨਿਰੰਤਰ ਜੀਵਨ ਦਾਨ ਦੇ ਸੋਮੇ ਬਣੇ ਰਹਿੰਦੇ ਹਨ। ਜਿਸ ਤਰ੍ਹਾਂ ਗੁਰੂ ਅਰਜਨ ਦੇਵ ਆਖਦੇ ਹਨ-

**ਆਸਿ ਪਾਸਿ ਬਿਖੂਆ ਕੇ ਕੁੰਟਾ ਬੀਚਿ ਅੰਮ੍ਰਿਤੁ ਹੈ ਭਾਈ ਰੇ॥** (ਪੰਨਾ 385)

ਸਾਡੇ ਪਰਿਵਾਰਕ ਅਤੇ ਸਮਾਜਿਕ ਰਿਸ਼ਤਿਆਂ ਦੇ ਆਧਾਰ ਦਾ ਜ਼ਰੂਰੀ ਅੰਸ਼ ਸੁਆਰਥ ਹੈ। ਪਰ ਗੁਰੂ ਕਦੇ ਸੁਆਰਥੀ ਨਹੀਂ ਹੁੰਦਾ। ਜੋ ਸੁਆਰਥੀ ਹੋਵੇ ਉਹ ਗੁਰੂ ਹੋ ਹੀ ਨਹੀਂ ਸਕਦਾ। ਗੁਰੂ ਸਿਰਫ਼ ਦੇਣਾ ਜਾਣਦਾ ਹੈ। ਗੁਰੂ ਅੰਗਦ ਦੇਵ ਜੀ ਸੱਚੇ ਗੁਰੂ ਦੀ ਵਡਿਆਈ ਅਤੇ ਗੁਣਾਂ ਦਾ ਵਰਨਣ ਰੁੱਖ ਦੀ ਉਦਾਹਰਣ ਨਾਲ ਕਰਦੇ ਹਨ। ਗੁਰੂ ਅਤੇ ਰੁੱਖ ਅੰਮ੍ਰਿਤ ਦੇ ਦਾਤੇ ਹਨ, ਸ਼ੁਭ ਗੁਣਾਂ ਦੇ ਧਾਰਨੀ ਹੋਣ ਦਾ ਅਮਲੀ ਸੰਦੇਸ਼ ਦੇਣ ਵਾਲੇ ਹਨ ਅਤੇ ਮਹਾਨਤਾ ਦੀ ਸਿਖਰ ਹਨ-

**ਸਤਿਗੁਰੁ ਅੰਮ੍ਰਿਤ ਬਿਰਖੁ ਹੈ ਅੰਮ੍ਰਿਤ ਰਸਿ ਫਲਿਆ॥** (ਪੰਨਾ 1245)

*Original with;*
Jaswant Singh Zafar
*Digitized by;*
Panjab Digital Library

ਰੁੱਖਾਂ ਦੇ ਦ੍ਰਿਸ਼ ਵੀ ਗੁਰੂ ਦੇ ਦਰਸ਼ਨਾਂ ਵਾਂਗ ਦਿਲ ਨੂੰ ਠੰਡਕ ਪਹੁੰਚਾਉਂਦੇ ਹਨ। ਰੁੱਖਾਂ ਨੂੰ ਪਾਲਣਾ ਸੰਭਾਲਣਾ ਸਤਿਗੁਰੂ ਦੀ ਸੇਵਾ ਸਮਾਨ ਕਾਰਜ ਹਨ। ਧਰਤੀ 'ਤੇ ਰੁੱਖ ਬੂਟੇ ਲਾਉਣਾ ਅਤੇ ਲਗਵਾਉਣਾਂ ਪੂਰੇ ਗੁਰੂ ਦੀ ਚਰਨ ਛੋਹ ਪ੍ਰਾਪਤ ਕਰਨ ਵਾਂਗ ਹਨ। ਗੁਰੂ ਅਮਰਦਾਸ ਜੀ ਦਾ ਪਵਿਤਰ ਵਾਕ ਹੈ-

**ਫਲ ਫੂਲ ਲਾਗੇ ਜਾਂ ਆਪੇ ਲਾਏ॥**
**ਮੂਲਿ ਲਗੇ ਤਾਂ ਸਤਿਗੁਰੁ ਪਾਇ॥** (ਪੰਨਾ 1177)

ਸਾਡੇ ਸਮਿਆਂ ਵਿਚ ਆਮ ਆਦਮੀ ਕ੍ਰੋਧ, ਲਾਲਚ ਅਤੇ ਹੰਕਾਰ ਦੀ ਅੱਗ ਵਿਚ ਸੜ ਰਿਹਾ ਹੈ। ਆਪਣੀ ਅਗਿਆਨਤਾ, ਅਣਗਹਿਲੀ ਅਤੇ ਸੌੜੇ ਸੁਆਰਥ ਕਾਰਨ ਕੁਦਰਤੀ ਵਾਤਾਵਰਣ ਨੂੰ ਵੀ ਨਸ਼ਟ ਕਰ ਰਿਹਾ ਹੈ। ਅਜਿਹੇ ਮਾਹੌਲ ਤੋਂ ਅਭਿੱਜ ਕੁਝ ਕੁ ਪਰਉਪਕਾਰੀ ਮਨੁੱਖ ਲੋਕਾਈ ਦੀ ਭਲਾਈ ਲਈ ਜੁਟੇ ਹੋਏ ਹਨ। ਹੋਰ ਸ਼ੁਭ ਕਾਰਜਾਂ ਦੇ ਨਾਲ ਨਾਲ ਉਹ ਰੁੱਖ ਲਗਾਉਣ ਅਤੇ ਸੰਭਾਲਣ ਦਾ ਉਦਮ ਵੀ ਕਰ ਰਹੇ ਹਨ। ਉਹ ਸਮਝਦੇ ਹਨ ਕਿ ਮਨੁੱਖਾਂ ਦੀ ਕੁਦਰਤ ਵਿਰੋਧੀ ਸਾਰੀ ਸਰਗਰਮੀ ਦੇ ਟਾਕਰੇ ਲਈ ਘੱਟੋ-ਘੱਟ ਹਰੇ ਭਰੇ ਰੁੱਖਾਂ ਦੀ ਮੌਜੂਦਗੀ ਅਤਿ ਜ਼ਰੂਰੀ ਹੈ। ਅਜਿਹੀ ਸਥਿਤੀ ਵਿਚ ਗੁਰੂ ਅਰਜਨ ਸਾਹਿਬ ਦੇ ਬਚਨ ਦਾ ਧਿਆਨ ਆਉਂਦਾ ਹੈ-

**ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ॥** (ਪੰਨਾ 384)

ਰੁੱਖਾਂ ਦੀ ਹਰਿਆਲੀ ਪ੍ਰਮਾਣਿਕ ਜੀਵਨ ਦੀ ਆਸ ਦੀ ਪ੍ਰਤੀਕ ਹੈ। ਸੁਗੰਧੀਆਂ ਦੀ ਅਤੇ ਛਾਂਵਾਂ ਠੰਡੀਆਂ ਦੀ ਬੜੀ ਲੋੜ ਥੋੜ ਹੈ। ਜੇਕਰ ਅਸੀਂ ਰੁੱਖ ਲਗਾਉਣ, ਬਚਾਉਣ ਅਤੇ ਸੰਭਾਲਣ ਦਾ ਉਦਮ ਕਰੀਏ ਤਾਂ ਚੰਗੇਰਾ ਵਾਤਾਵਰਣ ਸਿਰਜਣ ਵਿਚ ਸਾਡਾ ਹਿੱਸਾ ਪਏਗਾ ਅਤੇ ਰੁੱਖਾਂ ਵਾਲੇ ਮਹਾਨ ਗੁਣਾਂ ਦੇ ਅੰਸ਼ ਵੀ ਸਹਿ ਸੁਭਾਅ ਸਾਡੀ ਸਖ਼ਸ਼ੀਅਤ ਦਾ ਅੰਗ ਬਣਦੇ ਜਾਣਗੇ। ਦੂਹਰਾ ਲਾਹਾ ਲੈਣ ਲਈ ਗੁਰੂ ਅਮਰਦਾਸ ਦੇ ਵਾਕ ਤੋਂ ਰੋਸ਼ਨੀ ਲਈਏ-

**ਛਾਵ ਘਣੀ ਫੂਲੀ ਬਨਰਾਇ॥**
**ਗੁਰਮੁਖਿ ਬਿਗਸੈ ਸਹਜਿ ਸੁਭਾਇ॥** (ਪੰਨਾ 1173)

ਸਾਡੇ ਅਜਿਹੇ ਯਤਨਾਂ ਨੂੰ ਦੇਖ ਤੇ ਹੋਰ ਲੋਕ ਵੀ ਪ੍ਰੇਰਤ ਹੋਣਗੇ। ਭਲਾ ਕੰਮ ਹੁੰਦਾ ਦੇਖ ਕੇ ਹੋਰ ਭਲੇ ਲੋਕਾਂ ਦੇ ਮਨਾਂ ਵਿਚ ਉਸ ਕੰਮ ਪ੍ਰਤੀ ਚਾਅ ਪੈਦਾ ਹੋਣਾ ਸੁਭਾਵਕ ਹੈ। ਗੁਰੂ ਅਰਜਨ ਸਾਹਿਬ ਦਾ ਕਥਨ ਹੈ-

**ਦੇਖੁ ਫੂਲ ਫੂਲ ਫੂਲੇ॥** (ਪੰਨਾ 1185)

ਇਸ ਤਰ੍ਹਾਂ ਸਾਡੇ ਨਿੱਕੇ ਨਿੱਕੇ ਯਤਨ ਮਿਲ ਕੇ ਵੱਡੀ ਸਰਗਰਮੀ ਬਣਨਗੇ। ਅਜਿਹੀਆਂ ਸਰਗਰਮੀਆਂ ਨੂੰ ਧਰਤੀ ਨੂੰ ਹਰੀ ਭਰੀ ਕਰਨ ਲਈ ਇਕ ਵਿਆਪਕ ਮੁਹਿੰਮ ਵਿਚ ਤਬਦੀਲ ਕਰ ਸਕਦੇ ਹਾਂ। ਪੂਰੀ ਧਰਤੀ ਨੂੰ ਹਰਿਆਵਲ, ਫ਼ੁਲਾਂ, ਰੰਗਾਂ ਸੁਗੰਧਾਂ ਭਰੇ

*Original with;*
Jaswant Singh Zafar
*Digitized by;*
Panjab Digital Library

ਇਕ ਬਗੀਚੇ ਵਿਚ ਰੁਪਾਂਤ੍ਰਿਤ ਕਰ ਸਕਦੇ ਹਾਂ। ਅਜਿਹੇ ਸੁਹਾਵਨੇ ਸੁਪਨੇ ਦੀ ਪੂਰਤੀ ਦੀ ਸੰਭਾਵਨਾ ਦਾ ਗੁਰੂ ਅਰਜਨ ਸਾਹਿਬ ਵੀ ਵਿਸ਼ਵਾਸ ਦਿਵਾਉਂਦੇ ਹਨ-

**ਏਕੁ ਬਗੀਚਾ ਪੇਡ ਘਨ ਕਰਿਆ॥**
**ਅੰਮ੍ਰਿਤ ਨਾਮੁ ਤਹਾ ਮਹਿ ਫਲਿਆ॥** (ਪੰਨਾ 385)

ਕਿਉਂਕਿ ਅਸੀਂ ਇਸ ਕਾਰਜ ਲਈ ਉਦਮ ਕਰਾਂਗੇ ਤਾਂ ਇਸ ਦੀ ਪੂਰਤੀ ਲਈ ਗੁਰੂ ਅਤੇ ਸਿਰਜਣਹਾਰ ਪ੍ਰਭੂ ਨੇ ਆਪ ਸਹਾਈ ਹੋਣਾ ਹੈ ਅਤੇ ਸਾਡੇ ਨਿੱਕੇ ਤੋਂ ਨਿੱਕੇ ਯੋਗਦਾਨ ਨੂੰ ਬੇਅਰਥ ਨਹੀਂ ਜਾਣ ਦੇਣਾ-

**ਸਗਲ ਬਨਸਪਤਿ ਆਣਿ ਜੜਾਈ॥**
**ਸਗਲੀ ਫੂਲੀ ਨਿਫਲ ਨ ਕਾਈ॥** (ਪੰਨਾ 385)

ਇਸ ਲਈ ਆਉ, ਧਰਤੀ ਨੂੰ ਸੁਹਾਵਨੀ ਬਣਾਉਣ ਲਈ ਜੁਟ ਜਾਈਏ। ਇਸ ਨੂੰ ਰੁੱਖਾਂ ਵੇਲਾਂ ਬੂਟਿਆਂ ਫ਼ੁਲਾਂ ਨਾਲ ਸਜਾ ਦੇਈਏ। ਇਸ ਕਾਰਜ ਲਈ ਸਾਲ ਵਿਚ ਦੋ ਵਾਰ ਢੁੱਕਵਾਂ ਮੌਸਮ ਹੁੰਦਾ ਹੈ। ਦੋਨੋਂ ਵਾਰ ਪੂਰਾ ਲਾਹਾ ਲਈਏ। ਆਪਣੇ ਹੋਰ ਸਾਥੀਆਂ ਨੂੰ ਪ੍ਰੇਰਤ ਕਰੀਏ। ਪੂਰੀ ਬਨਸਪਤੀ ਅੰਦਰ ਵਸੇ ਹੋਏ ਸਰਬ ਵਿਆਪਕ ਪ੍ਰਮੇਸ਼ਰ ਤੋਂ ਬਲਿਹਾਰ ਜਾਈਏ ਅਤੇ ਉਸ ਨੂੰ ਪ੍ਰਾਰਥਨਾ ਕਰੀਏ ਕਿ ਹੋਰ ਵਧੇਰੇ ਮਨੁੱਖਾਂ ਨੂੰ ਸੇਵਾ ਦੇ ਇਸ ਸੰਗਤੀ ਕਾਰਜ ਨਾਲ ਜੁੜਨ ਦਾ ਉਦਮ ਬਖਸ਼ਣ-

**ਆਪੇ ਭਵਰਾ ਫੂਲ ਬੇਲਿ॥**
**ਆਪੇ ਸੰਗਤਿ ਮੀਤ ਮੇਲਿ॥** (ਪੰਨਾ 1190)

*Original with;*
Jaswant Singh Zafar
*Digitized by;*
Panjab Digital Library

# ਅਸਲ ਭਗਤ ਸਿੰਘ ਨੂੰ ਤਲਾਸ਼ਦਿਆਂ

ਸ਼ਹੀਦ ਭਗਤ ਸਿੰਘ ਨੇ ਆਜ਼ਾਦੀ ਦੀ ਲੜਾਈ ਦੌਰਾਨ ਇਨਕਲਾਬੀ ਲਹਿਰ ਨੂੰ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਬਾਹਰ ਕੱਢਣ ਦੇ ਨਾਲ ਨਾਲ ਰਾਜ ਪ੍ਰਬੰਧ ਨੂੰ ਕਲਿਆਣਕਾਰੀ ਅਤੇ ਸਮਾਜਵਾਦੀ ਲੀਹਾਂ 'ਤੇ ਉਸਾਰਨ ਦੇ ਉਦੇਸ਼ ਨਾਲ ਵੀ ਸਬੰਧਤ ਕਰ ਦਿੱਤਾ। ਸੰਸਾਰ ਵਿੱਚ ਇਸ ਸਮੇਂ ਸਾਮਰਾਜਵਾਦ ਰਾਜਨੀਤਕ, ਉਦਯੋਗਿਕ, ਵਪਾਰਿਕ, ਸਾਹਿਤਕ, ਸਭਿਆਚਾਰਕ ਅਤੇ ਮਾਨਸਿਕ ਗਲਬੇ ਦੇ ਰੂਪ ਵਿਚ ਬਹੁਤ ਵਿਆਪਕ, ਜਟਿਲ ਅਤੇ ਖ਼ਤਰਨਾਕ ਰੂਪ ਧਾਰ ਰਿਹਾ ਹੈ। ਅਜਿਹੇ ਸਮੇਂ ਸ਼ਹੀਦ ਭਗਤ ਸਿੰਘ ਵਰਗੇ ਕ੍ਰਾਂਤੀਕਾਰੀ ਦੇ ਵਿਚਾਰਾਂ ਨੂੰ ਨਵੀਆਂ ਹਾਲਤਾਂ ਵਿੱਚ ਸਮਝਣਾ ਬਹੁਤ ਮਹੱਤਵਪੂਰਨ ਹੋ ਜਾਂਦਾ ਹੈ। ਪਰ ਉਸ ਦੇ ਕ੍ਰਾਂਤੀਕਾਰੀ ਵਿਚਾਰਾਂ ਦੇ ਸਨਮੁਖ ਉਸ ਦਾ ਸਥਾਪਤ ਬਿੰਬ ਵੱਡੇ ਅੜਿਕੇ ਦੇ ਤੌਰ ਤੇ ਪੇਸ਼ ਹੁੰਦਾ ਹੈ।

ਪਿਛਲੇ ਸਾਲੀਂ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਸ਼ਹੀਦੀ ਦਿਨ ਤੇ ਸਰਕਾਰੀ ਛੁੱਟੀ ਬੰਦ ਹੋਣ ਤੇ ਕਈ ਵਿਦਿਅਕ ਅਦਾਰਿਆਂ ਵਿਚ ਵਿਦਿਆਰਥੀਆਂ ਵਲੋਂ ਹੜਤਾਲ ਕੀਤੀ ਗਈ। ਸੜਕਾਂ ਤੇ ਜਲੂਸ ਕੱਢੇ ਗਏ, ਮੁਜਾਹਰੇ ਕੀਤੇ ਗਏ। ਆਪਣੇ ਸ਼ਹੀਦੀ ਵੇਲੇ ਤੱਕ ਕਿਤਾਬ ਪੜ੍ਹਦੇ ਰਹਿਣ ਵਾਲੇ ਭਗਤ ਸਿੰਘ ਦੇ ਸ਼ਹੀਦੀ ਦਿਨ ਦੀ ਛੁੱਟੀ ਨੂੰ ਲੈ ਕੇ ਹੋ ਰਹੇ ਬਵਾਲ ਦੀਆਂ ਖ਼ਬਰਾਂ ਪੜ੍ਹ ਕੇ ਇਕ ਕਾਰਟੂਨ ਸੁੱਝਦਾ ਸੀ-

**ਸ਼ਹੀਦ-ਏ-ਆਜ਼ਮ ਦੇ ਸ਼ਹੀਦੀ ਦਿਨ ਦੀ**
**ਛੁੱਟੀ ਨਾ ਹੋਵੇ**
**ਇਹ ਗੱਲ ਨਹੀਂ ਜਰਾਂਗੇ**
**ਰੋਸ ਹੜਤਾਲ ਕਰਾਂਗੇ**
**ਕਲਾਸਾਂ ਦਾ ਬਾਈਕਾਟ ਕਰਕੇ**
**ਨਾ ਪੜ੍ਹਨ ਪੜ੍ਹਾਉਣ ਦਿਆਂਗੇ**
**ਤੇ ਨਾ ਪੜ੍ਹਾਂਗੇ**
**ਸ਼ਹੀਦ ਦੇ ਸ਼ਹੀਦੀ ਦਿਨ ਤੇ**
**ਜੋ ਆਖਰੀ ਸਮੇਂ ਤੱਕ**
**ਪੜ੍ਹਦਾ ਰਿਹਾ ਸੀ**

2006-07 ਸ਼ਹੀਦ ਭਗਤ ਸਿੰਘ ਦੇ ਜਨਮ ਦਾ ਸ਼ਤਾਬਦੀ ਵਰ੍ਹਾ ਸੀ। ਇਨ੍ਹੀਂ ਦਿਨੀਂ ਲੁਧਿਆਣਾ ਦੇ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਵਿਚ ਚੱਲ ਰਹੇ ਪ੍ਰੋਗਰਾਮ ਦੌਰਾਨ ਜਦ ਪੁੱਛਿਆ ਗਿਆ ਕਿ ਕਿਸ ਨੂੰ ਭਗਤ ਸਿੰਘ ਬਹੁਤ ਪ੍ਰੇਰਤ ਕਰਦਾ ਜਾਂ ਚੰਗਾ ਲੱਗਦਾ ਹੈ ਤਾਂ ਭਰੇ ਹਾਲ ਵਿਚ ਸਭ ਦੀਆਂ ਬਾਹਵਾਂ ਖੜ੍ਹੀਆਂ ਸਨ। ਜਦ

*Original with;*
Jaswant Singh Zafar
*Digitized by;*
Panjab Digital Library

ਪੁੱਛਿਆ ਗਿਆ ਕਿ ਕੌਣ ਭਗਤ ਸਿੰਘ ਬਣਨਾ ਚਾਹੁੰਦਾ ਹੈ ਤਾਂ ਸਿਰਫ਼ ਦੋ ਜਾਂ ਤਿੰਨ ਹੱਥ ਖੜ੍ਹੇ ਸਨ।

ਭਗਤ ਸਿੰਘ ਦਾ ਨਾਇਕਤਵ ਤਾਂ ਸਭ ਨੂੰ ਚੰਗਾ ਲੱਗਦਾ ਹੈ ਪਰ ਕੋਈ ਵੀ ਇਹ ਨਹੀਂ ਚਾਹੁੰਦਾ ਕਿ ਭਗਤ ਸਿੰਘ ਵਰਗਾ ਬਣਿਆ ਜਾਏ ਜਾਂ ਆਪਣੇ ਕਿਸੇ ਧੀ-ਪੁੱਤ ਨੂੰ ਉਸ ਵਰਗਾ ਬਣਾਇਆ ਜਾਏ। ਉਸ ਦੀ ਲੋਕ ਪ੍ਰਿਅਤਾ ਦਾ ਕੋਈ ਪਾਰਾਵਾਰ ਨਹੀਂ। ਸਿੱਖ ਉਸ ਨੂੰ ਸਿੱਖ ਹੋਣ ਕਰਕੇ ਵਧੇਰੇ ਪਸੰਦ ਕਰਦੇ ਹੋ ਸਕਦੇ ਹਨ। ਜੱਟਾਂ ਨੂੰ ਉਸ ਦਾ ਜੱਟ ਪਰਿਵਾਰ ਨਾਲ ਸਬੰਧਤ ਹੋਣਾ ਗੌਰਵ ਪਰਦਾਨ ਕਰਦਾ ਹੋਏਗਾ। ਹਿੰਦੂਆਂ ਖਾਸਕਰ ਆਰ. ਐਸ. ਐਸ. ਵਾਲਿਆਂ ਨੂੰ ਉਸਦਾ ਆਰੀਆ ਸਮਾਜ ਵਾਲਾ ਪਿਛੋਕੜ ਆਸਰਾ ਦਿੰਦਾ ਹੋਵੇਗਾ। ਨਕਸਲੀਆਂ ਅਤੇ ਖਾਲਸਤਾਨੀਆਂ ਨੂੰ ਉਸ ਦੇ ਬੰਬਾਂ ਅਤੇ ਗੋਲੀਆਂ ਦੀ ਗੂੰਜ ਪ੍ਰੇਰਤ ਕਰਦੀ ਰਹੀ ਹੋਵੇਗੀ। ਲਾਹੌਰ ਦੇ ਇਲਾਕੇ ਨਾਲ ਉਸ ਦੇ ਜੀਵਨ ਅਤੇ ਸ਼ਹੀਦੀ ਦਾ ਸਬੰਧ ਹੋਣ ਕਰਕੇ ਲਹਿੰਦੇ ਪੰਜਾਬ ਵਿੱਚ ਵੀ ਚੋਖੀ ਮਾਨਤਾ ਹੈ। ਪਰ ਭਗਤ ਸਿੰਘ ਬਾਰੇ ਸਾਂਝਾ ਤੱਥ ਜੋ ਸਭ ਦੇ ਮਨਾਂ ਵਿਚ ਉਸ ਦਾ ਉੱਚਾ ਸਥਾਨ ਸਥਾਪਤ ਕਰਦਾ ਹੈ ਉਹ ਹੈ ਉਸ ਦਾ ਚੜ੍ਹਦੀ ਜਵਾਨੀ ਵਿਚ ਹੱਸ ਹੱਸ ਕੇ ਫਾਂਸੀ ਦਾ ਰੱਸਾ ਚੁੰਮਣਾਂ। ਇਸ ਫਾਂਸੀ ਨੂੰ ਕੋਈ ਭਾਰਤ ਮਾਤਾ ਦੀ ਆਬਰੂ ਨਾਲ ਸਬੰਧਤ ਕਰਦਾ ਹੈ, ਕੋਈ ਆਜ਼ਾਦੀ ਨਾਲ, ਕੋਈ ਗਰੀਬਾਂ ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਨਾਲ, ਕੋਈ ਅਣਖ ਨਾਲ ਤੇ ਕੋਈ ਸਿਰਫ਼ ਮੁੱਛ ਦੇ ਸਵਾਲ ਨਾਲ। ਪਰ ਸਾਰਿਆਂ ਨੇ ਭਗਤ ਸਿੰਘ ਨੂੰ ਸਿਰਫ਼ ਫਾਂਸੀ, ਮੌਤ ਜਾਂ ਸ਼ਹੀਦੀ ਨਾਲ ਜੋੜ ਕੇ ਹੀ ਆਪਣੇ ਮਨਾਂ ਵਿਚ ਪ੍ਰਤੀਬਿੰਬਤ ਕੀਤਾ ਹੋਇਆ ਹੈ। ਕਵੀਆਂ ਨੇ ਉਸ ਨੂੰ ਮੌਤ ਵਿਆਹੁਣ ਵਾਲਾ ਲਾੜਾ ਕਿਹਾ-

**ਆਓ ਨੀ ਭੈਣੋ ਰਲ-ਮਿਲ ਗਾਵੀਏ ਘੋੜੀਆਂ**
**ਜੰਞ ਤਾਂ ਹੋਈ ਏ ਤਈਆਰ ਵੇ ਹਾਂ**
**ਮੌਤ ਕੁੜੀ ਨੂੰ ਪਰਣਾਵਣ ਚੱਲਿਆ**
**ਭਗਤ ਸਿੰਘ ਸਰਦਾਰ ਵੇ ਹਾਂ**

ਕਿਉਂਕਿ ਸਭ ਲਈ ਭਗਤ ਸਿੰਘ ਹੋਣ ਦਾ ਅਰਥ ਭਰ ਜਵਾਨੀ ਵਿੱਚ ਮੌਤ ਨੂੰ ਜੱਫੀਆਂ ਪਾਉਂਣਾ ਹੈ ਅਤੇ ਮੌਤ ਤੋਂ ਅਸੀਂ ਲਗਪਗ ਸਾਰੇ ਹੀ ਡਰਦੇ ਹਾਂ, ਇਸ ਲਈ ਉਸ ਵਰਗਾ ਹੋਣਾ ਸਾਡੀ ਇੱਛਾ ਨਹੀਂ ਹੋ ਸਕਦੀ। ਪਰ ਉਸ ਦੇ ਜੀਵਨ ਦੀਆਂ ਸਰਗਰਮੀਆਂ ਅਤੇ ਲਿਖਤਾਂ ਦਾ ਅਧਿਅਨ ਕਰਨ ਨਾਲ ਭਗਤ ਸਿੰਘ ਦਾ ਹੋਰ ਹੀ ਰੂਪ ਸਾਹਮਣੇ ਆਉਂਦਾ ਹੈ। ਭਗਤ ਸਿੰਘ ਦਾ ਅਜਿਹਾ ਰੂਪ ਕਿ ਜਿਸ ਵਰਗਾ ਹੋਣ ਤੋਂ ਡਰਨ ਨਹੀਂ ਸਗੋਂ ਉਸ ਜਹੇ ਬਣਨ ਦੀ ਲੋੜ ਹੈ। ਭਗਤ ਸਿੰਘ ਮੌਤ ਦਾ ਨਹੀਂ ਸਗੋਂ ਜ਼ਿੰਦਗੀ ਦਾ ਲਾੜਾ ਸੀ। ਜ਼ਿੰਦਗੀ ਦੇ ਗੀਤ ਗਾਉਣ ਵਾਲਾ ਜ਼ਿੰਦਗੀ ਦਾ ਆਸ਼ਕ। ਉਹ ਸ਼ਾਂਤੀ, ਆਜ਼ਾਦੀ, ਖੇੜੇ ਅਤੇ ਖੁਸ਼ਹਾਲੀ ਭਰੀ ਮਾਨਵੀ ਜ਼ਿੰਦਗੀ ਦੇ ਸੁਪਨੇ ਦੀ ਖੁਮਾਰੀ ਨਾਲ ਭਰਿਆ ਪਿਆ ਸੀ। ਉਹ ਘਰੋਂ ਅੰਤਰ ਰਾਸ਼ਟਰੀ, ਕੌਮੀ ਅਤੇ ਸਥਾਨਕ ਪੱਧਰ ਦੀਆਂ ਤੱਤਕਾਲੀਨ ਰਾਜਨੀਤਕ, ਸਮਾਜਕ, ਆਰਥਿਕ ਅਤੇ

*Original with;*
Jaswant Singh Zafar
*Digitized by;*
Panjab Digital Library

ਪ੍ਰਸ਼ਾਸਨਿਕ ਸਥਿਤੀਆਂ ਨੂੰ ਸਮਝਣ ਸਮਝਾਉਣ ਲਈ ਅਤੇ ਲੋਕਾਂ ਨੂੰ ਆਜ਼ਾਦੀ, ਬਰਾਬਰੀ ਅਤੇ ਸਮਾਜਿਕ ਨਿਆਂ ਲਈ ਸੰਘਰਸ਼ ਕਰਨ ਲਈ ਜਾਗਰਿਤ ਕਰਨ ਲਈ ਤੁਰਿਆ ਸੀ, ਨਾ ਕਿ ਮਰਨ ਲਈ। ਨਾ ਸਾਂਡਰਸ ਨੂੰ ਮਾਰਨ ਦਾ ਅਤੇ ਨਾ ਹੀ ਅਸੈਂਬਲੀ ਵਿਚ ਬੰਬ ਸੁੱਟਣ ਦਾ ਮਨੋਰਥ ਸ਼ਹੀਦੀ ਪਦਵੀ ਪ੍ਰਾਪਤ ਕਰਨਾ ਸੀ। ਹਾਂ, ਪ੍ਰਾਪਤ ਹੋ ਰਹੀ ਸ਼ਹੀਦੀ ਦਾ ਜ਼ਰੂਰੀ ਮਨੋਰਥ ਸੀ: ਇਨਕਲਾਬੀ ਚੇਤਨਾ ਨੂੰ ਭਾਰਤ ਦੇ ਹਰ ਕੋਨੇ ਵਿਸ਼ੇਸ਼ਕਰ ਨੌਜਵਾਨਾਂ ਤੱਕ ਪਰਵਾਹਿਤ ਕਰਨਾ। ਜਿਥੇ 23 ਮਾਰਚ ਦੇ ਦਿਨ ਦਾ ਸਬੰਧ ਸ਼ਹੀਦ-ਏ-ਆਜ਼ਮ ਦੀ ਸ਼ਹੀਦੀ ਨਾਲ ਹੈ ਉਥੇ ਸਾਲ ਦੇ ਬਾਕੀ 364 ਦਿਨਾਂ ਦਾ ਸਬੰਧ ਉੱਚ ਆਦਰਸ਼ ਨੂੰ ਸਮਰਪਿਤ ਉਸ ਦੀਆਂ ਸਾਰੀਆਂ ਜੀਵਨ ਸਰਗਰਮੀਆਂ ਨਾਲ ਹੈ। ਜੇ ਸਾਲ ਦੇ 364 ਦਿਨ ਅਸੀਂ ਉਸ ਦੇ ਜੀਵਨ ਸੰਗਰਾਮ ਅਤੇ ਜੀਵਨ ਮਨੋਰਥ ਦਾ ਧਿਆਨ ਨਹੀਂ ਧਰਦੇ ਤਾਂ ਇਕ ਦਿਨ ਉਸ ਦੀ ਸ਼ਹੀਦੀ ਨੂੰ ਯਾਦ ਕਰਨ ਦੇ ਪਾਖੰਡ ਦਾ ਕੋਈ ਲਾਭ ਨਹੀਂ।

ਜਿਸ ਮੌਤ ਕਰਕੇ ਉਹ ਸਾਡੇ ਚੇਤਿਆਂ ਵਿਚ ਹੈ ਉਸ ਮੌਤ ਦਾ ਫੈਸਲਾ ਤਾਂ ਬਰਤਾਨਵੀ ਸਾਮਰਾਜ ਦੀ ਨੌਕਰਸ਼ਾਹੀ ਨੇ ਕੀਤਾ ਸੀ। ਜੇ ਇਸ ਫੈਸਲੇ ਨੂੰ ਨੌਕਰਸ਼ਾਹੀ ਮੌਕੇ ਤੇ ਰੱਦ ਕਰ ਦਿੰਦੀ ਤਾਂ ਸ਼ਾਇਦ ਸਾਨੂੰ ਅੱਜ ਭਗਤ ਸਿੰਘ ਦਾ ਨਾਂ ਵੀ ਪਤਾ ਨਾ ਹੁੰਦਾ। ਕਾਰਨ ਇਹ ਹੈ ਕਿ ਜਿਸ ਭਗਤ ਸਿੰਘ ਨੂੰ ਭਗਤ ਸਿੰਘ ਨੇ ਸਿਰਜਿਆ ਸੀ ਉਸ ਨਾਲ ਸਾਡਾ ਬਹੁਤਾ ਵਾਸਤਾ ਨਹੀਂ ਹੈ। ਅਸੀਂ ਬੁੱਤ ਸਿਰਜਨਾ ਅਤੇ ਬੁੱਤ ਪੂਜਾ ਨਾਲ ਹੀ ਆਪਣੀ ਗੁਜ਼ਰ ਬਸਰ ਕਰਨੀ ਚਾਹੁੰਦੇ ਹਾਂ। ਪੜ੍ਹਨਾ, ਗੁੜਨਾ, ਜਾਨਣਾ, ਸਮਝਣਾ ਪੰਜਾਬੀਆਂ ਲਈ ਬਹੁਤ ਔਖੇ ਕੰਮ ਹਨ। ਸਾਡੇ ਅਜਿਹੇ ਰਵੱਈਏ ਬਾਰੇ ਭਗਤ ਸਿੰਘ ਨੇ 16-17 ਸਾਲ ਦੀ ਉਮਰ ਵਿੱਚ ਲਿਖੇ ਇਕ ਲੇਖ ਵਿਚ ਵਰਨਣ ਕੀਤਾ ਸੀ -

> **"ਲਗਪਗ ਇਕੋ ਹੀ ਸਮੇਂ ਤੇ ਬੰਗਾਲ ਵਿਚ ਸਵਾਮੀ ਵਿਵੇਕਾਨੰਦ ਅਤੇ ਪੰਜਾਬ ਵਿਚ ਸਵਾਮੀ ਰਾਮਤੀਰਥ ਪੈਦਾ ਹੋਏ। ਦੋਨੋਂ ਹੀ ਇਕੋ ਦਰਜੇ ਦੇ ਮਹਾਂਪੁਰਸ਼ ਸਨ। ਦੋਨਾਂ ਨੇ ਵਿਦੇਸ਼ਾਂ ਵਿਚ ਭਾਰਤੀ ਤੱਤਵ ਗਿਆਨ ਦੀ ਧਾਂਕ ਜਮਾ ਕੇ ਖ਼ੁਦ ਜਗਤ ਪ੍ਰਸਿੱਧੀ ਪ੍ਰਾਪਤ ਕੀਤੀ। ਪਰ ਸਵਾਮੀ ਵਿਵੇਕਾਨੰਦ ਦਾ ਮਿਸ਼ਨ ਬੰਗਾਲ ਵਿਚ ਇੱਕ ਪੱਕੀ ਸੰਸਥਾ ਬਣ ਗਿਆ। ਪਰ ਪੰਜਾਬ ਵਿਚ ਸਵਾਮੀ ਰਾਮਤੀਰਥ ਦੀ ਯਾਦਗਾਰ ਤੱਕ ਨਹੀਂ ਦਿਸਦੀ। ......ਉਹ (ਸਵਾਮੀ ਰਾਮਤੀਰਥ) ਕਈ ਵਾਰ ਅਮਰੀਕਾ ਵਿੱਚ ਅਸਤ ਹੁੰਦੇ ਸੂਰਜ ਨੂੰ ਦੇਖ ਕੇ ਅਂਸੂ ਵਗਾਉਂਦੇ ਹੋਏ ਕਹਿ ਉੱਠਦੇ ਸਨ "ਤੂੰ ਹੁਣ ਮੇਰੇ ਪਿਆਰੇ ਭਾਰਤ ਵਿਚ ਚੜ੍ਹਨ ਜਾ ਰਿਹਾ ਹੈਂ, ਮੇਰੇ ਇਨ੍ਹਾਂ ਅਂਸੂਆਂ ਨੂੰ ਭਾਰਤ ਦੇ ਸੁੰਦਰ ਹਰੇ ਖੇਤਾਂ ਵਿਚ ਉਸ ਦੀਆਂ ਬੂੰਦਾਂ ਦੇ ਰੂਪ ਵਿਚ ਰੱਖ ਦੇਣਾ।" ਏਨਾ ਮਹਾਨ ਦੇਸ਼ ਅਤੇ ਈਸ਼ਵਰ ਭਗਤ ਸਾਡੇ ਸੂਬੇ ਵਿਚ ਪੈਦਾ ਹੋਇਆ ਹੋਵੇ, ਪਰ ਉਸ ਦੀ ਯਾਦਗਾਰ ਤੱਕ ਨਾ ਦਿਸੇ, ਇਸ ਦਾ ਕਾਰਨ ਸਾਹਿਤਕ ਪਿਛੜਿਆਪਨ ਤੋਂ ਇਲਾਵਾ ਹੋਰ ਕੀ ਹੋ ਸਕਦਾ ਹੈ? ਇਹ ਗੱਲ**

*Original with;*
Jaswant Singh Zafar
*Digitized by;*
Panjab Digital Library

**ਅਸੀਂ ਪੈਰ ਪੈਰ ਤੇ ਅਨੁਭਵ ਕਰਦੇ ਹਾਂ। ਬੰਗਾਲ ਦੇ ਮਹਾਂ ਪੁਰਸ਼ ਸ੍ਰੀ ਰਵਿੰਦਰਨਾਥ ਠਾਕੁਰ ਅਤੇ ਸ੍ਰੀ ਕੇਸ਼ਵ ਚੰਦਰ ਸੇਨ ਦੀ ਟੱਕਰ ਦੇ ਪੰਜਾਬ ਵਿੱਚ ਕਈ ਮਹਾਂ ਪੁਰਸ਼ ਹੋਏ ਹਨ, ਪਰ ਉਨ੍ਹਾਂ ਦੀ ਉਹ ਕਦਰ ਨਹੀਂ ਅਤੇ ਮਰਨ ਦੇ ਬਾਅਦ ਉਹ ਜਲਦੀ ਹੀ ਭੁਲਾ ਦਿੱਤੇ ਗਏ, ਜਿਵੇਂ ਗੁਰੂ ਗਿਆਨ ਸਿੰਘ ਜੀ ਇਤਿਆਦਿ। ਇਸ ਸਾਰੇ ਦੀ ਤਹਿ ਵਿਚ ਅਸੀਂ ਦੇਖਦੇ ਹਾਂ ਕਿ ਇਕ ਹੀ ਮੁੱਖ ਕਾਰਨ ਹੈ ਅਤੇ ਉਹ ਹੈ ਸਾਹਿਤਕ ਰੁਚੀ ਤੇ ਜਾਗ੍ਰਿਤੀ ਦੀ ਪੂਰੀ ਤਰ੍ਹਾਂ ਘਾਟ।"**

ਭਗਤ ਸਿੰਘ ਪੜ੍ਹਾਈ ਤੋਂ ਭਗੌੜਾ ਹੋ ਕੇ ਬਣਿਆ ਇਨਕਲਾਬੀ ਨਹੀਂ ਸੀ। 1921 ਦੀ ਨਾ ਮਿਲਵਰਤਣ ਲਹਿਰ ਦੌਰਾਨ ਵਿਦਿਆਰਥੀਆਂ ਨੂੰ ਕਿਹਾ ਗਿਆ ਸੀ ਕਿ ਉਹ ਅੰਗਰੇਜ਼ਾਂ ਦੀ ਨੌਕਰੀ ਵਾਲੀ ਵਿੱਦਿਆ ਨੂੰ ਤਿਆਗਦੇ ਹੋਏ ਸਕੂਲ ਛੱਡ ਦੇਣ। ਦਸਵੀਂ ਵਿਚ ਪੜ੍ਹਦੇ ਭਗਤ ਸਿੰਘ ਨੇ ਸਕੂਲ ਛੱਡ ਦਿੱਤਾ। 1922 ਵਿਚ ਦੇਸ਼ ਭਗਤਾਂ ਨੇ ਲਾਹੌਰ ਨੈਸ਼ਨਲ ਕਾਲਜ ਖੋਲ੍ਹ ਕੇ ਨੌਜਵਾਨਾਂ ਲਈ ਦੇਸੀ ਤਰਜ਼ ਦੀ ਦੇਸ਼ ਭਗਤੀ ਦੀ ਵਿੱਦਿਆ ਦੇਣ ਦਾ ਪ੍ਰਬੰਧ ਕੀਤਾ। ਪਰ ਭਗਤ ਸਿੰਘ ਨੇ ਅਜੇ ਦਸਵੀਂ ਪਾਸ ਨਹੀਂ ਸੀ ਕੀਤੀ। ਉਸ ਨੇ ਬਹੁਤ ਮਿਹਨਤ ਕਰਕੇ ਵਿਸ਼ੇਸ਼ ਟੈਸਟ ਪਾਸ ਕਰਕੇ ਕਾਲਜ ਵਿਚ ਦਾਖਲਾ ਲਿਆ। ਇਥੇ ਉਹ ਰਾਜਨੀਤੀ, ਸਾਹਿਤ, ਭਾਸ਼ਾ, ਧਰਮ, ਇਤਿਹਾਸ, ਦਰਸ਼ਨ, ਸਮਾਜ ਸ਼ਾਸਤਰ ਆਦਿ ਵਿਸ਼ਿਆਂ ਦਾ ਨਾ ਕੇਵਲ ਵਿਦਿਆਰਥੀ ਬਣਿਆ ਸਗੋਂ ਖੋਜਾਰਥੀ ਹੋ ਨਿਬੜਿਆ। ਉਸ ਸਮੇਂ ਪੰਜਾਬ ਵਿਚ ਮਜ਼ਹਬਾਂ ਦੀ ਆੜ ਵਿਚ ਭਾਸ਼ਾ ਦੇ ਨਾਂ ਤੇ ਵੱਡਾ ਬਖੇੜਾ ਅਤੇ ਬਹਿਸ ਚੱਲ ਰਹੀ ਸੀ। 16-17 ਸਾਲਾ ਭਗਤ ਸਿੰਘ ਨੇ ਆਪਣੇ ਲੰਮੇ ਲੇਖ, ਜਿਸ ਦਾ ਅਸੀਂ ਉਪਰ ਵੀ ਜ਼ਿਕਰ ਕੀਤਾ ਹੈ, ਰਾਹੀਂ ਭਾਸ਼ਾ ਦੇ ਮਹੱਤਵ ਨੂੰ ਲੈ ਕੇ ਪੰਜਾਬ ਦੀ ਭਾਸ਼ਾ ਅਤੇ ਲਿੱਪੀ ਸਬੰਧੀ ਵਿਚਾਰ ਪ੍ਰਗਟ ਕੀਤੇ। ਉਹ ਪੰਜਾਬ ਵਿਚ ਪੰਜਾਬੀ ਭਾਸ਼ਾ ਦੇ ਮਹੱਤਵ ਦੀ ਗੱਲ ਕਰਦਿਆਂ ਲਿਖਦਾ ਹੈ-

**"ਸੰਸਕ੍ਰਿਤ ਦਾ ਸਾਰਾ ਸਾਹਿਤ ਹਿੰਦੂ ਸਮਾਜ ਨੂੰ ਮੁੜ ਸੁਰਜੀਤ ਨਾ ਕਰ ਸਕਿਆ। ਇਸ ਲਈ ਮੌਕੇ ਮੁਤਾਬਿਕ ਭਾਸ਼ਾ ਵਿਚ ਨਵੇਂ ਸਾਹਿਤ ਦੀ ਸਿਰਜਨਾ ਕੀਤੀ ਗਈ। ਉਸ ਮੌਕੇ ਮੁਤਾਬਕ ਭਾਵ ਦੇ ਸਾਹਿਤ ਨੇ ਆਪਣਾ ਜੋ ਪ੍ਰਭਾਵ ਦਿਖਾਇਆ ਉਹੀ ਅਸੀਂ ਅੱਜ ਤੱਕ ਅਨੁਭਵ ਕਰਦੇ ਹਾਂ। ..... ਔਖੀ ਸੰਸਕ੍ਰਿਤ ਦੇ ਮੰਤਰ ਅਤੇ ਪੁਰਾਣੀ ਅਰਬੀ ਦੀਆਂ ਆਇਤਾਂ ਏਨੀਆਂ ਅਸਰਦਾਰ ਨਹੀਂ ਹੋ ਸਕਦੀਆਂ ਜਿੰਨੀਆਂ ਕਿ ਆਪਣੀ ਭਾਸ਼ਾ ਦੀਆਂ ਸਧਾਰਨ ਗੱਲਾਂ।"**

ਉਹ ਦੂਸਰੀਆਂ ਭਾਰਤੀ ਭਾਸ਼ਾਵਾਂ ਦੀ ਸਥਿਤੀ ਦਾ ਵਰਨਣ ਕਰਦਾ ਹੋਇਆ ਪੰਜਾਬੀ ਦੀ ਤੱਤਕਾਲੀਨ ਸਥਿਤੀ ਦਾ ਵਿਸ਼ਲੇਸ਼ਣ ਕਰਦਾ ਹੈ-

**"ਦੂਜੇ ਸੂਬਿਆਂ ਵਿਚ ਅਸੀਂ ਦੇਖਦੇ ਹਾਂ ਕਿ ਮੁਸਲਮਾਨਾਂ ਨੇ ਸੂਬਾਈ ਭਾਸ਼ਾ ਨੂੰ ਖ਼ੂਬ ਅਪਨਾ ਲਿਆ ਹੈ। ਬੰਗਾਲ ਦੇ ਸਾਹਿਤਕ ਖੇਤਰ ਵਿਚ ਕਵੀ ਨਜ਼ਰ-ਉਲ-ਇਸਲਾਮ ਇਕ ਚਮਕਦਾ ਸਿਤਾਰਾ ਹੈ। ਹਿੰਦੀ ਕਵੀਆਂ ਵਿੱਚ**

*Original with;*
Jaswant Singh Zafar
*Digitized by;*
Panjab Digital Library

**ਲਤੀਫ ਹੁਸੈਨ ਨਟਵਰ ਉਲੇਖਨੀਯ ਹੈ। ਇਸੇ ਤਰ੍ਹਾਂ ਗੁਜਰਾਤ ਵਿਚ ਵੀ ਹੈ। ਪਰ ਬਦਕਿਸਮਤੀ ਹੈ ਪੰਜਾਬ ਦੀ। ਏਥੇ ਮੁਸਲਮਾਨਾਂ ਦਾ ਸਵਾਲ ਤਾਂ ਵੱਖਰਾ ਰਿਹਾ, ਹਿੰਦੂ ਸਿੱਖ ਵੀ ਇਸ ਗੱਲ ਤੇ ਨਹੀਂ ਮਿਲ ਸਕੇ।"**

ਅਸੀਂ ਭਗਤ ਸਿੰਘ ਨੂੰ ਸਿਰਫ਼ ਅਣਖੀਲੇ, ਨਿਡਰ ਅਤੇ ਹਿੰਸਕ ਯੋਧੇ ਦੇ ਰੂਪ ਵਿਚ ਹੀ ਸਥਾਪਤ ਕੀਤਾ ਹੈ। ਬਹੁਤ ਸੂਖ਼ਮ ਅਤੇ ਸੰਵੇਦਨਸ਼ੀਲ ਮਨ ਵਾਲੇ ਕੋਮਲ ਭਾਵੀ ਭਗਤ ਸਿੰਘ ਸਾਡੇ ਲੋਕ ਮਨ ਦਾ ਭਾਗ ਨਹੀਂ ਬਣਿਆ। 1923-24 ਵਿਚ ਜਦ ਪਹਿਲੀ ਵਾਰ ਘਰੋਂ ਕਾਨਪੁਰ ਜਾ ਕੇ ਗਣੇਸ਼ ਸ਼ੰਕਰ ਵਿਦਿਆਰਥੀ ਦੇ ਪ੍ਰਤਾਪ ਅਖਬਾਰ ਵਿਚ ਕੰਮ ਕਰਨ ਲੱਗਿਆ ਤਾਂ ਉਥੇ ਬੀ. ਕੇ. ਦੱਤ, ਚੰਦਰ ਸ਼ੇਖਰ ਆਜ਼ਾਦ, ਜੈਦੇਵ ਕਪੂਰ, ਰਾਮ ਪ੍ਰਸਾਦ ਬਿਸਮਿਲ, ਸ਼ਿਵ ਵਰਮਾ ਆਦਿ ਇਨਕਲਾਬੀਆਂ ਨਾਲ ਮੇਲ ਹੋਇਆ। ਇਥੇ ਪਾਰਟੀ ਵਾਸਤੇ ਕਿਸੇ ਪਿੰਡ ਡਾਕਾ ਮਾਰਨ ਜਾਣਾ ਪਿਆ। ਇਸ ਘਟਨਾ ਨੇ ਭਗਤ ਸਿੰਘ ਦੇ ਮਨ ਨੂੰ ਵਲੂੰਧਰ ਦਿੱਤਾ। ਉਹ ਬਹੁਤ ਰੋਇਆ ਤੇ ਕਹਿਣ ਲੱਗਾ, **"ਆਜ਼ਾਦ ਭਾਰਤ ਦੀ ਕੀ ਤਮੰਨਾ ਲੈ ਕੇ ਅਸੀਂ ਏਦਾਂ ਦੇ ਕੰਮਾਂ ਵਿੱਚ ਭਟਕੇ ਫਿਰਦੇ ਹਾਂ। ਇਹ ਜਬਰਦਸਤੀ ਹਥਿਆਰਾਂ ਦੇ ਜ਼ੋਰ ਪਾਰਟੀ ਲਈ ਪੈਸੇ ਇਕੱਠੇ ਕਰਨਾ ਸਾਨੂੰ ਆਜ਼ਾਦ ਭਾਰਤ ਦੀ ਕੀ ਤਸਵੀਰ ਦੇਵੇਗਾ?"** ਇਸ ਸਵਾਲ ਦੇ ਜਵਾਬ ਦੀ ਖੋਜ ਸ਼ੁਰੂ ਹੋਈ। ਇਸੇ ਖੋਜ ਦੀ ਦ੍ਰਿਸ਼ਟੀ ਤੋਂ ਰੂਸ, ਆਇਰਲੈਂਡ, ਇਟਲੀ ਆਦਿ ਦੇਸ਼ਾਂ ਵਿਚ ਚੱਲੇ ਸੰਘਰਸ਼ਾਂ ਦੀਆਂ ਕਹਾਣੀਆਂ ਨੂੰ ਘੋਖਿਆ ਪੜਤਾਲਿਆ ਗਿਆ। ਇਸ ਤਰ੍ਹਾਂ ਭਗਤ ਸਿੰਘ ਨੇ ਇਨਕਲਾਬ ਦੇ ਰਾਹ ਤੁਰਨ ਲੱਗਿਆਂ ਆਪਣੇ ਆਪ ਨੂੰ ਬੰਬਾਂ, ਪਿਸਤੌਲਾਂ ਜਾਂ ਗੋਲੀਆਂ ਨਾਲ ਲੈਸ ਕਰਨ ਦੀ ਥਾਂ ਅਧਿਐਨ ਨਾਲ ਲੈਸ ਕੀਤਾ। 9 ਅਗਸਤ 1925 ਨੂੰ ਕਾਕੋਰੀ ਵਿਖੇ ਸਰਕਾਰੀ ਖ਼ਜ਼ਾਨਾ ਲੁੱਟਣ ਵਾਲੇ ਸਾਰੇ ਇਨਕਲਾਬੀ (ਸਿਵਾਏ ਚੰਦਰ ਸ਼ੇਖਰ ਆਜ਼ਾਦ ਦੇ) ਪਕੜੇ ਗਏ ਤਾਂ ਜਥੇਬੰਦੀ ਦੀ ਲੀਡਰਸ਼ਿਪ ਦੀ ਜ਼ਿੰਮੇਵਾਰੀ ਦਾ ਸਾਰਾ ਭਾਰ ਭਗਤ ਸਿੰਘ ਹੋਰਾਂ ਤੇ ਆਣ ਪਿਆ। ਉਸ ਵੇਲੇ ਆਪਣੀ ਮਨੋ-ਸਥਿਤੀ ਦਾ ਭਗਤ ਸਿੰਘ ਨੇ ਇਸ ਤਰ੍ਹਾਂ ਵਰਨਣ ਕੀਤਾ ਹੈ-

**"ਅਧਿਐਨ ਕਰਨ ਦੇ ਅਹਿਸਾਸ ਦੀਆਂ ਤਰੰਗਾਂ ਮੇਰੇ ਮਨ ਵਿਚ ਉਭਰਦੀਆਂ ਰਹੀਆਂ। ਅਧਿਐਨ ਕਰ, ਤਾਂ ਕਿ ਤੂੰ ਆਪਣੇ ਵਿਰੋਧੀਆਂ ਦੀਆਂ ਦਲੀਲਾਂ ਦਾ ਜਵਾਬ ਦੇ ਸਕਣ ਦੇ ਯੋਗ ਹੋ ਜਾਏਂ। ਆਪਣੇ ਸਿਧਾਂਤ ਦੀ ਹਮਾਇਤ ਵਿਚ ਦਲੀਲਾਂ ਨਾਲ ਆਪਣੇ ਆਪ ਨੂੰ ਲੈਸ ਕਰਨ ਲਈ ਅਧਿਅਨ ਕਰ। ਮੈਂ ਅਧਿਅਨ ਕਰਨਾ ਸ਼ੁਰੂ ਕਰ ਦਿੱਤਾ। ਮੇਰੇ ਪਹਿਲੇ ਅਕੀਦੇ ਤੇ ਵਿਸ਼ਵਾਸਾਂ ਵਿਚ ਬਹੁਤ ਵੱਡੀ ਤਬਦੀਲੀ ਆ ਗਈ। ਸਾਡੇ ਤੋਂ ਪਹਿਲਾਂ ਦੇ ਇਨਕਲਾਬੀਆਂ ਵਿਚ ਸਿਰਫ਼ ਤਸ਼ੱਦਦ ਦੇ ਤੌਰ ਤਰੀਕਿਆਂ ਦਾ ਰੋਮਾਂਸ ਏਨਾ ਭਾਰੂ ਸੀ, ਹੁਣ ਉਹਦੀ ਥਾਂ ਗੰਭੀਰ ਵਿਚਾਰਾਂ ਨੇ ਲੈ ਲਈ।"**

1927 ਦੇ ਅਖੀਰ ਵਿੱਚ ਭਗਤ ਸਿੰਘ ਤੋਂ ਉਸ ਦੇ ਬਚਪਨ ਦੇ ਦੋਸਤ ਅਮਰ ਚੰਦ, ਜੋ ਅਮਰੀਕਾ ਵਿਚ ਪੜ੍ਹਨ ਗਿਆ ਹੋਇਆ ਸੀ, ਦੀ ਮਾਤਾ ਨੇ ਆਪਣੇ ਪੁੱਤਰ ਨੂੰ ਖ਼ਤ ਲਿਖਵਾਇਆ। ਭਗਤ ਸਿੰਘ ਨੇ ਆਪਣੇ ਵਲੋਂ ਵੀ ਅਮਰ ਚੰਦ ਨੂੰ ਇਕ ਚਿੱਠੀ ਲਿਖ

*Original with;*
Jaswant Singh Zafar
*Digitized by;*
Panjab Digital Library

ਕੇ ਉਸੇ ਲਿਫਾਫ਼ੇ ਵਿਚ ਪਾਈ। ਇਸ ਚਿੱਠੀ ਵਿਚ ਮੁੱਖ ਤੌਰ ਤੇ ਆਪਣੇ ਹਾਲਾਤ ਦਾ ਵਰਨਣ ਕੀਤਾ ਸੀ। ਇਸ ਵਿਚ ਉਹ ਆਪਣੇ ਦੋਸਤ ਨੂੰ ਇਹ ਵੀ ਲਿਖਦਾ ਹੈ-

> **"ਭਾਈ ਖ਼ੂਬ ਦਿਲ ਲਾ ਕੇ ਤਾਲੀਮ ਹਾਸਲ ਕਰਦੇ ਜਾਓ। ...ਕਦੀ ਮੌਕਾ ਮਿਲੇ ਤਾਂ ਕੋਈ ਚੰਗੀਆਂ ਚੰਗੀਆਂ ਕਿਤਾਬਾਂ ਭੇਜਣ ਦੀ ਤਕਲੀਫ ਉਠਾਣਾ। ਆਖਰ ਅਮਰੀਕਾ ਵਿਚ ਲਿਟਰੇਚਰ ਤਾਂ ਬਹੁਤ ਹੈ।"**

ਇਸ ਤੋਂ ਉਸ ਦੇ ਸਾਹਿਤ ਅਤੇ ਅਧਿਅਨ ਪ੍ਰਤੀ ਲਗਾਓ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਰੂਪੋਸ਼ੀ ਦੇ ਸਮੇਂ ਜਦ ਉਸ ਦੀ ਕਮੀਜ਼ ਤੇ ਪਜਾਮਾ ਵੀ ਸਾਥ ਛੱਡ ਗਏ, ਉਸ ਕੋਲ ਪਹਿਨਣ ਲਈ ਸਿਰਫ਼ ਇਕ ਫਟਿਆ ਪੁਰਾਣਾ ਖੱਦਰ ਦਾ ਕੋਟ ਅਤੇ ਇੱਕ ਚਾਦਰ ਸੀ, ਉਸ ਸਮੇਂ ਵੀ ਉਸ ਕੋਲ ਕੋਈ ਨਾ ਕੋਈ ਵਧੀਆ ਕਿਤਾਬ ਜ਼ਰੂਰ ਹੁੰਦੀ ਸੀ। ਅਧਿਐਨ ਦੇ ਨਾਲ ਨਾਲ ਦੂਸਰਿਆਂ ਨੂੰ ਵੀ ਪੜ੍ਹਾਉਣਾ ਸ਼ੁਰੂ ਕੀਤਾ। ਬਾਹਰਲੇ ਚੰਗੇਰੇ ਸਾਹਿਤ ਦੇ ਤਰਜੁਮੇ ਕੀਤੇ। ਬੱਬਰ ਅਕਾਲੀ ਲਹਿਰ, ਗਦਰ ਲਹਿਰ, ਕੂਕਾ ਲਹਿਰ ਅਤੇ ਭਾਰਤ ਦੀ ਆਜ਼ਾਦੀ ਨਾਲ ਸਬੰਧਤ ਹੋਰ ਲਹਿਰਾਂ ਅਤੇ ਇਨ੍ਹਾਂ ਨਾਲ ਜੁੜੇ ਦੇਸ਼ ਭਗਤਾਂ ਸਬੰਧੀ ਸਿਲਸਿਲੇਵਾਰ ਲਿਖਿਆ। ਕਿਰਤੀ ਅਖ਼ਬਾਰ ਦੇ ਸੰਪਾਦਨ ਦੀ ਜਿੰਮੇਵਾਰੀ ਨਿਭਾਉਣੀ ਸ਼ੁਰੂ ਕੀਤੀ। ਦੁਨੀਆਂ ਵਿਚ ਵਾਪਰ ਰਹੀਆਂ ਵਿਚਾਰਧਾਰਕ ਅਤੇ ਰਾਜਨੀਤਕ ਤਬਦੀਲੀਆਂ ਬਾਰੇ ਖ਼ੂਬ ਲਿਖਿਆ। ਕਾਕੋਰੀ ਕਾਂਡ ਨਾਲ ਸਬੰਧਤ ਇਨਕਲਾਬੀਆਂ ਬਾਰੇ ਲੇਖ ਲੜੀ ਲਿਖੀ। ਉਸ ਨੇ ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਉਰਦੂ ਚਾਰ ਜ਼ੁਬਾਨਾਂ ਵਿਚ ਇੱਕੋ ਜਿੰਨਾ ਵਧੀਆ ਲਿਖਣ ਦੀ ਮੁਹਾਰਤ ਹਾਸਿਲ ਕੀਤੀ। ਉਸ ਦੇ ਦੁਆਰਾ ਤੱਥਾਂ ਅਧਾਰਿਤ ਲਿਖੀ ਸੰਘਣੀ ਵਾਰਤਕ ਵਿੱਚ ਵੀ ਕਵਿਤਾ ਵਰਗੇ ਸੰਗੀਤ ਦੀ ਛਣਕਾਰ ਤੇ ਰਵਾਨੀ ਹੁੰਦੀ ਸੀ-

> **"ਅਨਿਆਈ ਪ੍ਰਬੰਧ! ਉਹ ਲੋਕ ਜੋ ਮਹੱਲ ਬਣਾਉਂਦੇ ਹਨ ਝੌਂਪੜੀਆਂ ਵਿਚ ਰਹਿੰਦੇ ਹਨ। ਉਹ ਲੋਕ ਜੋ ਸੋਹਣੀਆਂ ਸੋਹਣੀਆਂ ਅਤੇ ਆਰਾਮ ਦੇਣ ਵਾਲੀਆਂ ਚੀਜ਼ਾਂ ਬਣਾਉਂਦੇ ਹਨ ਪੁਰਾਣੀਆਂ ਅਤੇ ਗੰਦੀਆਂ ਚਟਾਈਆਂ ਤੇ ਸੌਂਦੇ ਹਨ। ਐਸਾ ਕਿਉਂ ਰਹਿਣਾ ਚਾਹੀਦਾ ਹੈ? ਜੇ ਐਸੀ ਹੀ ਹਾਲਤ ਪਿਛਲੇ ਸਮੇਂ ਵਿੱਚ ਰਹੀ ਹੈ ਤਾਂ ਆਉਂਣ ਵਾਲੇ ਸਮੇਂ ਵਿਚ ਕਿਉਂ ਨਹੀਂ ਹੋਰ ਹੋਣੀ ਚਾਹੀਦੀ? ਜੇ ਅਸੀਂ ਚਾਹੁੰਦੇ ਹਾਂ ਕਿ ਹਿੰਦੋਸਤਾਨੀਆਂ ਦੀ ਹਾਲਤ ਅੱਜ ਨਾਲੋਂ ਚੰਗੀ ਹੋਵੇ ਤਾਂ ਇਹ ਹਾਲਤ ਤਬਦੀਲ ਹੋਣੀ ਚਾਹੀਦੀ ਹੈ। ਸਾਨੂੰ ਤਬਦੀਲ ਕਰਨੀ ਚਾਹੀਦੀ ਹੈ।"**

ਅੱਜ ਕੱਲ੍ਹ ਬਹੁਤੇ ਪੋਸਟਰਾਂ ਵਿਚ ਭਗਤ ਸਿੰਘ ਨੂੰ ਪਿਸਤੌਲ ਚੁੱਕੀ ਦਿਖਾਇਆ ਹੁੰਦਾ ਹੈ। ਪਰ ਭਗਤ ਸਿੰਘ ਨੇ ਅੰਗਰੇਜ਼ੀ ਸਾਮਰਾਜ ਵਿਰੁੱਧ ਵਿੱਢੀ ਜੰਗ ਵਿੱਚ ਜਿਹੜਾ ਪਹਿਲਾ ਹਥਿਆਰ ਚੁੱਕਿਆ ਸੀ ਉਹ ਪਿਸਤੌਲ ਨਹੀਂ ਸਗੋਂ ਕਲਮ ਸੀ। ਗੁਰੂ ਗੋਬਿੰਦ ਸਿੰਘ ਸੰਗੀਤ, ਕਾਵਿ, ਦਰਸ਼ਨ, ਨਾਟਕ, ਸੰਵਾਦ ਆਦਿ ਸਭ ਵਸੀਲਿਆਂ ਦੇ ਭਰਵੇਂ ਉਪਯੋਗ ਤੋਂ ਮਗਰੋਂ ਹੀ ਹਥਿਆਰ ਉਠਾਉਣ ਨੂੰ ਵਾਜਿਬ ਮੰਨਦੇ ਹਨ-

**ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ**

*Original with;*
Jaswant Singh Zafar
*Digitized by;*
Panjab Digital Library

**ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ**

ਇਸੇ ਤਰ੍ਹਾਂ ਹਿੰਸਾ ਭਗਤ ਸਿੰਘ ਦਾ ਵੀ ਮਨਭਾਉਂਦਾ ਪਹਿਲਾ ਹਥਿਆਰ ਕਦਾਚਿੱਤ ਨਹੀਂ ਸੀ। ਉਹ ਲਿਖਦਾ ਹੈ–

> **"ਸਖ਼ਤ ਲੋੜ ਵੇਲੇ ਤਾਕਤ ਦੀ ਵਰਤੋਂ ਜਾਇਜ਼ ਹੈ ਪਰ ਅਹਿੰਸਾ ਸਾਰੀਆਂ ਜਨਤਕ ਲਹਿਰਾਂ ਦੀ ਅਟੁੱਟ ਨੀਤੀ ਹੈ।"**

ਭਗਤ ਸਿੰਘ ਅਤੇ ਬੀ. ਕੇ. ਦੱਤ ਵਲੋਂ 8 ਅਪਰੈਲ 1929 ਨੂੰ ਦਿੱਲੀ ਅਸੈਂਬਲੀ ਵਿੱਚ ਬੰਬ ਸੁੱਟਣ ਮਗਰੋਂ ਸੁੱਟੇ ਪੈਂਫਲਿਟਾਂ ਵਿਚ ਹਿੰਸਾ-ਅਹਿੰਸਾ ਬਾਰੇ ਵਿਚਾਰਾਂ ਨੂੰ ਸਪੱਸ਼ਟ ਕੀਤਾ ਗਿਆ ਸੀ–

> **"ਅਸੀਂ ਮਨੁੱਖੀ ਜੀਵਨ ਨੂੰ ਬੜਾ ਪਵਿੱਤਰ ਮੰਨਦੇ ਹਾਂ ਅਤੇ ਉਸ ਦੇ ਸੁਨਹਿਰੀ ਭਵਿੱਖ ਦਾ ਸੁਪਨਾ ਵੇਖਦੇ ਹਾਂ ਜਦੋਂ ਮਨੁੱਖ ਪੂਰਨ ਸ਼ਾਂਤੀ ਤੇ ਆਜ਼ਾਦੀ ਨਾਲ ਵਿਚਰੇਗਾ। ਸਾਨੂੰ ਇਹ ਪਰਵਾਨ ਕਰਦਿਆਂ ਦੁੱਖ ਹੁੰਦਾ ਹੈ ਅਸੀਂ ਇਨਸਾਨੀ ਖ਼ੂਨ ਡੋਲ੍ਹਣ ਤੇ ਮਜਬੂਰ ਕੀਤੇ ਹਏ ਹਾਂ।"**

ਅਸੈਂਬਲੀ ਬੰਬ ਕੇਸ ਵਿੱਚ ਭਗਤ ਸਿੰਘ ਦਾ ਅਦਾਲਤੀ ਬਿਆਨ ਸੀ –

> **"ਇਨਕਲਾਬ ਵਾਸਤੇ ਖ਼ੂਨੀ ਲੜਾਈਆਂ ਜ਼ਰੂਰੀ ਨਹੀਂ ਹਨ ਅਤੇ ਨਾ ਹੀ ਇਸ ਵਿਚ ਨਿੱਜੀ ਬਦਲੇ ਲਈ ਕੋਈ ਥਾਂ ਹੈ। ਇਹ ਬੰਬ ਅਤੇ ਪਿਸਤੌਲ ਦਾ ਫ਼ਿਰਕਾ ਨਹੀਂ। ਇਨਕਲਾਬ ਤੋਂ ਸਾਡਾ ਮਤਲਬ ਹੈ ਕਿ ਨੰਗੇ ਅਨਿਆਂ ਉੱਤੇ ਟਿਕਿਆ ਹੋਇਆ ਮੌਜੂਦਾ ਢਾਂਚਾ ਜ਼ਰੂਰ ਬਦਲਣਾ ਚਾਹੀਦਾ ਹੈ।"**

ਇਸੇ ਦੌਰਾਨ 19 ਅਕਤੂਬਰ 1929 ਨੂੰ ਪੰਜਾਬ ਸਟੂਡੈਂਟ ਯੂਨੀਅਨ ਦੀ ਦੂਸਰੀ ਕਾਨਫਰੰਸ, ਜਿਸ ਦੇ ਸਭਾਪਤੀ ਨੇਤਾ ਜੀ ਸੁਭਾਸ਼ ਚੰਦਰ ਬੋਸ ਸਨ, ਵਿਚ ਭਗਤ ਸਿੰਘ ਹੋਰਾਂ ਦੁਆਰਾ ਘੱਲੇ ਗਏ ਸੰਦੇਸ਼ ਵਿਚ ਦਰਜ ਸੀ–

> **"ਅਸੀਂ ਨੌਜਵਾਨਾਂ ਨੂੰ ਬੰਬ ਤੇ ਪਿਸਤੌਲ ਚੁੱਕਣ ਦੀ ਸਲਾਹ ਨਹੀਂ ਦੇ ਸਕਦੇ। ਵਿਦਿਆਰਥੀਆਂ ਦੇ ਕਰਨ ਲਈ ਇਸ ਤੋਂ ਜ਼ਿਆਦਾ ਵੱਡੇ ਕੰਮ ਹਨ।"**

ਕਿਉਂਕਿ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਅੰਗਰੇਜ਼ ਪੁਲਿਸ ਅਫ਼ਸਰ ਸਾਂਡਰਸ ਦਾ ਕਤਲ ਕਰਕੇ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲਿਆ ਇਸ ਲਈ ਸਾਨੂੰ ਲੱਗਦਾ ਹੈ ਕਿ ਉਨ੍ਹਾਂ ਦੇ ਮਨਾਂ ਵਿਚ ਲਾਲਾ ਜੀ ਪ੍ਰਤੀ ਬਹੁਤ ਸ਼ਰਧਾ ਦਾ ਭਾਵ ਸੀ। ਸਾਨੂੰ ਲੱਗਦਾ ਹੈ ਕਿ ਗਰਮ ਖਿਆਲੀਏ ਹੋਣ ਕਰਕੇ ਲਾਲਾ ਜੀ ਇਨ੍ਹਾਂ ਇਨਕਲਾਬੀਆ ਦੇ ਸਰਪਰਸਤ ਹੋਣਗੇ ਅਤੇ ਉਨ੍ਹਾਂ ਦੀ ਕਿਸੇ ਬੁਲੰਦ ਸਖ਼ਸ਼ੀਅਤ, ਉਚ ਆਦਰਸ਼ਾਂ ਅਤੇ ਦੇਸ਼ ਭਗਤੀ ਕਾਰਨ ਭਗਤ ਸਿੰਘ ਅਤੇ ਉਸ ਦੇ ਸਾਥੀ ਲਾਲਾ ਜੀ ਦੇ ਅਨਿਨ ਭਗਤ ਹੋਣਗੇ। ਪਰ ਅਸਲੀਅਤ ਇਸ ਤੋਂ ਉਲਟ ਸੀ। ਭਗਤ ਸਿੰਘ ਤੇ ਉਸਦੇ ਸਾਥੀ ਲਾਲਾ ਲਾਜਪਤ ਰਾਏ ਦੀਆਂ ਇਨਕਲਾਬੀ ਲਹਿਰ ਨਾਲ ਧ੍ਰੋਹ ਕਰਨ, ਵਿਦੇਸ਼ਾਂ 'ਚੋਂ ਆਜ਼ਾਦੀ ਸੰਗਰਾਮ ਦੇ ਨਾਂ ਤੇ ਧਨ ਇਕੱਠਾ ਕਰਕੇ ਆਪਣੀ ਮਰਜ਼ੀ ਅਤੇ ਹਿੱਤ ਮੁਤਾਬਕ ਵਰਤਣ ਅਤੇ ਫੋਕੀ ਲੀਡਰੀ ਚਮਕਾਉਣ ਵਰਗੀਆਂ ਸੁਆਰਥੀ ਕਾਰਵਾਈਆਂ ਤੋਂ ਬੜੀ ਸ਼ਾਲੀਨਤਾ ਅਤੇ ਦਲੀਲ ਨਾਲ ਪਰਦਾ ਚੁੱਕਦੇ ਰਹੇ

*Original with;*
Jaswant Singh Zafar
*Digitized by;*
Panjab Digital Library

ਸਨ। ਸਾਂਡਰਸ ਦਾ ਕਤਲ ਇਕ ਮਨੁੱਖ ਦੀ ਮੌਤ ਦਾ ਦੂਸਰੇ ਮਨੁੱਖ ਨੂੰ ਮਾਰ ਕੇ ਲਿਆ ਨਿੱਜੀ ਕਿਸਮ ਦਾ ਬਦਲਾ ਨਹੀਂ ਸੀ। ਇਹ ਅੰਗਰੇਜ਼ੀ ਹਕੂਮਤ ਦੇ ਕਾਲੇ ਕਾਨੂੰਨ ਵਿਰੁੱਧ ਸ਼ਾਂਤਮਈ ਰੋਸ ਪ੍ਰਦਰਸ਼ਨ ਕਰਨ ਵਾਲੇ ਇਕ ਭਾਰਤੀ ਆਗੂ ਦੀ ਪੁਲਿਸ ਦੀਆਂ ਡਾਂਗਾਂ ਦੀਆ ਸੱਟਾਂ ਨਾਲ ਹੋਈ ਮੌਤ ਕਾਰਨ ਦੇਸ਼ ਵਾਸੀਆਂ ਦੇ ਡਿੱਗੇ ਕੌਮੀ ਮਨੋਬਲ ਨੂੰ ਮੁੜ ਉਭਾਰਨ ਲਈ ਕੀਤਾ ਗਿਆ ਕਾਰਨਾਮਾ ਸੀ।

ਦੂਜੇ ਪਾਸੇ ਅਸੀਂ ਭਗਤ ਸਿੰਘ ਅਤੇ ਮਹਾਤਮਾ ਗਾਂਧੀ ਨੂੰ ਇੱਕ ਦੂਸਰੇ ਦੇ ਕੱਟੜ ਵਿਰੋਧੀ ਅਤੇ ਦੁਸ਼ਮਣ ਤਸਲੀਮ ਕਰਦੇ ਹਾਂ। ਭਗਤ ਸਿੰਘ ਦੇ ਪ੍ਰਸੰਸਕ ਅਖਵਾਉਣ ਲਈ ਗਾਂਧੀ ਨੂੰ ਗਾਲ੍ਹਾਂ ਕੱਢਣਾ ਜ਼ਰੂਰੀ ਸ਼ਰਤ ਮੰਨੀ ਜਾਣ ਲੱਗੀ ਹੈ। ਭਗਤਸਿੰਘਵਾਦੀ ਦਰਸਾਉਣ ਲਈ ਗਾਂਧੀ ਅਤੇ ਭਗਤ ਸਿੰਘ ਦੇ ਵਿਚਾਰਾਂ ਅਤੇ ਲਿਖਤਾਂ ਨੂੰ ਪੜ੍ਹੇ ਬਗੈਰ ਹੀ ਗਾਂਧੀ ਨੂੰ ਨਿੰਦਣਾ ਭੰਡਣਾ ਆਪਣਾ ਹੱਕ ਸਮਝਦੇ ਹਾਂ। ਉਸ ਦੇ ਇਖ਼ਲਾਕ ਅਤੇ ਚਰਿੱਤਰ ਬਾਰੇ ਏਨੀਆਂ ਘਟੀਆ ਅਤੇ ਕਮੀਨੀਆਂ ਗੱਲਾਂ ਕਰਦੇ ਹਾਂ ਜਿਹੜੀਆਂ ਕਿਸੇ ਸਧਾਰਨ ਆਦਮੀ ਬਾਰੇ ਵੀ ਕਰਨੀਆਂ ਵਾਜਿਬ ਨਹੀਂ। ਪਰ ਭਗਤ ਸਿੰਘ ਭਾਵੇਂ ਗਾਂਧੀ ਦੇ ਵਿਚਾਰਾਂ ਅਤੇ ਸਿਆਸਤ ਨੂੰ ਕਿਰਤੀ ਲੋਕਾਂ ਦੇ ਹਿੱਤ ਵਿਚ ਨਹੀਂ ਸੀ ਮੰਨਦਾ ਪਰ ਉਸ ਦੇ ਇਖ਼ਲਾਕ ਅਤੇ ਸੁਹਿਰਦਤਾ ਤੇ ਕਦੇ ਕਿੰਤੂ ਨਹੀਂ ਕੀਤਾ। ਭਾਵੇਂ ਗਾਂਧੀ ਦੁਆਲੇ ਆਪਣੇ ਹਿੱਤਾਂ ਖਾਤਰ ਜੁੜੀ ਖ਼ੁਦਗਰਜ਼ ਸਰਮਾਏਦਾਰੀ ਨੂੰ ਉਹ ਆਮ ਭਾਰਤੀ ਜਨਤਾ ਲਈ ਵੱਡਾ ਖ਼ਤਰਾ ਮੰਨਦਾ ਸੀ ਪਰ ਉਸ ਦੀ ਸਿਆਸੀ ਸ਼ਕਤੀ ਅਤੇ ਜੁਗਤਾਂ ਦਾ ਕਾਇਲ ਸੀ। ਉਹ ਲਿਖਦਾ ਹੈ–

> **"ਗਾਂਧੀ ਇਕ ਦਿਆਲੂ ਮਾਨਵਤਾਵਾਦੀ ਆਦਮੀ ਹੈ ਪਰ ਅਜਿਹੇ ਦਿਆਲੂਪੁਣੇ ਨਾਲ ਸਮਾਜਕ ਤਬਦੀਲੀ ਨਹੀਂ ਆਉਂਦੀ, ਸਗੋਂ ਉਸ ਲਈ ਇਕ ਵਿਗਿਆਨਕ ਅਤੇ ਗਤੀਸ਼ੀਲ ਸਮਾਜਕ ਸ਼ਕਤੀ ਦੀ ਜ਼ਰੂਰਤ ਹੈ। ...ਇਹ ਲਹਿਰ ਜੋ ਅੱਜ ਹੈ ਇਸ ਨੂੰ ਗਾਂਧੀਵਾਦ ਕਹਿਣਾ ਹੀ ਠੀਕ ਹੈ। ...ਇਸ ਦਾ ਤਰੀਕਾ ਅਨੂਠਾ ਹੈ, ਪਰ ਇਸ ਦੇ ਵਿਚਾਰ 'ਵਿਚਾਰੇ ਲੋਕਾਂ' ਦੇ ਕਿਸੇ ਕੰਮ ਦੇ ਨਹੀਂ। ...ਇਸ (ਗਾਂਧੀ) ਨੂੰ ਚਲਾਉਣ ਵਾਲੇ ਵੀ ਦੇਸ਼ ਦੇ ਅਜਿਹੇ ਲੋਕ ਹਨ, ਜਿਨ੍ਹਾਂ ਦਾ ਹਿੱਤ ਇਸ ਨਾਲ ਬੱਝਾ ਹੈ, ਉਹ ਆਪਣੇ ਹਿੱਤਾਂ ਨਾਲ ਬੁਰਜਵਾ ਹੱਠ ਰਾਹੀਂ ਚਿਪਕੇ ਹੋਏ ਹਨ। ...ਇਸ ਨੂੰ ਤਾਂ ਇਸ ਦੇ ਦੋਸਤਾਂ ਤੋਂ ਬਚਾਉਣ ਦੀ ਲੋੜ ਹੈ। ਗਾਂਧੀਵਾਦ ਆਪਣੇ ਭਾਣਾ ਮੰਨਣ ਦੇ ਮੱਤ ਰੱਖਣ ਦੇ ਬਾਵਜੂਦ ਇਨਕਲਾਬੀ ਵਿਚਾਰਾਂ ਦੇ ਨੇੜੇ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ। ...ਉਨ੍ਹਾਂ ਨੇ ਕਿਰਤੀਆਂ ਨੂੰ ਲਹਿਰ ਵਿਚ ਹਿੱਸੇਦਾਰ ਬਣਾ ਕੇ ਕਿਰਤੀ ਇਨਕਲਾਬ ਲਈ ਰਾਹ ਪਾ ਦਿੱਤਾ ਹੈ। ...ਇਨਕਲਾਬੀਆਂ ਨੂੰ ਅਹਿੰਸਾ ਦੇ ਫਰਿਸ਼ਤੇ ਨੂੰ ਉਸਦਾ ਯੋਗ ਥਾਂ ਦੇਣਾ ਚਾਹੀਦਾ ਹੈ।"**

ਆਮ ਤੌਰ ਤੇ ਇਹੀ ਮਹਿਸੂਸ ਕੀਤਾ ਜਾਂਦਾ ਹੈ ਕਿ ਭਗਤ ਸਿੰਘ ਭਾਰਤੀਆਂ ਦੀ ਗੁਲਾਮੀ ਅਤੇ ਪੱਛੜੇਪਨ ਲਈ ਅੰਗਰੇਜ਼ੀ ਸਾਮਰਾਜ ਨੂੰ ਹੀ ਜ਼ਿੰਮੇਵਾਰ ਸਮਝਦਾ ਸੀ ਅਤੇ ਸਿਰਫ਼ ਅੰਗਰੇਜ਼ਾਂ ਨੂੰ ਦੇਸ਼ ਤੋਂ ਬਾਹਰ ਭਜਾਉਣ ਲਈ ਬੰਦੂਕਾਂ ਚੁੱਕੀ ਫਿਰਦਾ

*Original with;*
Jaswant Singh Zafar
*Digitized by;*
Panjab Digital Library

ਸੀ। ਪਰ ਉਹ ਭਾਰਤੀਆਂ ਦੇ ਰਾਜਨੀਤਕ, ਸੱਭਿਆਚਾਰਕ, ਆਤਮਿਕ ਅਤੇ ਮਾਨਸਿਕ ਪਛੜੇਵੇਂ ਲਈ ਜ਼ੋਰ ਸ਼ੋਰ ਨਾਲ ਭਾਰਤੀਆਂ ਨੂੰ ਜ਼ਿੰਮੇਵਾਰ ਠਹਿਰਾਉਂਦਾ ਰਿਹਾ ਹੈ। ਅਜਿਹੇ ਪੱਛੜੇਪਨ ਨੂੰ ਚਿਤਵ ਕੇ ਤੜਫਦਾ, ਕਲ਼ਪਦਾ ਤੇ ਵਿਲਕਦਾ ਰਿਹਾ ਹੈ। ਏਨਾ ਹੀ ਨਹੀਂ, ਉਹ ਹਿੰਦ ਵਾਸੀਆਂ ਦੀਆਂ ਰਗਾਂ 'ਚੋਂ ਇਸ ਪੱਛੜੇਪਨ ਨੂੰ ਹੂੰਝ ਕੇ ਬਾਹਰ ਸੁੱਟਣ ਲਈ ਆਪਣੇ ਸ਼ਬਦਾਂ ਦੀਆਂ ਗੋਲੀਆਂ ਚਲਾਉਂਦਾ ਰਿਹਾ, ਆਪਣੀਆਂ ਲਿਖਤਾਂ ਦੇ ਬੰਬ ਫਟਾਉਂਦਾ ਰਿਹਾ। ਮਹਾਨ ਦੇਸ਼ ਭਗਤਾਂ ਬਾਰੇ ਲਿਖੇ ਲੇਖਾਂ ਵਿਚ ਉਹ ਅਕ੍ਰਿਤਘਣ ਭਾਰਤੀਆਂ ਨੂੰ ਵਾਰ ਵਾਰ ਫਿਟਕਾਰਦਾ ਰਿਹਾ।

ਅਸੀਂ ਭਗਤ ਸਿੰਘ ਦੇ ਪੰਜਾਬੀ ਹੋਣ ਤੇ ਲੱਖ ਚੌੜੇ ਹੁੰਦੇ ਫਿਰੀਏ ਪਰ ਭਗਤ ਸਿੰਘ ਨੂੰ ਸਾਡੀ (ਪੰਜਾਬੀਆਂ ਦੀ) 'ਮਹਾਨਤਾ' ਬਾਰੇ ਕੋਈ ਭਰਮ ਨਹੀਂ ਸੀ। ਉਸ ਨੇ ਆਪਣੇ ਪੰਜਾਬੀ ਜਾਂ ਜੱਟ ਦੀ ਹੋਣ ਜਾਂ ਸਿੱਖ ਭਾਈਚਾਰੇ ਨਾਲ ਸਬੰਧਤ ਹੋਣ ਦੀ ਕਦੇ ਟਾਹਰ ਨਹੀਂ ਮਾਰੀ। ਸਗੋਂ ਇਸ ਤੋਂ ਉਲਟ ਆਪਣੀਆਂ ਲਿਖਤਾਂ ਵਿਚ ਉਹ ਪੰਜਾਬੀਆਂ ਨੂੰ ਹੋਰ ਦੇਸ਼ ਵਾਸੀਆਂ ਦੇ ਮੁਕਾਬਲੇ ਵਧੇਰੇ ਖ਼ੁਦਗਰਜ਼, ਅਕ੍ਰਿਤਘਣ ਅਤੇ ਰਾਜਸੀ ਚੇਤਨਾ ਪੱਖੋਂ ਅਵੇਸਲੇ ਤਸਲੀਮ ਕਰਦਾ ਸੀ। 27 ਫਰਵਰੀ 1926 ਨੂੰ ਹੋਲੀ ਵਾਲੇ ਦਿਨ ਛੇ ਬੱਬਰ ਅਕਾਲੀਆਂ- ਕਿਸ਼ਨ ਸਿੰਘ ਗੜਗੱਜ, ਸੰਤਾ ਸਿੰਘ, ਦਲੀਪ ਸਿੰਘ, ਨੰਦ ਸਿੰਘ, ਕਰਮ ਸਿੰਘ ਅਤੇ ਧਰਮ ਸਿੰਘ ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ। ਇਨ੍ਹਾਂ ਸੂਰਬੀਰਾਂ ਦੇ ਜੀਵਨ, ਉਦੇਸ਼ ਅਤੇ ਘਾਲਣਾ ਬਾਰੇ ਭਗਤ ਸਿੰਘ ਦਾ ਲੇਖ 15 ਮਾਰਚ 1926 ਦੇ ਪ੍ਰਤਾਪ ਅਖ਼ਬਾਰ ਵਿਚ ਪ੍ਰਕਾਸ਼ਤ ਹੋਇਆ। ਉਹ ਲਿਖਦਾ ਹੈ ਕਿ ਜਿਸ ਦਿਨ ਇਨ੍ਹਾਂ ਯੋਧਿਆਂ ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਦਿੱਤੀ ਗਈ ਅਤੇ ਫਿਰ ਚੁੱਪ ਚਾਪ ਸ਼ਹਿਰ ਦੇ ਸ਼ਮਸ਼ਾਨ ਘਾਟ ਵਿੱਚ ਇਨ੍ਹਾਂ ਦੀ ਅੰਤਮ ਕ੍ਰਿਆ ਕੀਤੀ ਗਈ ਉਸ ਦਿਨ ਪੰਜਾਬ ਦੇ ਲੋਕ ਪੂਰੀ ਬੇਸ਼ਰਮੀ ਨਾਲ ਇੱਕ ਦੂਸਰੇ ਤੇ ਰੰਗ ਸੁੱਟ ਕੇ ਹੋਲੀ ਦੀ ਖੁਸ਼ੀ ਮਨਾ ਰਹੇ ਸਨ। ਇਸ ਤੋਂ ਲੱਗਦਾ ਹੈ ਕਿ ਅਸੀਂ ਭਾਵੇਂ ਭਗਤ ਸਿੰਘ ਨੂੰ ਬਹੁਤਾ ਨਹੀਂ ਜਾਣਦੇ ਪਰ ਉਹ ਸਾਨੂੰ ਚੰਗੀ ਤਰ੍ਹਾਂ ਜਾਣਦਾ ਸੀ।

ਇਹ ਨਤੀਜਾ ਕੱਢਣਾ ਠੀਕ ਨਹੀਂ ਹੋਵੇਗਾ ਕਿ ਭਗਤ ਸਿੰਘ ਨੂੰ ਆਪਣੀ ਵਿਦਵਤਾ ਅਤੇ ਗਿਆਨ ਦਾ ਕੋਈ ਅਫ਼ਰੇਵਾਂ ਸੀ। ਜਾਂ ਉਹ ਆਮ ਲੋਕਾਂ ਤੋਂ ਰੁੱਸਿਆ ਅਤੇ ਟੁੱਟਿਆ ਹੋਇਆ ਸੀ। ਜਾਂ ਇਨਕਲਾਬ ਦੇ ਹਵਾਈ ਕਿਲੇ ਦੀ ਮਿਰਗ ਤ੍ਰਿਸ਼ਨਾ ਲਈ ਲੁਕਿਆ ਜਾਂ ਭੱਜਿਆ ਫਿਰਦਾ ਗੁਰੀਲਾ ਸੀ। ਇਸ ਤੋਂ ਉਲਟ ਉਹ ਜਨ ਸਧਾਰਨ ਦੇ ਦੁੱਖਾਂ ਤਕਲੀਫ਼ਾਂ ਨਾਲ ਅਤੇ ਤੱਤਕਾਲੀ ਲੋਕ ਲਹਿਰਾਂ ਨਾਲ ਗਹਿਰੀ ਤਰ੍ਹਾਂ ਜੁੜਿਆ ਹੋਇਆ ਸੀ। ਗੁਰਦੁਆਰਾ ਸੁਧਾਰ ਲਹਿਰ ਤਹਿਤ 1924 ਵਿਚ ਜੈਤੋ ਦੇ ਮੋਰਚੇ ਦੌਰਾਨ ਜਥੇ ਜੈਤੋ ਨੂੰ ਜਾ ਰਹੇ ਸਨ। ਸਰਕਾਰ ਵਲੋਂ ਪਾਬੰਦੀ ਸੀ ਕਿ ਇਨ੍ਹਾਂ ਜਥਿਆਂ ਨੂੰ ਕੋਈ ਪਾਣੀ ਤੱਕ ਨਾ ਪਿਆਵੇ। ਭਗਤ ਸਿੰਘ ਨੇ ਆਪਣੇ ਪਿੰਡ ਬੰਗੇ ਦੇ ਲੋਕਾਂ ਨੂੰ ਲਾਮਬੰਦ ਕਰਕੇ ਲੰਗਰ ਤਿਆਰ ਕਰਵਾ ਕੇ ਕਮਾਦ ਦੇ ਖੇਤਾਂ ਵਿਚ ਰਖਾਇਆ, ਕਿਉਂਕਿ ਪੁਲਿਸ ਵਲੋਂ ਨਾਕਾਬੰਦੀ ਸੀ। ਤੇਰ੍ਹਵੇਂ ਸ਼ਹੀਦੀ ਜਥੇ ਨੂੰ ਰੋਕ ਕੇ ਲੰਗਰ ਛਕਾਇਆ ਗਿਆ। ਉਸ ਨੇ ਜਥੇ ਨੂੰ ਬਹੁਤ ਪ੍ਰਭਾਵਸ਼ਾਲੀ ਅਤੇ ਜਜ਼ਬਾਤੀ

*Original with;*
Jaswant Singh Zafar
*Digitized by;*
Panjab Digital Library

ਲੈਕਚਰ ਵੀ ਦਿਤਾ ਕਿ ਬਹੁਤਿਆਂ ਦੀਆਂ ਅੱਖਾਂ ਭਰ ਆਈਆਂ। ਇਸ ਬਦਲੇ ਉਸਦੇ ਵਾਰੰਟ ਨਿਕਲੇ। ਉਹ ਦੁਬਾਰਾ ਕਾਨਪੁਰ ਚਲਿਆ ਗਿਆ। ਉਥੇ ਗਣੇਸ਼ ਸ਼ੰਕਰ ਵਿਦਿਆਰਥੀ ਦੀ ਸਹਾਇਤਾ ਨਾਲ ਅਲੀਗੜ੍ਹ ਜ਼ਿਲੇ ਦੇ ਪਿੰਡ ਸਾਦੀਪੁਰ ਵਿਚ ਨੈਸ਼ਨਲ ਸਕੂਲ ਦਾ ਮੁੱਖ ਅਧਿਆਪਕ ਲੱਗ ਕੇ ਜੀਅ ਜਾਨ ਨਾਲ ਯੋਗਦਾਨ ਪਾਇਆ। ਜਦ ਕਾਨਪੁਰ ਵਿਚ ਭਿਆਨਕ ਹੜ੍ਹ ਆਇਆ ਤਾਂ ਉਸ ਨੇ ਅੱਗੇ ਲੱਗ ਕੇ ਹੜ੍ਹ ਪੀੜਤਾਂ ਦੀ ਸੇਵਾ ਅਤੇ ਸਹਾਇਤਾ ਕੀਤੀ।

ਰੂਸੀ ਇਨਕਲਾਬੀਆਂ ਦੀ ਜੀਵਨਸ਼ੈਲੀ ਅਤੇ ਕਾਰਜਸ਼ੈਲੀ ਤੋਂ ਉਹ ਬਲਿਹਾਰੇ ਜਾਂਦਾ ਸੀ। ਜਿਸ ਬਾਰੇ ਉਸ ਨੇ ਪ੍ਰਿੰਸ ਕ੍ਰੋਪਾਟਕਿਨ ਦੇ ਹਵਾਲੇ ਨਾਲ ਜੋ ਲਿਖਿਆ ਹੈ ਉਹ ਸਾਡੇ ਦੇਸ਼ ਵਿਚ ਮਜ਼ਦੂਰਾਂ ਅਤੇ ਗਰੀਬ ਲੋਕਾਂ ਦੇ ਸਿਰ 'ਤੇ ਸਿਆਸਤ ਕਰਨ ਵਾਲਿਆਂ ਨੂੰ ਵੀ ਹਲੂਣ ਦੇਣ ਵਾਲਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਜੇ ਅੱਜ ਕੱਲ੍ਹ ਵੀ ਝੁੱਗੀਆ ਝੌਂਪੜੀਆਂ ਦੀ ਗਿਣਤੀ ਵਧ ਰਹੀ ਹੈ ਤਾਂ ਉਸ ਲਈ ਉਨ੍ਹਾਂ ਦੇ ਸਿਰੋਂ ਸਿਆਸੀ ਰੋਟੀਆ ਸੇਕਣ ਵਾਲੇ ਉਨ੍ਹਾਂ ਦੇ ਅਖੌਤੀ ਨੁਮਾਇੰਦੇ ਬਰਾਬਰ ਦੇ ਨਹੀਂ ਸਗੋਂ ਵਧੇਰੇ ਜ਼ਿੰਮੇਵਾਰ ਹਨ। ਵੇਰਵਾ ਇਸ ਤਰ੍ਹਾਂ ਹੈ-

> **"ਰੂਸੀ ਕਿਸਾਨ ਕਿਸੇ ਵੀ ਸਫੇਦਪੋਸ਼ ਨੂੰ, ਜੋ ਨਾ ਹਲ਼ ਵਾਹੁੰਦਾ ਹੋਵੇ, ਨਾ ਕੋਹਾੜਾ ਚਲਾਉਂਦਾ ਹੋਵੇ, ਜਿਸ ਦੇ ਹੱਥਾਂ ਤੇ ਹਥੌੜਾ ਚਲਾਉਣ ਨਾਲ ਛਾਲੇ ਨਾ ਪਏ ਹੋਣ ਅਤੇ ਜਿਸ ਨੇ ਨਾ ਕਹੀ ਵਾਹੀ ਹੋਵੇ, ਉਸ ਨੂੰ ਆਪਣਾ ਦੁਸ਼ਮਣ ਸਮਝਦੇ ਸਨ। ਪਰ ਇਨਕਲਾਬੀਆਂ ਨੂੰ ਉਨ੍ਹਾਂ ਦੀ ਮੁਹੱਬਤ ਤੇ ਵਿਸ਼ਵਾਸ ਚਾਹੀਦਾ ਸੀ। ਇਸ ਕਰਕੇ ਉਨ੍ਹਾਂ ਦੇ ਨਾਲ ਮਿਹਨਤ ਕਰਨ ਅਤੇ ਉਨ੍ਹਾਂ ਵਾਂਗ ਰਹਿਣ ਦੀ ਲੋੜ ਸੀ। ਅੱਜ ਅਸੀਂ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਦੀਆਂ ਵਧ ਵਧ ਕੇ ਗੱਲਾਂ ਪਏ ਕਰਦੇ ਹਾਂ। ਕਿੰਨੇ ਕੁ ਆਦਮੀ ਇਸ ਤਰ੍ਹਾਂ ਸ਼ਹਿਰਾਂ ਨੂੰ ਛੱਡ ਕੇ ਪਿੰਡਾਂ ਵਾਲਿਆਂ ਵਾਂਗੂੰ ਗੰਦੇ ਮੰਦੇ ਰਹਿਣ ਨੂੰ ਤਿਆਰ ਹੋਣਗੇ? ਪਰ ਓਥੇ ਲੋਕਾਂ ਨੇ ਆਪਣੇ ਕਾਲਜ, ਪਲਟਨਾਂ ਅਤੇ ਕੁਰਸੀਆਂ ਛੱਡ ਦਿੱਤੀਆਂ। ਜੱਟਾਂ ਤੇ ਲੁਹਾਰਾਂ ਵਾਲੇ ਕੰਮ ਸਿੱਖ ਕੇ ਪਿੰਡਾਂ ਨੂੰ ਤੁਰ ਪਏ। ਉਹ! ਕਿੱਡੀ ਵੱਡੀ ਕੁਰਬਾਨੀ ਹੈ!! ਬੜੇ ਬੜੇ ਅਮੀਰ ਖ਼ਾਨਦਾਨਾਂ ਦੀਆਂ ਪਲ਼ੀਆਂ ਹੋਈਆਂ ਬੜੀਆਂ ਨਾਜ਼ੁਕ ਲੜਕੀਆਂ ਕਾਰਖਾਨਿਆਂ ਵਿੱਚ ਮਜ਼ਦੂਰੀ ਕਰਨ ਵਾਸਤੇ ਟੁਰ ਪਈਆਂ। ਦੂਸਰੇ ਮਜ਼ਦੂਰਾਂ ਵਾਂਗ ਘੁਰਨਿਆਂ ਵਿਚ ਸੌਂਦੀਆਂ, ਸੋਲ਼ਾਂ ਸੋਲ਼ਾਂ ਘੰਟੇ ਮਸ਼ੀਨ ਤੇ ਕੰਮ ਕਰਦੀਆਂ। ਨੰਗੇ ਪੈਰੀਂ ਦਰਿਆ ਤੋਂ ਘਰਾਂ ਜੋਗਾ ਪਾਣੀ ਲਿਆਉਂਦੀਆਂ। ਬਸ ਇੱਕੋ ਲਗਨ, ਇਕੋ ਧੁਨ ਵਿਚ ਮਸਤ ਸਨ। ਇਨ੍ਹਾਂ ਗਰੀਬਾਂ ਮਜ਼ਦੂਰਾਂ ਨੂੰ ਇਨ੍ਹਾਂ ਦੀ ਭੈੜੀ ਹਾਲਾਤ ਦਾ ਗਿਆਨ ਕਰਾਉਣਾ ਅਤੇ ਉਸ ਦਾ ਇਲਾਜ ਦੱਸਣਾ। ......ਰੂਸੀ ਯੁੱਗਗਰਦੀ ਦੀ ਦਾਦੀ ਕਹਾਉਣ ਵਾਲੀ ਸ਼੍ਰੀਮਤੀ ਕੈਥੇਰਾਈਨ ਬੜੀ ਅਮੀਰ ਤੇ ਖ਼ੂਬਸੂਰਤ ਔਰਤ ਸੀ। ਉਹ ਵੀ ਇਨ੍ਹਾਂ ਵਿਚ ਸ਼ਾਮਲ ਹੋਈ। ...ਅੱਜ ਐਸਾ ਕਰ ਸਕਣ ਦੀ ਹਿੰਮਤ ਕਰ ਸਕਣ ਵਾਲੇ ਕਿੰਨੇ**

*Original with;*
Jaswant Singh Zafar
*Digitized by;*
Panjab Digital Library

**ਕੁ ਆਦਮੀ ਹਿੰਦੋਸਤਾਨ ਵਿਚ ਮੌਜੂਦ ਹਨ?"**

ਭਗਤ ਸਿੰਘ ਦਾ ਇਹ ਸਵਾਲ ਆਜ਼ਾਦੀ ਸੰਗਰਾਮ ਦੇ ਮੋਹਰੀਆਂ ਲਈ ਹੀ ਨਹੀਂ ਸਗੋਂ ਅੱਜ ਕੱਲ੍ਹ ਮਜ਼ਦੂਰਾਂ ਦੇ ਹਰੇਕ 'ਹਮਦਰਦ', ਗਰੀਬਾਂ ਦੇ ਹਰ 'ਮਸੀਹੇ', ਹਰ ਟਰੇਡ ਯੂਨੀਅਨ ਆਗੂ ਅਤੇ ਭਗਤ ਸਿੰਘ ਦੇ ਸੁਪਨਿਆ ਨੂੰ ਸਾਕਾਰ ਕਰਨ ਦੇ ਹਰ 'ਦਾਅਵੇਦਾਰ' ਲਈ ਚਣੌਤੀ ਹੈ।

ਉਹ ਜਾਤ ਪਾਤ ਅਧਾਰਿਤ ਸਮਾਜਿਕ ਪ੍ਰਬੰਧ ਦੇ ਬਹੁਤ ਖਿਲਾਫ਼ ਸੀ। ਉਸ ਦੀ ਦਲੀਲ ਸੀ ਕਿ ਜਦ ਤੱਕ ਅਸੀਂ ਕੁਝ ਜਾਤਾਂ ਦੇ ਲੋਕਾਂ ਨੂੰ ਨੀਵੇਂ ਸਮਝਦੇ ਹਾਂ, ਉਨ੍ਹਾਂ ਨੂੰ ਸਮਾਜਿਕ ਤੌਰ ਤੇ ਪਿਛਾੜ ਕੇ ਰੱਖਦੇ ਹਾਂ ਅਤੇ ਕਈ ਵਾਰੀ ਤਾਂ ਉਨ੍ਹਾਂ ਨਾਲ ਪਸ਼ੂਆਂ ਤੋਂ ਭੈੜਾ ਸਲੂਕ ਕਰਦੇ ਹਾਂ ਤਾਂ ਸਾਨੂੰ ਅੰਗਰੇਜ਼ਾਂ ਤੋਂ ਆਪਣੀ ਬਰਾਬਰੀ ਅਤੇ ਆਜ਼ਾਦੀ ਦੀ ਮੰਗ ਕਰਨ ਦਾ ਕੀ ਨੈਤਿਕ ਅਧਿਕਾਰ ਹੈ?

ਭਗਤ ਸਿੰਘ ਜਜ਼ਬਿਆਂ ਤੋਂ ਕੋਰੀ ਖੁਸ਼ਕ ਸ਼ਖ਼ਸੀਅਤ ਦਾ ਮਾਲਕ ਨਹੀਂ ਸਗੋਂ ਮਾਨਵੀ ਸੰਵੇਦਨਾ ਅਤੇ ਜਜ਼ਬਿਆਂ ਦੀ ਤਰਲਤਾ ਨਾਲ ਗੜੁੱਚ ਸੀ। ਫਾਂਸੀ ਤੋਂ 20 ਦਿਨ ਪਹਿਲਾਂ 3 ਮਾਰਚ 1931 ਨੂੰ ਆਪਣੇ ਭਰਾ ਕੁਲਬੀਰ ਸਿੰਘ ਨੂੰ ਖ਼ਤ ਲਿਖਿਆ-

> **"ਅਹਿਸਤਾ ਅਹਿਸਤਾ ਮਿਹਨਤ ਨਾਲ ਪੜ੍ਹਦੇ ਜਾਣਾ। ਅਗਰ ਕੋਈ ਕੰਮ ਸਿੱਖੋ ਤਾਂ ਬਿਹਤਰ ਹੋਵੇਗਾ। ਪਰ ਸਭ ਕੁਝ ਪਿਤਾ ਜੀ ਦੀ ਸਲਾਹ ਨਾਲ ਕਰਨਾ। ਜਿਥੋਂ ਤੱਕ ਹੋ ਸਕੇ ਪਿਆਰ ਨਾਲ ਸਾਰੇ ਜਣੇ ਗੁਜ਼ਾਰਾ ਕਰਨਾ। ਇਸ ਤੋਂ ਬਿਨਾਂ ਕੀ ਕਹਾਂ? ਜਾਣਦਾ ਹਾਂ ਕਿ ਅੱਜ ਤੁਹਾਡੇ ਦਿਲ ਵਿੱਚ ਗ਼ਮ ਦਾ ਸਮੁੰਦਰ ਠਾਠਾਂ ਮਾਰ ਰਿਹਾ ਹੈ। ਤੁਹਾਡੀ ਗੱਲ ਸੋਚ ਕੇ ਮੇਰੀਆਂ ਅੱਖਾਂ ਵਿਚ ਹੰਝੂ ਆ ਰਹੇ ਹਨ।"**

ਇਸੇ ਤਰ੍ਹਾਂ ਦਾ ਖ਼ਤ ਦੂਸਰੇ ਭਰਾ ਕੁਲਤਾਰ ਸਿੰਘ ਨੂੰ ਲਿਖਿਆ -

> **"ਅੱਜ ਤੁਹਾਡੀਆਂ ਅੱਖਾਂ ਵਿਚ ਹੰਝੂ ਦੇਖ ਕੇ ਬਹੁਤ ਦੁੱਖ ਹੋਇਆ। ਅੱਜ ਤੁਹਾਡੀਆਂ ਗੱਲਾਂ ਵਿਚ ਬਹੁਤ ਦਰਦ ਸੀ, ਤੁਹਾਡੇ ਹੰਝੂ ਮੇਰੇ ਤੋਂ ਸਹਿਣ ਨਹੀਂ ਹੁੰਦੇ।"**

ਉਹ ਕਿਸੇ ਹਉਮੈ ਜਾਂ ਹਿੰਡ ਦੇ ਆਸਰੇ ਅਜਿਹੀ ਸ਼ਹੀਦੀ ਦੇ ਮੁਕਾਮ ਦਾ ਭਾਗੀ ਨਹੀਂ ਬਣਿਆ ਸਗੋਂ ਗਹਿਰੀ ਵੇਦਨਾ ਅਤੇ ਕਾਵਿਕ ਊਰਜਾ ਉਸਦੇ ਅੰਗ ਸੰਗ ਸੀ। ਜਦ ਜੇਲ ਵਿਚ ਪੁਰਾਣੇ ਗਦਰੀਆਂ ਦੇ ਸਾਥੀ ਭਾਈ ਰਣਧੀਰ ਸਿੰਘ ਨੇ ਇਹ ਕਹਿ ਕੇ ਉਸ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਕਿ ਭਗਤ ਸਿੰਘ ਦੇ ਕੇਸ ਕੱਟੇ ਹੋਏ ਹਨ ਤਾਂ ਭਗਤ ਸਿੰਘ ਦਾ ਜਵਾਬ ਤਰਕਸ਼ੀਲਤਾ ਨਾਲੋਂ ਵਧੇਰੇ ਲਰਜ਼ਦੀ ਕਾਵਿਕਤਾ ਨਾਲ ਲਬਰੇਜ਼ ਸੀ-

> **"ਮੈਂ ਸਿੱਖੀ ਦੀ ਬੰਦ ਬੰਦ ਕਟਵਾਉਣ ਦੀ ਰਵਾਇਤ ਦਾ ਕਾਇਲ ਹਾਂ, ਅਜੇ ਤਾਂ ਮੈਂ ਇਕ ਬੰਦ ਕਟਵਾਇਆ ਹੈ, ਉਹ ਵੀ ਪੇਟ ਲਈ ਨਹੀਂ ਦੇਸ਼ ਲਈ, ਜਲਦੀ ਹੀ ਗਰਦਣ ਵੀ ਕਟਵਾਵਾਂਗਾ।"**

ਜਿਥੇ ਉਸ ਨੂੰ ਇਸ ਗੱਲ ਦਾ ਅਥਾਹ ਹੌਸਲਾ ਸੀ ਕਿ ਉਹ ਹੱਸਦਿਆਂ ਹੱਸਦਿਆਂ

*Original with;*
Jaswant Singh Zafar
*Digitized by;*
Panjab Digital Library

ਫਾਂਸੀ ਚੜ੍ਹ ਕੇ ਵਿਲੱਖਣ ਢੰਗ ਨਾਲ ਕਰੋੜਾਂ ਭਾਰਤੀ ਨੌਜਵਾਨਾਂ ਤੱਕ ਇਨਕਲਾਬ ਦੇ ਮਹੱਤਵ ਅਤੇ ਉਦੇਸ਼ ਦਾ ਸੁਨੇਹਾ ਪਹੁੰਚਾ ਕੇ ਉਨ੍ਹਾਂ ਦਾ ਰਾਹ ਰੁਸ਼ਨਾ ਸਕੇਗਾ ਉਥੇ ਉਸ ਨੂੰ ਇਸ ਗੱਲ ਦਾ ਉਦਰੇਵਾਂ ਸੀ–

> **"ਦੇਸ਼ ਅਤੇ ਇਨਸਾਨੀਅਤ ਲਈ ਜੋ ਕੁਝ ਕਰਨ ਦੀਆਂ ਹਸਰਤਾਂ ਮੇਰੇ ਦਿਲ ਵਿਚ ਸਨ, ਉਨ੍ਹਾਂ ਦਾ ਹਜ਼ਾਰਵਾਂ ਹਿੱਸਾ ਵੀ ਪੂਰਾ ਨਹੀਂ ਕਰ ਸਕਿਆ। ਜੇ ਜਿਉਂਦਾ ਰਹਿ ਸਕਦਾ ਤਾਂ ਸਾਇਦ ਇਨ੍ਹਾਂ ਨੂੰ ਪੂਰਾ ਕਰਨ ਦਾ ਮੌਕਾ ਮਿਲਦਾ ਅਤੇ ਮੈਂ ਆਪਣੀਆਂ ਹਸਰਤਾਂ ਪੂਰੀਆਂ ਕਰ ਸਕਦਾ।"**

ਭਗਤ ਸਿੰਘ ਦੇ ਇਸ ਉਦਰੇਵੇਂ ਦਾ ਵੀ ਉਸਦੀ ਬਹਾਦਰੀ ਜਿੰਨਾ ਹੀ ਮਹੱਤਵ ਹੈ। ਸ਼ਾਇਦ ਉਸ ਤੋਂ ਵੀ ਵੱਧ। ਜਿਥੇ ਉਸ ਦੀ ਸ਼ਹੀਦੀ ਇਕ ਰੌਸ਼ਨੀ ਹੈ ਉਥੇ ਉਸਦਾ ਉਦਰੇਵਾਂ ਇਸ ਰੌਸ਼ਨੀ ਆਸਰੇ ਅੱਗੇ ਤੁਰਨ ਦਾ ਰਸਤਾ ਹੈ। ਉਸ ਦੀਆਂ ਹਸਰਤਾਂ ਨੂੰ ਅਪਣਾਏ ਬਗੈਰ ਅਸੀਂ ਭਗਤ ਸਿੰਘ ਦੇ ਵਾਰਿਸ ਹੋਣ ਦਾ ਹੋਰ ਕਿੰਨਾ ਚਿਰ ਪਾਖੰਡ ਕਰਦੇ ਰਹਾਂਗੇ? ਅਸੈਂਬਲੀ ਬੰਬ ਕਾਂਡ ਦੇ ਸਾਥੀ ਬੀ. ਕੇ. ਦੱਤ ਨੂੰ ਭਗਤ ਸਿੰਘ ਨੇ ਲਾਹੌਰ ਜੇਲ 'ਚੋਂ ਖ਼ਤ ਲਿਖਿਆ ਸੀ–

> **"ਮੈਨੂੰ ਫਾਂਸੀ ਦੀ ਅਤੇ ਤੈਨੂੰ ਉਮਰ ਕੈਦ ਦੀ ਸਜ਼ਾ ਮਿਲੀ ਹੈ। ਤੂੰ ਜਿਉਂਦਾ ਰਹੇਂਗਾ ਅਤੇ ਜਿਉਂਦਾ ਰਹਿ ਕੇ ਦੁਨੀਆਂ ਨੂੰ ਇਹ ਦਿਖਾਉਣਾ ਹੈ ਕਿ ਇਨਕਲਾਬੀ ਆਪਣੇ ਆਦਰਸ਼ਾਂ ਲਈ ਸਿਰਫ਼ ਮਰ ਹੀ ਨਹੀਂ ਸਕਦੇ ਸਗੋਂ ਜਿਉਂਦੇ ਰਹਿ ਕੇ ਹਰ ਮੁਸੀਬਤ ਦਾ ਮੁਕਾਬਲਾ ਵੀ ਕਰ ਸਕਦੇ ਹਨ। ਮੌਤ ਦੁਨਿਆਵੀ ਔਖਿਆਈਆਂ ਤੋਂ ਛੁਟਕਾਰਾ ਪਾਉਣ ਦਾ ਸਾਧਨ ਨਹੀਂ ਹੋਣੀ ਚਾਹੀਦੀ।"**

ਅਸੀਂ ਭਗਤ ਸਿੰਘ ਦੇ ਵਿਸ਼ਲੇਸ਼ਣੀ ਅਧਿਅਨ, ਸਿਧਾਂਤਕ ਸਮਝ, ਸੰਵੇਦਨਸ਼ੀਲ ਮਨ, ਸਮਾਜਕ ਕਾਰਜਸ਼ੀਲਤਾ, ਇਖਲਾਕੀ ਉੱਚਤਾ ਆਦਿ ਸਭ ਕਾਸੇ ਨੂੰ ਪਾਸੇ ਰੱਖ ਕੇ ਸਿਰਫ਼ ਦੋ ਖੜ੍ਹੀਆਂ ਮੁੱਛਾਂ ਨੂੰ ਹੀ ਭਗਤ ਸਿੰਘ ਜਾਣ ਲਿਆ ਹੈ। ਸਾਂਡਰਸ ਦੇ ਕਤਲ ਤੋਂ ਬਾਅਦ ਲਾਹੌਰ ਤੋਂ ਨਿਕਲ ਕੇ ਕਲਕੱਤੇ ਜਾਣ ਲਈ ਅੰਗਰੇਜ਼ਾਂ ਵਰਗੇ ਬਣਾਏ ਨਕਲੀ ਸਾਹਬੀ ਭੇਸ ਨੂੰ ਹੀ ਅਸੀਂ ਉਸ ਦਾ ਸਥਾਈ ਬਿੰਬ ਬਣਾ ਲਿਆ ਹੈ। ਇਸ ਤਰ੍ਹਾਂ ਅਸੀਂ ਆਪਣੀ ਫੁਕਰਾ ਪੰਥੀ ਨੂੰ ਭਗਤ ਸਿੰਘ ਦੀ ਮਹਾਨਤਾ ਨਾਲ ਜੋੜਨ ਦਾ ਅਚੇਤ ਸਚੇਤ ਆਹਰ ਕਰਦੇ ਹਾਂ। ਕਾਲਜ ਦੇ ਦਿਨਾਂ ਵਿਚ ਤਾਂ ਉਹ ਬਹੁਤ ਸੰਗਾਊ ਕਿਸਮ ਦਾ ਅਤੇ ਆਪਣੇ ਵਿਚਾਰਾਂ ਵਿਚ ਗੁੰਮ ਰਹਿਣ ਵਾਲਾ ਮੁੰਡਾ ਸੀ ਹੀ। ਮਗਰੋਂ ਵੀ ਮੁੱਛਾਂ ਖੜ੍ਹੀਆਂ ਕਰਨਾ ਉਸ ਸਮੇਤ ਇਨਕਲਾਬੀਆਂ ਦਾ ਸ਼ੌਕ ਨਹੀਂ ਸੀ। ਮੁਗਲ ਸ਼ੈਲੀ ਵਿਚ ਬਣੇ ਗੁਰੂ ਗੋਬਿੰਦ ਸਿੰਘ ਦੇ ਪੁਰਾਣੇ ਚਿਤਰਾਂ ਵਿਚ ਉਨ੍ਹਾਂ ਦੀਆਂ ਮੁੱਛਾਂ ਖੜ੍ਹੀਆਂ ਨਹੀਂ ਦਿਖਾਈਆਂ ਗਈਆਂ। ਮਹਾਰਾਜਾ ਰਣਜੀਤ ਸਿੰਘ ਅਤੇ ਹਰੀ ਸਿੰਘ ਨਲੂਆ ਹੋਰਾਂ ਦੀ ਕੈਮਰੇ ਦੀ ਇਕੋ ਇਕ ਤਸਵੀਰ ਕੁਝ ਵਰ੍ਹੇ ਪਹਿਲਾਂ ਨਸ਼ਰ ਹੋਈ ਸੀ। ਉਸ ਵਿਚ ਵੀ ਦੋਹਾਂ ਯੋਧਿਆਂ ਨੇ ਆਪਣੀਆ ਮੁੱਛਾਂ ਨੂੰ ਕੋਈ ਖੇਚਲ ਨਹੀਂ ਸੀ ਦਿੱਤੀ ਹੋਈ। ਬਾਬਾ ਸੋਹਣ ਸਿੰਘ ਭਕਨਾ, ਸ. ਅਜੀਤ ਸਿੰਘ, ਬਾਬਾ ਗੁਰਦਿੱਤ

*Original with;*
Jaswant Singh Zafar
*Digitized by;*
Panjab Digital Library

ਸਿੰਘ, ਭਾਈ ਰਣਧੀਰ ਸਿੰਘ ਸਮੇਤ ਸਾਰੇ ਪੁਰਾਣੇ ਦੇਸ਼ ਭਗਤਾਂ ਦੀਆਂ ਤਸਵੀਰਾਂ ਦੇਖੀਏ ਤਾਂ ਸਿਰਫ਼ ਉਨ੍ਹਾਂ ਦੀਆਂ ਮੁੱਛਾਂ ਖੜ੍ਹੀਆਂ ਦਿਸਣਗੀਆਂ ਜੋ ਕਦੇ ਅੰਗਰੇਜ਼ੀ ਫੌਜ ਵਿੱਚ ਰਹੇ ਸਨ। ਅੰਗਰੇਜ਼ੀ ਫੌਜ ਵਿੱਚ ਸਿੱਖਾਂ ਲਈ ਜਾਲੀ ਪਾ ਕੇ ਦਾਹੜੀ ਬੰਨ੍ਹਣਾ ਅਤੇ ਮੁੱਛਾਂ ਖੜ੍ਹੀਆਂ ਰੱਖਣਾ ਫੌਜੀ ਕੰਡਕਟ ਦਾ ਹਿੱਸਾ ਸੀ। ਚਿੱਤਰਕਾਰ ਸੋਭਾ ਸਿੰਘ ਵੀ ਫੌਜ ਵਿੱਚ ਰਹੇ ਸਨ। ਉਨ੍ਹਾਂ ਆਪਣੇ ਅਫ਼ਸਰਾਂ ਦੇ ਰੋਹਬ ਨੂੰ ਖੜ੍ਹੀਆਂ ਮੁੱਛਾਂ ਦੇ ਰੂਪ ਵਿੱਚ ਹੀ ਤੱਕਿਆ ਸੀ। ਨਤੀਜੇ ਵਜੋਂ ਉਨ੍ਹਾਂ ਨੇ ਆਪਣੇ ਚਿੱਤਰਾਂ ਵਿਚ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਗੋਬਿੰਦ ਸਿੰਘ ਆਦਿ ਦੀ ਬੀਰਤਾ ਨੂੰ ਖੜ੍ਹੀਆਂ ਮੁੱਛਾਂ ਦੇ ਰੂਪ ਵਿਚ ਚਿਤਰਨਾ ਸ਼ੁਰੂ ਕੀਤਾ। ਇਨ੍ਹਾਂ ਚਿੱਤਰਾਂ ਨੂੰ ਸਾਡੀ ਬੁੱਤ ਪੂਜਕ ਪ੍ਰਵਿਰਤੀ ਨੇ ਬੜਾ ਸਵੀਕਾਰਿਆ। ਜਦ ਕਿ ਕਿਸੇ ਪੱਖੋਂ ਸ਼ਕਤੀਸ਼ਾਲੀ ਆਦਮੀ ਨੂੰ ਮੁੱਛਾਂ ਖੜ੍ਹੀਆਂ ਕਰਕੇ ਸ਼ਕਤੀ ਪ੍ਰਦਰਸ਼ਨ ਦੀ ਲੋੜ ਨਹੀਂ ਹੁੰਦੀ। ਰਾਜਨੀਤਕਾਂ ਵਿਚ ਮਾਸਟਰ ਤਾਰਾ ਸਿੰਘ, ਸ. ਪ੍ਰਤਾਪ ਸਿੰਘ ਕੈਰੋਂ, ਸ. ਹੁਕਮ ਸਿੰਘ, ਸ. ਸਵਰਨ ਸਿੰਘ, ਸੰਤ ਹਰਚੰਦ ਸਿੰਘ ਲੌਂਗੋਵਾਲ, ਗਿਆਨੀ ਜ਼ੈਲ ਸਿੰਘ, ਕਾ. ਹਰਕਿਸ਼ਨ ਸਿੰਘ ਸੁਰਜੀਤ, ਸ. ਬੇਅੰਤ ਸਿੰਘ, ਸ. ਪ੍ਰਕਾਸ਼ ਸਿੰਘ ਬਾਦਲ, ਡਾ. ਮਨਮੋਹਨ ਸਿੰਘ ਅਦਿ ਨੇ ਕਦੇ ਮੁੱਛਾਂ ਤੇ ਜ਼ੋਰ ਨਹੀਂ ਲਾਇਆ। ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ ਅਤੇ ਸ. ਨਾਨਕ ਸਿੰਘ ਤੋਂ ਲੈ ਕੇ ਸੁਰਜੀਤ ਪਾਤਰ ਤੱਕ ਚੋਟੀ ਦੇ ਲਿਖਾਰੀਆਂ ਨੂੰ ਆਪਣੀਆਂ ਮੁੱਛਾਂ ਨਾਲ ਅਜਿਹੀ ਬੇਲੋੜੀ ਜ਼ਿਆਦਤੀ ਨਹੀਂ ਕਰਨੀ ਪਈ। ਹੋਰ ਤਾਂ ਹੋਰ ਗਰਮ ਖਿਆਲੀਏ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਵੀ ਅਜਿਹਾ ਕਦੇ ਨਹੀਂ ਕੀਤਾ। ਭਗਤ ਪੂਰਨ ਸਿੰਘ ਵਰਗੇ ਕਰਮਯੋਗੀ ਨੇ ਤਾਂ ਅਜਿਹਾ ਕਰਨਾ ਹੀ ਕੀ ਸੀ। ਕਹਿਣ ਤੋਂ ਭਾਵ ਸ਼ਹੀਦ ਭਗਤ ਸਿੰਘ ਨੂੰ ਖੜ੍ਹੀਆਂ ਮੁੱਛਾਂ ਵਾਲੇ ਨਕਲੀ ਬਿੰਬ ਤੋਂ ਮੁਕਤ ਕਰਾਉਣਾ ਬਹੁਤ ਜ਼ਰੂਰੀ ਹੈ। ਕਿਉਂਕਿ ਇਹ ਨਕਲੀ ਬਿੰਬ ਭਗਤ ਸਿੰਘ ਦੇ ਅਸਲ ਨੂੰ ਜਾਨਣ ਅਤੇ ਸਮਝਣ ਵਿਚ ਵੱਡਾ ਅੜਿੱਕਾ ਪਾਉਂਦਾ ਹੈ। ਕਈ ਚਿੱਤਰਕਾਰਾਂ ਨੇ ਤਾਂ ਉਸ ਦੀਆ ਮੁੱਛਾਂ ਨੂੰ ਲੰਮੀਆਂ ਤੇ ਭਰਵੀਆਂ ਕਰਦਿਆਂ ਉਸ ਦੀ ਉਮਰ ਹੀ ਅਸਲ ਨਾਲੋਂ ਡੂਢੀ ਦੂਣੀ ਕਰ ਛੱਡੀ। ਅੱਜ ਕੱਲ੍ਹ ਭਗਤ ਸਿੰਘ ਦਾ ਜੋ ਪੋਸਟਰ ਬਹੁਤ ਪ੍ਰਚੱਲਤ ਹੈ ਉਸ ਵਿੱਚ ਉਸ ਨੂੰ ਅਸ਼ੋਕ ਚੱਕਰ ਵਾਲਾ ਵੱਡਾ ਸਾਰਾ ਤਿਰੰਗਾ ਝੰਡਾ ਚੁੱਕੀ ਦਰਸਾਇਆ ਹੋਇਆ ਹੈ ਜਦ ਕਿ ਰਾਸ਼ਟਰੀ ਝੰਡੇ ਦਾ ਇਹ ਵਰਤਮਾਨ ਸਰੂਪ ਭਗਤ ਸਿੰਘ ਦੀ ਸ਼ਹੀਦੀ ਤੋਂ ਇੱਕ ਦਹਾਕੇ ਤੋਂ ਵੀ ਵੱਧ ਸਮਾਂ ਮਗਰੋਂ ਹੋਂਦ ਵਿੱਚ ਆਇਆ ਸੀ। ਜਿੰਨੀ ਹੂੜ੍ਹ-ਮੱਤ ਅਤੇ ਗੈਰ-ਜ਼ਿੰਮੇਵਾਰੀ ਦਾ ਪ੍ਰਦਰਸ਼ਨ ਇਨ੍ਹਾਂ ਪੋਸਟਰੀ ਚਿੱਤਰ ਬਣਾਉਣ ਵਾਲੇ ਪੰਜਾਬੀ ਚਿਤਰਕਾਰਾਂ ਨੇ ਕੀਤਾ ਸ਼ਾਇਦ ਹੋਰ ਕਿਸੇ ਵਰਗ ਨੇ ਨਹੀਂ ਕੀਤਾ। ਸ਼ਹੀਦ ਭਗਤ ਸਿੰਘ ਦੇ ਅਕਸ ਨੂੰ ਵਿਗਾੜਨ ਦੀ ਰਹਿੰਦੀ ਕਸਰ ਲੱਤਾਂ ਚੌੜੀਆਂ ਕਰਕੇ ਖੜ੍ਹਨ ਅਤੇ ਉਸ ਦੀਆਂ ਵਾਰਾਂ ਗਾਉਣ ਵਾਲੇ ਪੰਜਾਬੀ ਦੇ ਫੁਕਰੇ ਗਾਇਕ ਪੂਰੀ ਕਰ ਰਹੇ ਹਨ।

*Original with;*
Jaswant Singh Zafar
*Digitized by;*
Panjab Digital Library

# ਨੂਰਪੁਰੀ ਨੂੰ ਚੇਤੇ ਕਰਦਿਆਂ

ਜੂਨ 1906 ਵਿਚ ਪੈਦਾ ਹੋਏ ਨੰਦ ਲਾਲ ਨੂਰਪੁਰੀ ਦੀ 2006 ਵਿਚ ਜਨਮ ਸ਼ਤਾਬਦੀ ਸੀ। ਚਾਲੀ ਸਾਲ ਤੋਂ ਉਪਰ ਹੋ ਗਏ ਨੂਰਪੁਰੀ ਨੂੰ ਇਸ ਸੰਸਾਰ ਤੋਂ ਸਰੀਰਕ ਤੌਰ ਤੇ ਗਿਆਂ। ਉਦੋਂ ਉਹ ਸੱਠਾਂ ਸਾਲਾਂ ਦਾ ਸੀ ਜਦ ਉਹ ਸਾਡੀ ਸਮਾਜਿਕ-ਆਰਥਿਕ ਵਿਵਸਥਾ ਅਤੇ ਰਾਜ ਪ੍ਰਬੰਧ ਦੀ ਕਰੂਰਤਾ ਤੋਂ ਸਤਿਆ ਨਿਰਾਸ਼ ਹੋਇਆ ਰੁੱਸ ਕੇ ਤੁਰ ਗਿਆ ਸੀ। ਨੰਦ ਲਾਲ ਨੂਰਪੁਰੀ ਦੀ ਸ਼ਾਇਰੀ ਨੂੰ ਮਾਨਣਾ ਪੰਜਾਬੀ ਹੁਸਨ ਅਤੇ ਜੋਸ਼ ਦੇ ਵਗਦੇ ਦਰਿਆ ਕਿਨਾਰੇ ਬੈਠਣ ਵਾਂਗ ਹੈ। ਉਸ ਨੇ ਪੰਜਾਬੀ ਗੱਭਰੂਆਂ ਤੇ ਮੁਟਿਆਰਾਂ ਨੂੰ ਪਿਆਰ, ਕਿਰਤ ਅਤੇ ਦੇਸ਼ ਪ੍ਰੇਮ ਦੀ ਤ੍ਰੈਮੂਰਤੀ ਦੇ ਰੂਪ ਵਿਚ ਸਿਰਜਿਆ-

**ਕੰਮ ਤੇਰੇ ਕਾਮਿਆਂ ਜਵਾਨ ਕਿੱਡੇ ਹੋ ਗਏ**
**ਕਾਰਖਾਨੇ ਮਿੱਲਾਂ ਤੇਰੇ ਜ਼ੋਰ ਤੇ ਖਲੋ ਗਏ**
**ਆਏ ਜਾਂ ਤੁਫ਼ਾਨ ਤੂੰ ਹਜ਼ਾਰ ਵਾਰ ਠੱਲੇ**

**ਕੀਤੀਆਂ ਗੋਡੀਆਂ ਲੱਗੀਆਂ ਡੋਡੀਆਂ**
**ਖਿੜੇ ਕਪਾਹ ਦੇ ਹਾਸੇ**
**ਜੱਟੀ ਦੀ ਜਵਾਨੀ ਸਾਂਭੀ ਨਾ ਜਾਵੇ**
**ਤੁਰਦੀ ਮਾਰ ਕੇ ਪਾਸੇ**
**ਤਾਰਾ ਮੀਰਾ ਤੋੜਦੀ ਫਿਰਾਂ**

**ਸੂਰਜ ਦੀ ਧੁੱਪੇ ਕਿਤੇ ਤਾਰਿਆਂ ਦੀ ਲੋਏ**
**ਚਾਨਣਾ ਤੁਹਾਡੀਆਂ ਜਵਾਨੀਆਂ ਦਾ ਹੋਏ**
**ਹਿੰਮਤਾਂ ਦੇ ਨਾਲ ਦੇਸ਼ ਆਪਣਾ ਸ਼ਿੰਗਾਰੋ**
**ਹੋਰ ਹੱਲਾ ਮਾਰੋ ਸ਼ੇਰੋ ਹੋਰ ਹੱਲਾ ਮਾਰੋ**

**ਨੀ ਤੇਰੇ ਧੁੱਪ ਵਿੱਚ ਜਾਂਦੀ ਦੇ**
**ਧੌਣ ਉੱਤੇ ਆ ਨੀ ਗਏ**
**ਕੋਈ ਮੁੜ੍ਹਕੇ ਚਾਂਦੀ ਦੇ**

ਵਰਤਮਾਨ ਦੌਰ ਵਿਚ ਮੀਡੀਏ ਦੁਆਰਾ ਲੱਚਰ ਦ੍ਰਿਸ਼ਾਂ ਸਹਿਤ ਜਿਸ ਤਰ੍ਹਾਂ

*Original with;*
Jaswant Singh Zafar
*Digitized by;*
Panjab Digital Library

ਦੀ ਗੀਤਕਾਰੀ ਸੰਚਾਰੀ, ਪਸਾਰੀ ਅਤੇ ਪ੍ਰਚਾਰੀ ਜਾ ਰਹੀ ਹੈ ਉਹ ਪੰਜਾਬੀ ਨੌਜਵਾਨ ਨੂੰ ਵਿਹਲੜ, ਬਲਾਤਕਾਰੀ, ਫੁਕਰੇ ਤੇ ਨਸ਼ੱਈ ਦੇ ਰੂਪ ਵਿਚ ਬਿਆਨਦੀ ਹੀ ਨਹੀਂ ਸਗੋਂ ਸਿਰਜਦੀ ਵੀ ਹੈ। ਪਰ ਨੂਰਪੁਰੀ ਦੇ ਗੀਤਾਂ ਵਿਚਲਾ ਨੌਜਵਾਨ ਸਰੀਰਕ, ਮਾਨਸਿਕ ਅਤੇ ਆਤਮਿਕ ਤੌਰ ਤੇ ਬਹੁਤ ਬਲਵਾਨ ਹੈ। ਉਸ ਦੇ ਅਮਰ ਗੀਤਾਂ ਨੂੰ ਗਾ ਕੇ ਹਰਚਰਨ ਗਰੇਵਾਲ, ਆਸਾ ਸਿੰਘ ਮਸਤਾਨਾ, ਪ੍ਰਕਾਸ਼ ਕੌਰ, ਸੁਰਿੰਦਰ ਕੌਰ ਆਦਿ ਨੇ ਆਪਣੀ ਅਮਰਤਾ ਨੂੰ ਯਕੀਨੀ ਬਣਾਇਆ-

- **ਦਾਤਾ ਦੀਆ ਬੇਪਰਵਾਹੀਆਂ ਤੋਂ ਓਏ ਬੇਪਰਵਾਹਾ ਡਰਿਆ ਕਰ**
- **ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ**
- **ਗੋਰੀ ਦੀਆਂ ਝਾਂਜਰਾਂ ਬਲੌਂਦੀਆਂ ਗਈਆਂ**
- **ਚੰਨ ਵੇ ਕਿ ਸ਼ੌਂਕਣ ਮੇਲੇ ਦੀ**
- **ਨੀ ਮੈਨੂੰ ਦਿਓਰ ਦੇ ਵਿਆਹ ਵਿਚ ਨੱਚ ਲੈਣ ਦੇ**
- **ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ**
- **ਕਿੱਥੇ ਮਾਤਾ ਤੋਰਿਆ ਅਜੀਤ ਤੇ ਜੁਝਾਰ ਨੂੰ**

ਨੂਰਪੁਰੀ ਨੇ ਆਪਣੇ ਗੀਤਾਂ ਵਿਚ ਮੁਹੱਬਤ ਦਾ ਗੂੜਾ ਰੰਗ ਸੁੱਚਤਾ ਤੇ ਪਵਿਤਰਤਾ ਦੇ ਪ੍ਰਸੰਗ ਵਿੱਚ ਵਰਤਿਆ। ਇਹ ਰੰਗ ਕਾਮ ਉਕਸਾਊ ਨਹੀਂ। ਉਸ ਨੇ ਔਰਤ ਦੇ ਪੱਟਾਂ ਦੇ ਹਵਾਲੇ ਨਾਲ ਗੱਲ ਕਰਦਿਆਂ ਵੀ ਅਸ਼ਲੀਲਤਾ ਨੂੰ ਨੇੜੇ ਫੜਕਣ ਨਾ ਦਿੱਤਾ-

**ਮੱਘੇ ਵਿੱਚ ਲੱਸੀ ਉੱਤੇ ਛਿੱਕੂ ਰੋਟੀਆਂ**
**ਬੂਰੀ ਦੀਆਂ ਧੀਆਂ ਅੱਗੇ ਪੰਜ ਝੋਟੀਆਂ**
**ਰੁੱਖਾਂ ਹੇਠ ਬੈਠ ਅਸੀ ਬੇੜ ਵੱਟੀਏ**
**ਸਿਖਰ ਦੁਪਹਿਰ ਕਿੱਥੇ ਜਾਵੇਂ ਜੱਟੀਏ**
**ਕਣਕਾਂ ਚ ਮਾਰਦੇ ਖੰਘੂਰੇ ਜੱਟ ਨੀ**
**ਦੂਰ ਤੇਰਾ ਖੇਤ ਧੰਨ ਤੇਰੇ ਪੱਟ ਨੀ**

ਨੂਰਪੁਰੀ ਦੇ ਕਾਵਿ ਨਾਇਕ ਅਤੇ ਨਾਇਕਾ ਕੋਈ 'ਆਵਾਰਾ ਆਸ਼ਕ' ਜਾਂ 'ਲਾਵਾਰਿਸ ਮਾਸ਼ੂਕ' ਨਹੀਂ ਸਨ ਸਗੋਂ ਆਪਣੇ ਪਰਿਵਾਰ, ਸਮਾਜ, ਸੱਭਿਆਚਾਰ ਅਤੇ ਦੇਸ਼ ਨਾਲ ਸਹਿ-ਸੁਭਾਅ ਜੁੜੇ ਹੋਏ ਸਨ। ਨਾਲ ਹੀ ਨੂਰਪੁਰੀ ਇਸਤਰੀ-ਪੁਰਸ਼ ਦੇ ਸਿਹਤਮੰਦ ਸਬੰਧਾਂ ਅਤੇ ਇਨ੍ਹਾਂ ਦੇ ਭਰਵੇਂ ਪ੍ਰਗਟਾਵੇ ਦਾ ਹਾਮੀ ਸੀ। ਉਹ ਉਸ ਜ਼ਮਾਨੇ ਵਿਚ ਵੀ ਵਿਆਹ ਦੀ ਸੰਸਥਾ ਨੂੰ ਸਮਾਜਿਕ ਬੰਧਨ ਦੀ ਬਜਾਏ ਪ੍ਰੇਮ-ਸਬੰਧ ਦੇ ਰੂਪ ਵਿਚ ਚਿਤਰਦਾ ਰਿਹਾ। ਗੁਰਬਖਸ਼ ਸਿੰਘ ਪ੍ਰੀਤਲੜੀ ਦੇ 'ਪਿਆਰ-ਫਲਸਫ਼ੇ' ਦੇ ਝਲਕਾਰੇ ਉਸ ਦੇ ਗੀਤਾਂ ਵਿਚ ਥਾਂ ਥਾਂ ਪੈਂਦੇ ਹਨ। ਗੁਰਬਖਸ਼ ਸਿੰਘ ਵਾਂਗ ਉਹ ਵੀ ਪਿਆਰ ਨੂੰ ਕਬਜ਼ਾ ਨਹੀਂ ਪਹਿਚਾਣ ਮੰਨਦਾ ਸੀ। ਉਹ ਅੱਜ ਦੇ ਗੀਤਕਾਰਾਂ ਦੀ

*Original with;*
Jaswant Singh Zafar
*Digitized by;*
Panjab Digital Library

**ਨੀਂ ਤੂੰ ਜੱਟ ਦੀ ਪਸੰਦ ਜੱਟ ਨੇ ਵਿਆਉਣੀ ਆਂ** ਵਾਲੀ ਮਰਦਾਨਵੀ ਹੈਂਕੜ ਅਤੇ ਇਜ਼ਾਰੇਦਾਰੀ ਦੇ ਖਿਲਾਫ਼ ਸੀ। ਉਹ ਇਸਤਰੀ ਨੂੰ ਬਰਾਬਰ ਦੀ ਧਿਰ ਵਜੋਂ ਸਵੀਕਾਰਦਾ ਅਤੇ ਉਸ ਦੇ ਸਵੈਮਾਨ ਤੇ ਸੁਤੰਤਰਤਾ ਦਾ ਸਮਰਥਕ ਸੀ-

**ਹੁਣ ਡੋਲੀ ਵਿੱਚ ਬੈਠ ਬੈਠ ਕੇ ਥੱਕ ਗਈਆਂ ਮੁਟਿਆਰਾਂ**
**ਹੁਣ ਨਹੀਂ ਚਾਂਦੀ ਦੇ ਠੀਕਰ ਲਈ ਚੁਕਣਾ ਹੁਸਨ ਕਹਾਰਾਂ**
**ਹੁਣ ਨਹੀਂ ਬੱਧੇ-ਰੱਸੇ ਵਿਕਣੇ ਲੁਕ ਲੁਕ ਕੇ ਇਹ ਚਾਅ**
**ਗੋਰੀਏ ਵੀਣੀ ਜ਼ਰਾ ਫੜਾ**

ਨੂਰਪੁਰੀ ਨਾ ਜਨਮ ਤੋਂ ਸਿੱਖ ਸੀ ਨਾ ਭੇਖ ਤੋਂ। ਪਰ ਸਿੱਖੀ ਦੀ ਆਤਮਾ ਉਹਦੇ ਮਨ ਵਿਚ ਗਹਿਰੀ ਵਸੀ ਹੋਈ ਸੀ। ਉਸ ਨੇ ਗੁਰੂ ਨਾਨਕ, ਬੇਬੇ ਨਾਨਕੀ, ਗੁਰੂ ਅਰਜਨ, ਗੁਰੂ ਗੋਬਿੰਦ ਸਿੰਘ, ਮਾਤਾ ਗੁਜਰੀ, ਸਾਹਿਬਜ਼ਾਦੇ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਪ੍ਰਸੰਗਾਂ ਨਾਲ ਸਬੰਧਤ ਪ੍ਰਵਚਨਾਂ ਦੀ ਪੁਨਰ ਸਿਰਜਨਾ ਕੀਤੀ ਕਿ ਇਨ੍ਹਾਂ ਦੇ ਵਿਸਤ੍ਰਿਤ ਅਰਥ ਪੰਜਾਬੀ ਅਵਚੇਤਨ ਦਾ ਸਹਿਜ ਭਾਗ ਬਣੇ। ਨੂਰਪੁਰੀ ਸਿਦਕ, ਸਿਰੜ ਅਤੇ ਕਰਮਸ਼ੀਲਤਾ ਦਾ ਮੱਦਾਹ ਸੀ ਇਸ ਲਈ ਉਹ ਕਰਮਕਾਂਡੀ ਧਾਰਮਿਕਤਾ 'ਤੇ ਵਿਅੰਗ ਕੱਸਦਾ ਰਿਹਾ-

**ਬੜਾ ਕੈਦੀ ਏਂ ਮੰਦਰ ਵਿਚ ਟਿਕਾਣਾ ਕਰਕੇ ਬੈਠਾ ਏਂ**
**ਕੀ ਤੇਰਾ ਜ਼ੁਲਮ ਹੈ ਐਡੀ ਜੋ ਤੇਰੀ ਸਜ਼ਾ ਨਿਕਲੀ**

**ਮੰਦਰ ਦੀਆਂ ਦਹਿਲੀਜ਼ਾਂ ਲੰਘ ਕੇ ਮੈਂ ਕੀ ਮੱਥੇ ਟੇਕਾਂ**
**ਪੱਥਰ ਦਿਲ ਭਗਵਾਨ ਦਾ ਕੀਤਾ ਇਹ ਜੋਤਾਂ ਦਿਆਂ ਸੇਕਾਂ**

ਦੇਸ਼ ਆਜ਼ਾਦ ਹੋਣ ਸਮੇਂ ਨੰਦ ਲਾਲ ਨੂਰਪੁਰੀ 41 ਸਾਲ ਦਾ ਸੀ। ਆਜ਼ਾਦੀ ਦੇ ਪਰਵਾਨਿਆਂ ਦੇ ਸੁਪਨੇ ਉਸ ਦੇ ਸੰਵੇਦਨਸ਼ੀਲ ਮਨ 'ਤੇ ਡੂੰਘੇ ਉਕਰੇ ਹੋਏ ਸਨ। ਇਨ੍ਹਾਂ ਸੂਰਮਿਆਂ ਦੀ ਸਾਰੀ ਜੱਦੋ-ਜਹਿਦ ਨਿੱਜ ਅਤੇ ਆਪਣੇ ਪਰਿਵਾਰਾਂ ਤੋਂ ਬਹੁਤ ਪਾਰ ਸਮੂਹ ਦੇਸ਼ ਵਾਸੀਆਂ ਦੀ ਜਮਹੂਰੀ ਸਰੂਪ ਵਾਲੀ ਰਾਜਸੀ ਆਜ਼ਾਦੀ, ਆਰਥਿਕ ਖੁਸ਼ਹਾਲੀ, ਸਮਾਜਿਕ ਬਰਾਬਰੀ ਅਤੇ ਨਿਆਂ ਵਰਗੇ ਸੁਪਨਿਆਂ ਦੇ 'ਕਮਲ' ਦਾ ਪ੍ਰਗਟਾਅ ਸੀ। ਇਸ 'ਕਮਲ' ਦੀ ਇੰਤਹਾ ਨੂੰ ਨੂਰਪੁਰੀ ਆਪਣੇ ਗੀਤਾਂ ਵਿਚ ਢਾਲਦਾ ਰਿਹਾ-

**ਮੈਂ ਵਤਨ ਦਾ ਸ਼ਹੀਦ ਹਾਂ ਮੇਰੀ ਯਾਦ ਭੁਲਾ ਦੇਣੀ**
**ਮੇਰੇ ਖੂਨ ਦੀ ਇਕ ਪਿਆਲੀ ਕਿਸੇ ਪਿਆਸੇ ਨੂੰ ਪਿਲਾ ਦੇਣੀ**
**ਕਿਸੇ ਅਬਲਾ ਦਾ ਹੱਥ ਫੜ ਕੇ ਮੇਰੇ ਖੂਨ ਦੀ ਲਾ ਮਹਿੰਦੀ**
**ਉਹਦੀ ਦੁਨੀਆਂ ਵਸਾ ਦੇਣੀ ਮੇਰੀ ਦੁਨੀਆਂ ਮਿਟਾ ਦੇਣੀ**
**ਦੇਣਾ ਨਾ ਕਿਸੇ ਪੈਸਾ ਮੇਰੇ ਰੋਂਦੇ ਨਿਆਣੇ ਨੂੰ**

*Original with;*
Jaswant Singh Zafar
*Digitized by;*
Panjab Digital Library

**ਮੇਰੀ ਮਿੱਟੀ ਦੀ ਮੁੱਠ ਭਰ ਕੇ ਉਹਦੀ ਝੋਲੀ 'ਚ ਪਾ ਦੇਣੀ**
**ਮੇਰੇ ਘਰ ਦੇ ਹਨੇਰੇ ਵਿੱਚ ਬੈਠੀ ਹੈ ਉਜੜੀ ਹੋਈ**
**ਉਹਦੇ ਨੈਣਾਂ ਦੀ ਲੋਅ ਖੋਹ ਕੇ ਦੀਵਾਲੀ ਜਗਾ ਦੇਣੀ**

ਵਤਨ ਦੇ ਸ਼ਹੀਦਾਂ ਪ੍ਰਤੀ ਇਹ ਗੀਤ ਕੋਈ ਅੱਤਕਥਨੀ ਭਰਿਆ ਬਿਆਨ ਨਹੀਂ ਸੀ। ਉਹ ਲੋਕ ਬਣੇ ਹੀ ਅਜਿਹੀ ਮਿੱਟੀ ਦੇ ਸਨ। ਦੇਸ਼ ਆਜ਼ਾਦ ਹੋਣ ਸਮੇਂ ਨੂਰਪੁਰੀ ਨੂੰ ਉਨ੍ਹਾਂ ਦੇ ਸੁਪਨਿਆਂ ਦੇ ਪੂਰੇ ਹੋਣ ਦੀ ਲਲਕ ਸੀ। ਦੇਸ਼ ਉਸਾਰੀ ਲਈ ਨਹਿਰੂ ਨੇ ਨਾਹਰਾ ਦਿੱਤਾ- 'Let us work together' ਤਦ ਨੂਰਪੁਰੀ ਨੇ ਲਿਖਿਆ-

**ਬਾਂਹਾਂ ਵਿੱਚ ਬਾਂਹਾਂ ਪਾ ਕੇ ਸਾਹਾਂ ਵਿਚ ਸਾਹ ਉਏ**
**ਉੱਚੇ ਨੀਵੇਂ ਕਰੋ ਇਕ ਸਾਰ ਵਾਹ ਵਾਹ ਉਏ**
**ਬੀਜ ਦਿਓ ਤਾਕਤਾਂ ਤੇ ਹੌਸਲੇ ਉਭਾਰੋ**
**ਹੋਰ ਹੱਲਾ ਮਾਰੋ ਸ਼ੇਰੋ ਹੋਰ ਹੱਲਾ ਮਾਰੋ**

ਨੂਰਪੁਰੀ ਨੂੰ ਲੱਗਿਆ ਕਿ ਸ਼ਹੀਦਾਂ ਦੇ ਸੁਪਨੇ ਪੂਰੇ ਹੋਏ ਕਿ ਹੋਏ। ਪੰਜ ਸਾਲਾ ਯੋਜਨਾਵਾਂ ਸ਼ੁਰੂ ਹੋਈਆਂ। ਤੇਜ਼ੀ ਨਾਲ ਆਰਥਿਕ ਵਿਕਾਸ ਹੋਣ ਲੱਗਾ। ਬਿਜਲੀਕਰਨ ਦਾ ਦੌਰ ਸ਼ੁਰੂ ਹੋਇਆ। ਸੰਚਾਈ ਸਾਧਨ ਵਿਕਸਤ ਹੋਣ ਲੱਗੇ। ਦੇਸ਼ ਦੀ ਤਰੱਕੀ ਸਬੰਧੀ ਓਸ ਨੇ ਅਨੇਕਾਂ ਨਗਮੇ ਲਿਖੇ-

**ਭਾਖੜੇ ਤੋਂ ਆਉਂਦੀ ਮੁਟਿਆਰ ਇੱਕ ਨੱਚਦੀ**
**ਚੰਨ ਨਾਲੋਂ ਗੋਰੀ ਉਤੇ ਚੁੰਨੀ ਸੁੱਚੇ ਕੱਚ ਦੀ**
**ਪੰਜ ਸਾਲਾ ਯੋਜਨਾ ਦੀ ਰਾਣੀ ਉਹਨੂੰ ਕਹਿਣਗੇ**
**ਨ੍ਹੇਰ ਉਡ ਜਾਊ ਲਿਸ਼ਕਾਰੇ ਜਿੱਥੇ ਪੈਣਗੇ**
**ਵਾਹਣਾਂ ਤੇ ਉਜਾੜਾਂ ਵਿੱਚ ਮੋਤੀ ਉਹਨੇ ਕੇਰਨੇ**
**ਜੱਟੀਆਂ ਬਣੌਣਗੀਆਂ ਸੋਨੇ ਦੇ ਅਟੇਰਨੇ**
**ਚਾਂਦੀ ਦੀਆਂ ਚਰਖੀਆਂ ਤੇ ਸੂਤ ਉਠੂ ਨੱਚ ਜੀ**

ਲ਼ੀ ਕਾਰਬੂਜ਼ੀਅਰ ਚੰਡੀਗੜ੍ਹ ਵਰਗੇ ਸੁੰਦਰ ਅਤੇ ਆਧੁਨਿਕ ਸ਼ਹਿਰ ਦੀ ਯੋਜਨਾ ਤਿਆਰ ਕਰ ਰਿਹਾ ਸੀ। ਉਸ ਦੇ ਛੋਟੇ ਭਰਾ ਪੈਰੀ ਜੈਨਰੇ ਨੂੰ ਪੰਜਾਬ ਦਾ ਮੁੱਖ ਆਰਕੀਟੈਕਟ ਲਾਇਆ ਗਿਆ। ਜਿਸ ਨੇ ਪੰਜਾਬ ਦੇ ਪਿੰਡਾਂ ਦਾ ਆਧੁਨਿਕ ਸ਼ਹਿਰਾਂ ਦੀ ਤਰਜ਼ ਤੇ ਵਿਕਾਸ ਕਰਨ ਦੀ ਵਿਸਤ੍ਰਿਤ ਤਜਵੀਜ਼ ਤਿਆਰ ਕੀਤੀ। ਜਿਸ ਵਿਚ ਰਸਤਿਆਂ, ਗਲੀਆਂ, ਰਿਹਾਇਸ਼ੀ ਮਕਾਨਾਂ, ਜਨ ਸਿਹਤ, ਮਲ ਨਿਕਾਸ, ਵਾਤਾਵਰਣ ਸੁਰੱਖਿਆ, ਭਾਈਚਾਰਕ ਸੰਸਥਾਨਾਂ ਆਦਿ ਨੂੰ ਯੋਜਨਾਬੱਧ ਢੰਗ ਨਾਲ ਬਣਾਉਣ ਦੀ ਵਿਵਸਥਾ ਸੀ। ਪੇਂਡੂ ਪਾੜ੍ਹਿਆਂ ਨੂੰ ਉੱਚ ਤਕਨੀਕੀ ਵਿਦਿਆ ਦੇਣ ਲਈ ਲੁਧਿਆਣੇ ਇੰਜਨੀਅਰਿੰਗ ਕਾਲਜ ਖੁੱਲ੍ਹ ਗਿਆ ਸੀ। ਡਾ. ਮਹਿੰਦਰ ਸਿੰਘ

*Original with;*
Jaswant Singh Zafar
*Digitized by;*
Panjab Digital Library

ਰੰਧਾਵਾ ਵਰਗਾ ਵਿਲੱਖਣ ਅਫ਼ਸਰ ਮੁਰੱਬੇਬੰਦੀ ਕਰਕੇ ਪੰਜਾਬ ਵਿਚ ਖੇਤੀ ਵਿਕਾਸ ਦਾ ਮੁੱਢ ਬੰਨ੍ਹ ਰਿਹਾ ਸੀ। ਖੇਤੀਬਾੜੀ ਯੂਨੀਵਰਸਿਟੀ ਬਣਾਉਣ ਦੀ ਤਿਆਰੀ ਹੋਈ। ਦਿਹਾਤੀ ਖੇਤਰ ਦੇ ਤੇਜ਼ ਰਫ਼ਤਾਰ ਵਿਕਾਸ ਦਾ ਮੁੱਢ ਬੱਝਦਾ ਦੇਖ ਕੇ ਸ਼ਾਇਰ ਨੂਰਪੁਰੀ ਤੋਂ ਚਾਅ ਚੁੱਕਿਆ ਨਹੀਂ ਸੀ ਜਾ ਰਿਹਾ। ਉਹ ਲਿਖ ਰਿਹਾ ਸੀ-

**ਦੇਸ਼ ਵਿਚ ਵੰਡ ਦਿਓ ਪ੍ਰੇਮ ਤੇ ਪਿਆਰ ਨੂੰ**
**ਨਵਾਂ ਨਵਾਂ ਰੂਪ ਚਾੜ੍ਹੋ ਪਿੰਡਾਂ ਦੀ ਬਹਾਰ ਨੂੰ**

**ਸ਼ਹਿਰਾਂ ਵਾਂਗ ਵਧ ਗਏ ਨੇ ਪਿੰਡ ਤੇ ਗਰਾਂ ਨੀ**
**ਮਾਲੀਆਂ ਦੇ ਸਿਰਾਂ ਉਤੇ ਫੁੱਲਾਂ ਕੀਤੀ ਛਾਂ ਨੀ**

ਨੂਰਪੁਰੀ ਪੰ. ਜਵਾਹਰ ਲਾਲ ਨਹਿਰੂ ਦੇ ਵਿਕਾਸ ਮਾਡਲਾਂ, ਨੀਤੀਆਂ, ਯੋਜਨਾਵਾਂ ਅਤੇ ਪ੍ਰਤੀਬੱਧਤਾ ਦਾ ਕਾਇਲ ਸੀ। ਜਿਸ ਤਰ੍ਹਾਂ ਦੇ ਵਿਕਾਸ ਦੇ ਸੁਪਨੇ ਨੂਰਪੁਰੀ ਦੀ ਕਲਮ ਲੈ ਰਹੀ ਸੀ ਉਸੇ ਤਰਜ਼ ਦੇ ਰਾਸ਼ਟਰ ਨਿਰਮਾਣ ਦੇ ਫੈਸਲੇ ਨਹਿਰੂ ਦੀ ਕਲਮ ਕਰ ਰਹੀ ਸੀ। ਓਸ ਲਈ ਠਾਣੇਦਾਰੀ ਨਾਲੋਂ ਸ਼ਾਇਰੀ ਵੱਡੀ ਗੱਲ ਸੀ। ਠਾਣੇਦਾਰੀ ਛੱਡ ਦਿੱਤੀ। ਨਹਿਰੂ ਦੀ ਮੌਤ 'ਤੇ ਉਸ ਨੇ ਗੀਤ ਵੀ ਲਿਖਿਆ ਸੀ-

**ਨਾ ਉਹ ਗਿਆ ਨਾ ਛਿਪਿਆ ਕਿਧਰੇ, ਉਹ ਤੇ ਇਥੇ ਹੀ ਰਹਿੰਦਾ ਏ**
**ਉਹਦਾ ਝਾਉਲਾ ਹਰ ਸੁਪਨੇ ਵਿਚ ਅਜੇ ਵੀ ਮੁੜ ਮੁੜ ਪੈਂਦਾ ਏ**
**'ਨੂਰਪੁਰੀ' ਮੁਸ਼ਕਲ ਨੇ ਮਿਲਣੀਆਂ ਰੂਹਾਂ ਉਹਦੇ ਨਾਲ ਦੀਆਂ**
**ਆਓ ਲੋਕੋ ਗੱਲ ਕਰੀਏ ਓਸ ਜਵਾਹਰ ਲਾਲ ਦੀਆਂ**

ਪਰ ਵਿਕਾਸ ਦੀ ਨਹਿਰੂ ਕਾਲ ਦੇ ਆਰੰਭ ਵਾਲੀ ਤੇਜ਼ ਰਫਤਾਰੀ ਮੱਠੀ ਪੈਣ ਲੱਗੀ। ਪ੍ਰਜਾਤੰਤਰ ਦੇ ਵਿਗਸਣ ਤੋਂ ਪਹਿਲਾਂ ਹੀ ਰਾਜਤੰਤਰ ਇਸ ਨੂੰ ਨਿਗਲਣ ਲੱਗਾ। ਅੰਗਰੇਜ਼ਾਂ ਦੇ ਹਮਾਇਤੀ ਰਹੇ ਦੇਸੀ ਰਾਜੇ ਤੇ ਜਗੀਰਦਾਰ ਨਵੇਂ ਰੂਪਾਂ 'ਚ ਸੱਤਾ ਸੰਸਥਾਨਾਂ ਤੇ ਕਾਬਜ਼ ਹੋਣ ਲੱਗੇ। ਅੰਗਰੇਜ਼ਾਂ ਦੇ ਸਾਮਰਾਜੀ ਸਾਂਚੇ ਵਿਚ ਢਲੀ ਨੌਕਰਸ਼ਾਹੀ ਜਮਹੂਰੀ ਰਾਜ ਵਿਚ ਆਪਣੇ ਨਵੇਂ ਰੋਲ ਨੂੰ ਅਪਨਾਉਣ ਲਈ ਤਿਆਰ ਨਾ ਹੋਈ। ਪੰਜ ਸਾਲਾ ਯੋਜਨਾਵਾਂ ਠੁੱਸ ਹੋਣ ਲੱਗੀਆਂ। ਸਮੂਹਿਕ ਵਿਕਾਸ ਦੇ ਸੁਪਨੇ ਤੇ ਨਿੱਜੀ ਤਰੱਕੀ ਦੀ ਹਵਸ ਭਾਰੂ ਹੋਣ ਲੱਗੀ। ਨੂਰਪੁਰੀ ਚੇਤੇ ਕਰਾਉਣ ਲੱਗਿਆ-

**ਓ ਦੁਨੀਆਂ ਦੇ ਬੰਦਿਓ ਪੂਜੋ ਉਨ੍ਹਾਂ ਨੇਕ ਇਨਸਾਨਾਂ ਨੂੰ**
**ਦੇਸ਼ ਦੀ ਖਾਤਰ ਵਾਰ ਗਏ ਜੋ ਪਿਆਰੀਆਂ ਪਿਆਰੀਆਂ ਜਾਨਾਂ ਨੂੰ**
**ਜਿਉਂਣਾ ਹੁੰਦਾ ਓਸ ਮਰਦ ਦਾ ਕਿਸੇ ਲਈ ਜੋ ਮਰਦਾ ਏ**
**ਆਪਣੇ ਦੇਸ਼ ਕੌਮ ਦੀ ਖਾਤਰ ਜੀਵਨ ਅਰਪਨ ਕਰਦਾ ਏ**
**'ਨੂਰਪੁਰੀ' ਬੰਦ ਕਰਦੇ ਬੀਬਾ ਝੂਠੀਆਂ ਹੋਰ ਦੁਕਾਨਾਂ ਨੂੰ**

*Original with;*
Jaswant Singh Zafar
*Digitized by;*
Panjab Digital Library

ਪਰ 'ਝੂਠੀਆਂ ਦੁਕਾਨਾਂ' ਬੰਦ ਹੋਣ ਦੀ ਬਜਾਏ ਵਧਣ ਫੁੱਲਣ ਲੱਗੀਆਂ। ਵਿਕਾਸ ਪ੍ਰਾਜੈਕਟਾਂ ਦੀ ਉਸਾਰੀ ਬਹੁ ਗਿਣਤੀ ਕਾਰਜਪਾਲਕਾ ਲਈ ਕਾਲੀ ਕਮਾਈ ਰਾਹੀਂ ਆਪਣੇ ਘਰ ਭਰਨ ਦਾ ਸਾਧਨ ਬਣਨ ਲੱਗੀ। ਦੇਸ਼ ਭਗਤੀ ਦੀ ਜਗ੍ਹਾ ਪਰਿਵਾਰਵਾਦ ਅੱਗੇ ਆਉਣ ਲੱਗਾ। Public Servants ਸੇਵਾਦਾਰਾਂ ਦੀ ਬਜਾਏ ਮਾਲਕ ਅਤੇ ਹਾਕਮ ਬਣ ਗਏ। ਆਪਣੀ ਚਮਕ ਦਮਕ ਅਤੇ ਰਾਜ ਸ਼ਕਤੀ ਕਾਰਨ ਇਹ ਨੌਕਰਸ਼ਾਹੀ ਹਰ ਤਰ੍ਹਾਂ ਦੀਆਂ ਸਰਕਾਰੀ ਕੁਰਸੀਆਂ ਤੇ ਬੈਠੇ ਬਹੁਗਿਣਤੀ ਬੰਦਿਆਂ ਲਈ ਰੋਲ ਮਾਡਲ ਬਣਨ ਲੱਗੀ ਜੋ ਨੌਕਰਸ਼ਾਹੀ ਵਰਗੀ ਕਾਰਜਸ਼ੈਲੀ ਅਪਨਾਉਣ ਲੱਗੇ। ਅਫ਼ਸਰੀ ਦਾ ਮਤਲਬ ਤਾਂ ਨਿਗੂਣੀ ਦਫ਼ਤਰੀ ਮੁਣਸ਼ੀਗੀਰੀ ਸੀ। ਪਰ ਸਰਕਾਰੀ ਮੁਣਸ਼ੀਆਂ ਦਾ ਰੋਹਬ-ਦਾਬ ਤੇ ਪ੍ਰਭਾਵ ਦੇਖ ਕੇ ਰੀਸੋ ਰੀਸੀ ਸਰਕਾਰੀ ਡਾਕਟਰਾਂ ਨੂੰ ਮੈਡੀਕਲ ਅਫ਼ਸਰ ਹੋਣਾ ਚੰਗਾ ਲੱਗਾ। ਖੇਤੀ ਵਿਗਿਆਨੀ ਖੇਤੀਬਾੜੀ ਅਫ਼ਸਰ ਹੋ ਗਏ ਤੇ ਸਿੱਖਿਆ ਸ਼ਾਸਤਰੀ ਸਿੱਖਿਆ ਅਫ਼ਸਰ ਹੋ ਗਏ। ਇਸੇ ਤਰ੍ਹਾਂ ਇੰਜਨੀਅਰਿੰਗ ਅਤੇ ਦੇਸ਼ ਉਸਾਰੀ ਨਾਲ ਸਬੰਧਤ ਹੋਰ ਸਿਰਜਨਾਤਮਕ ਖੇਤਰਾਂ ਦਾ ਗੌਰਵ ਇਸ ਮੁਣਸ਼ੀਪੁਣੇ ਦੇ ਤਹਿਤ ਹੋ ਗਿਆ। ਇਸ ਤਰ੍ਹਾਂ ਨੌਕਰਸ਼ਾਹੀ ਨੇ ਇਕ ਜਮਾਤ ਨਾ ਰਹਿ ਕੇ ਸਮੁੱਚੇ ਸਰਕਾਰੀ ਤੰਤਰ ਵਿਚ ਫੈਲੇ ਭਿਆਨਕ ਕੋਹੜ ਦਾ ਰੂਪ ਧਾਰ ਲਿਆ। ਇਸ ਨੌਕਰਸ਼ਾਹੀ ਨੇ ਪੈਰੀ ਜੈਨਰੇ ਵਰਗੇ ਮਹਾਨ ਯੋਜਨਾਕਾਰ ਦੀਆਂ ਤਜਵੀਜ਼ਾਂ ਨੂੰ ਸਿਰੇ ਨਾ ਚੜ੍ਹਨ ਦਿੱਤਾ। ਇਹ ਨੌਕਰਸ਼ਾਹੀ ਜਨ ਪ੍ਰਤਿਨਿਧਾਂ ਨੂੰ ਆਪਣੀ ਚਾਟ 'ਤੇ ਲਾਉਣ ਵਿੱਚ ਸਫਲ ਹੋਣ ਲੱਗੀ। ਅੱਜ ਕੱਲ੍ਹ ਰਾਜ ਨੇਤਾਵਾਂ ਵਲੋਂ ਜਨਤਕ ਧੰਨ ਹੜੱਪਣ ਦੇ ਸਕੈਂਡਲ ਲੱਖਾਂ ਨੂੰ ਟੱਪ ਕੇ ਕਰੋੜਾਂ, ਕਰੋੜਾਂ ਤੋਂ ਅਰਬਾਂ ਅਤੇ ਹੁਣ ਖਰਬਾਂ ਨੂੰ ਛੂਹਣ ਲੱਗੇ ਹਨ, ਦੂਜੇ ਪਾਸੇ ਜਨਤਕ ਵਿਕਾਸ ਲਈ ਪੂੰਜੀ ਦੀ ਥੁੜ੍ਹ ਦੀ ਦੁਹਾਈ ਦਿੱਤੀ ਜਾ ਰਹੀ ਹੈ। ਪਰ ਨੌਕਰਸ਼ਾਹੀ ਦੀ ਅਜੇ 'ਢਕੀ ਰਿੱਝ' ਰਹੀ ਹੈ ਕਿਉਂਕਿ ਇਨ੍ਹਾਂ ਦੀ 'ਵਿਰੋਧੀ ਧਿਰ' ਪੈਦਾ ਨਹੀਂ ਹੋਈ।

ਅਜੇਹੇ ਰੁਝਾਨਾਂ ਦੇ ਸ਼ੁਰੂਆਤੀ ਲੱਛਣਾਂ ਨਾਲ ਹੀ ਕਵੀ ਨੂਰਪੁਰੀ ਦੀ ਰੂਹ ਕੁਰਲਾ ਉਠੀ। ਜਿਵੇਂ ਅੱਜ ਕੱਲ੍ਹ ਪੰਜਾਂ ਸਾਲਾਂ ਬਾਦ ਨਵੀਂ ਸਰਕਾਰ ਬਣਨ ਤੇ ਢੋਲ ਢਮੱਕੇ ਹੁੰਦੇ ਹਨ ਪਰ ਲੋਕਾਂ ਦੇ ਮਨਾਂ ਵਿੱਚ ਪੁੰਗਰੀਆਂ ਆਸਾਂ ਉਮੀਦਾਂ ਸਾਲ ਕੁ ਵਿੱਚ ਮੁਰਝਾ ਜਾਂਦੀਆਂ ਹਨ ਅਤੇ ਕੋਈ ਸਿਫਤੀ ਤਬਦੀਲੀ ਨਹੀਂ ਵਾਪਰਦੀ। ਐਨ ਇਸੇ ਤਰਾਂ ਲੰਮੇ ਸਮੇਂ ਦੀ ਗੁਲਾਮੀ ਤੋਂ ਬਾਅਦ ਆਈ ਅਜ਼ਾਦੀ ਨਾਲ ਨੂਰਪੁਰੀ ਦੇ ਮਨ ਵਿੱਚ ਖਿੜੇ ਚਾਅ ਨੇ ਡੇਢ ਦਹਾਕੇ ਮਗਰੋਂ ਮੁਰਝਾਉਣਾ ਸ਼ੁਰੂ ਕਰ ਦਿੱਤਾ। ਨੂਰਪੁਰੀ ਨੂੰ ਇਹ ਦੇਸ਼ ਆਪਣੇ ਸੁਪਨਿਆਂ ਦੇ ਦੇਸ਼ ਤੋਂ ਵੱਖਰੇ ਰਾਹ ਤੁਰਦਾ ਲੱਗਾ। ਉਸ ਨੇ ਸੋਚਿਆ ਹੋਵੇਗਾ ਦੇਸ਼ ਦੇ ਸਮੂਹਕ ਵਿਕਾਸ ਕਾਰਨ ਇਸ ਗੌਰਵਸ਼ਾਲੀ ਕਵੀ ਦੀ ਆਰਥਕ ਤੰਗੀ ਵੀ ਕੱਟੀ ਜਾਵੇਗੀ। ਪਰ ਅਜਿਹਾ ਨਾ ਹੋਇਆ। ਉਸ ਨੂੰ ਆਪਣੇ ਨ਼ਗਮੇ ਹੀ ਓਪਰੇ ਲੱਗਣ ਲੱਗੇ। ਇਹ ਨ਼ਗਮੇਂ ਉਸ ਦੀ ਆਤਮਾ ਲਈ ਅਸਰਾ ਬਣਨ ਦੀ ਥਾਂ ਉਸ ਦਾ ਮੂੰਹ ਚਿੜਾਉਣ ਲੱਗੇ। ਉਹ ਸ਼ਾਇਰ ਹੋਣ ਦੇ ਗੌਰਵ ਤੋਂ ਵਿਛੁੰਨਿਆਂ ਗਿਆ

*Original with;*
Jaswant Singh Zafar
*Digitized by;*
Panjab Digital Library

ਅਤੇ ਗਹਿਰੀ ਨਮੋਸ਼ੀ ਅਤੇ ਉਦਾਸੀ ਦੇ ਤਹਿਖਾਨਿਆਂ ਵਿਚ ਉਤਰਦਾ ਚਲਾ ਗਿਆ। ਸਮੂਹਿਕ ਖੁਸ਼ਹਾਲੀ ਦੀ ਲੋਚਾ ਕਰਨ ਵਾਲੇ ਨੂਰਪੁਰੀ ਨੂੰ ਉਸ ਦੀ ਸਮਾਜਿਕ ਅਤੇ ਆਰਥਿਕ ਮੰਦਹਾਲੀ ਨੇ ਢਾਹ ਲਿਆ। 13 ਮਈ 1966 ਦੀ ਸ਼ਾਮ ਨੂੰ ਉਸ ਨੇ ਆਪਣੇ ਪੁੱਤਰ ਸਤਿਕਰਤਾਰ ਨੂੰ ਆਪਣਾ ਨਵਾਂ ਲਿਖਿਆ ਗੀਤ 'ਚੱਲ ਚੱਲੀਏ' ਸੁਣਾਉਣ ਲਈ ਕਿਹਾ-

**ਚੱਲ ਜੀਆ ਘਰ ਆਪਣੇ ਚੱਲੀਏ ਨਾ ਕਰ ਮੱਲਾ ਅੜੀਆਂ**
**ਇਹ ਪਰਦੇਸ਼ ਦੇਸ਼ ਨਹੀਂ ਸਾਡਾ ਏਥੇ ਗੁੰਝਲਾਂ ਬੜੀਆਂ**

ਨੂਰਪੁਰੀ ਸ਼ਾਇਦ ਪਹਿਲਾਂ ਸੋਚਦਾ ਸੀ ਕਿ ਲੋਕ ਰਾਜ ਵਿਚ ਸ਼ਾਇਰਾਂ ਨੇ ਚੰਗੇਰੇ ਰਾਜ ਪ੍ਰਬੰਧ, ਆਰਥਕ ਤਰੱਕੀ ਅਤੇ ਖੁਸ਼ਹਾਲ ਜ਼ਿੰਦਗੀ ਦੇ ਸੁਪਨੇ ਲੈਣੇ ਹੁੰਦੇ ਹਨ ਅਤੇ ਰਾਜ ਸ਼ਕਤੀ ਨੇ ਉਨ੍ਹਾਂ ਨੂੰ ਸਾਕਾਰ ਕਰਨ ਲਈ ਵਾਹ ਲਾਉਣੀ ਹੁੰਦੀ ਹੈ। ਦੋਵੇਂ ਇਕ ਦੂਸਰੇ ਦੇ ਪੂਰਕ ਹੁੰਦੇ ਹਨ। ਪਰ ਹੁਣ ਓਸ ਨੂੰ ਮਹਿਸੂਸ ਹੋਣ ਲੱਗਾ-

**ਜ਼ੋਰਾਵਰਾਂ ਦੇ ਨਾਲ ਯਾਰਾਨਾ ਸਾਡਾ ਮੂਲ ਨਾ ਫੱਬੇ**
**ਹੱਥੀਂ ਪੈਰੀਂ ਪੈਸਣ ਬੀਬਾ ਤੇਰੇ ਬੇੜੀਆਂ ਕੜੀਆਂ**

ਜਿਹੜਾ ਨੂਰਪੁਰੀ ਸੋਚਦਾ ਸੀ ਕਿ ਰਾਜਿਆਂ ਅਤੇ ਜਗੀਰਦਾਰਾਂ ਵਲੋਂ ਦੱਬੇ ਜਨਤਕ ਸਾਧਨਾਂ ਅਤੇ ਸਰਮਾਏ ਦੇ ਸਰਬ ਸਾਂਝਾ ਹੋਣ ਨਾਲ ਸਭ ਪਾਸੇ ਖੁਸ਼ਹਾਲੀ ਆ ਜਾਵੇਗੀ, ਸਭ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਹੋਣਗੀਆਂ ਅਤੇ ਸਭ ਦਾ ਜੀਵਨ ਸੁਖਾਲ਼ਾ ਹੋ ਜਾਏਗਾ, ਅੱਜ ਪੈਸੇ ਪੈਸੇ ਲਈ ਮੁਥਾਜ਼ ਸੀ-

**ਹੱਥੀਂ ਕੌਡੀ ਸਰੀ ਨਾ ਕੋਈ ਮੰਗਤੇ ਮੰਗਦੇ ਹਾਰੇ**
**ਕਿਹੜੇ ਵਹਿਣੀ ਮਿਲਖ ਜਗੀਰਾਂ ਓਏ ਸਰਦਾਰੋ ਹੜੀਆਂ**

ਉਸ ਨੂੰ ਅਹਿਸਾਸ ਹੋਇਆ ਕਿ ਆਜ਼ਾਦੀ ਤੋਂ ਬਾਅਦ ਦੇਸੀ ਸਰਕਾਰ ਬਣਨ ਨਾਲ ਵੀ ਆਮ ਆਦਮੀ ਦੇ ਹਿੱਤ ਦੀ ਦ੍ਰਿਸ਼ਟੀ ਤੋਂ ਕੋਈ ਸਿਫ਼ਤੀ ਤਬਦੀਲੀ ਨਹੀਂ ਵਾਪਰੀ। ਚਿਹਰੇ ਬਦਲਣ ਨਾਲ ਰਾਜ ਦਾ ਖਾਸਾ ਨਹੀਂ ਬਦਲਦਾ-

**ਇਹ ਤਾਂ ਝੂਠਾ ਜਗਤ ਤਮਾਸ਼ਾ ਅਦਲਣ ਬਦਲਣ ਰੁੱਤਾਂ**
**ਓਸ ਦੇਸ਼ ਦੀਆਂ ਠੰਡੀਆਂ ਛਾਵਾਂ ਸਾਵਣ ਲਾਈਆਂ ਝੜੀਆਂ**

ਇਸ ਤਰ੍ਹਾਂ ਦੀ ਮਨੋਬਚਨੀ ਨਾਲ ਟਿਕੀ ਰਾਤੇ ਉਸ ਨੇ ਖੂਹ ਵਿਚ ਛਾਲ ਮਾਰ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ। ਜਿਸ ਨੂਰਪੁਰੀ ਨੇ ਕਦੇ ਲਿਖਿਆ ਸੀ-

**ਏਥੋਂ ਉਡ ਜਾ ਭੋਲਿਆ ਪੰਛੀਆ, ਵੇ ਤੂੰ ਆਪਣੀ ਜਾਨ ਬਚਾ**

*Original with;*
Jaswant Singh Zafar
*Digitized by;*
Panjab Digital Library

ਅੱਜ ਉਸ ਨੇ ਉਡ ਕੇ ਜਾਨ ਬਚਾਉਣ ਦੀ ਥਾਂ ਡੁੱਬ ਕੇ ਜਾਨ ਗੁਆ ਦਿੱਤੀ। ਉਸ ਦੀ ਮੌਤ ਨਾਲ ਪੰਜਾਬੀ ਕਵਿਤਾ ਅਤੇ ਰਾਜਨੀਤੀ ਦੇ ਸਬੰਧਾਂ ਵਿੱਚ ਇੱਕ turning point ਆਇਆ। ਉਸ ਦੀ ਮੌਤ ਤੋਂ ਪਹਿਲਾਂ ਪੰਜਾਬੀ ਕਵੀਆਂ ਦੀਆਂ ਨਹਿਰੂ ਤੇ ਸ਼ਾਸਤਰੀ ਬਾਰੇ ਕਈ ਪ੍ਰਸੰਸਾਮਈ ਰਚਨਾਵਾਂ ਮਿਲਦੀਆਂ ਹਨ। ਪਰ ਇਨ੍ਹਾਂ ਤੋਂ ਮਗਰੋਂ ਹੋਏ ਦਰਜਨ ਦੇ ਕਰੀਬ ਪ੍ਰਧਾਨ ਮੰਤਰੀਆਂ ਬਾਰੇ ਕਿਸੇ ਪੰਜਾਬੀ ਕਵੀ ਨੇ ਕੋਈ ਰਚਨਾ ਕਰਨ ਦੀ ਜ਼ਰੂਰਤ ਨਹੀਂ ਸਮਝੀ।

ਨੰਦ ਲਾਲ ਨੂਰਪੁਰੀ ਨੇ ਹੁਣ ਦੇ ਰਿਵਾਜ਼ਾਂ ਵਾਂਗ ਇਨਾਮ-ਸਨਮਾਨ ਲੈਣ, ਆਪਣੇ 'ਤੇ ਗੋਸ਼ਟੀਆਂ ਕਰਾਉਣ, ਖੋਜ ਪ੍ਰਬੰਧ ਲਿਖਵਾ ਕੇ ਚਰਚਾ ਕਰਾਉਣ ਲਈ ਤਰਲੇ ਨਹੀਂ ਮਾਰੇ। ਉਸ ਦੀ ਸਮੁੱਚੀ ਰਚਨਾ ਉਸ ਦੇ ਦਿਹਾਂਤ ਤੋਂ ਕਈ ਸਾਲ ਮਗਰੋਂ 'ਪੰਜਾਬ ਬੋਲਿਆ' ਦੇ ਨਾਂ ਹੇਠ ਕਿਤਾਬੀ ਰੂਪ ਵਿੱਚ ਸਾਹਮਣੇ ਆਈ। ਪਰ ਉਸਦੀ ਸ਼ਬਦ ਸ਼ਕਤੀ ਲੋਕ ਮਨਾਂ ਨੂੰ ਅਜੇ ਤੱਕ ਵਿੰਨ੍ਹ ਰਹੀ ਹੈ।

ਅੱਜ ਜਦੋਂ ਪੇਂਡੂ ਵਿਕਾਸ ਪੁੱਠੇ ਪੈਰੀਂ ਮੁੜ ਤੁਰਿਆ ਹੈ, ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ, ਸਿੱਖਿਆ ਖੇਤਰ ਵਿਚ ਨਿਘਾਰ ਆ ਰਿਹਾ ਹੈ, ਰਾਜਨੀਤੀ ਵਿਚ ਸੇਵਾ ਦੀ ਥਾਂ ਮੁਨਾਫ਼ਾ ਤੇ ਲੁੱਟ ਪ੍ਰਧਾਨ ਹੋ ਰਹੇ ਹਨ, ਪੰਜਾਬੀ ਨੌਜਵਾਨ ਹਰ ਹੀਲੇ ਪੰਜਾਬ ਤੋਂ ਬਾਹਰ ਭੱਜਣਾ ਚਾਹੁੰਦਾ ਹੈ, ਕੁਦਰਤੀ ਸਾਧਨ ਅਤੇ ਵਾਤਾਵਰਣ ਦੂਸ਼ਿਤ ਹੋ ਰਹੇ ਹਨ, ਔਰਤ ਦੇ ਪੈਦਾ ਹੋਣ ’ਤੇ ਪਾਬੰਦੀ ਲੱਗ ਰਹੀ ਹੈ, ਮਨੋਰੰਜਨ ਦੇ ਨਾਂ ਤੇ ਅਸ਼ਲੀਲਤਾ ਪਰੋਸੀ ਜਾ ਰਹੀ ਹੈ, ਧਰਮ ਜੀਵਨ ਜਾਚ ਦੀ ਬਜਾਏ ਤਿਜ਼ਾਰਤ ਬਣ ਰਿਹਾ ਹੈ ਤਾਂ ਇਹ ਵੇਲਾ ਨੰਦ ਲਾਲ ਨੂਰਪੁਰੀ ਦੀ ਸ਼ਾਇਰੀ, ਸ਼ਖ਼ਸੀਅਤ ਅਤੇ ਮੌਤ ਦਾ ਧਿਆਨ ਧਰਨ ਦਾ ਹੈ। ਨਾਲ ਹੀ ਵੇਲਾ ਹੈ ਆਪੋ ਆਪਣੇ ਹਿੱਸੇ ਦੀ ਸ਼ਰਮਿੰਦਗੀ ਦੇ ਸਨਮੁੱਖ ਹੋਣ ਦਾ।

*Original with;*
Jaswant Singh Zafar
*Digitized by;*
Panjab Digital Library

# ਦੀਵਾਲੀ ਦਾ ਹਨੇਰਾ ਪਾਸਾ

ਸਾਡੇ ਮੁਲਕ 'ਚ ਤਿਉਹਾਰਾਂ ਦਾ ਕੋਈ ਅੰਤ ਨਹੀਂ। ਲੋਹੜੀ ਵੰਡੀ ਜਾਂਦੀ ਹੈ, ਰੱਖੜੀ ਬੰਨ੍ਹੀ ਜਾਂਦੀ ਹੈ, ਦੁਸਹਿਰਾ ਫੂਕਿਆ ਜਾਂਦਾ ਹੈ, ਮਾਘੀ ਨ੍ਹਾਤੀ ਜਾਂਦੀ ਹੈ ਤੇ ਹੋਲੀ ਖੇਡੀ ਜਾਂਦੀ ਹੈ। ਕ੍ਰਿਸਮਿਸ, ਵਿਸਾਖੀ, ਜਨਮ ਅਸ਼ਟਮੀ ਆਦਿ ਮਨਾਈਆਂ ਜਾਂਦੀਆਂ ਹਨ। ਸਾਰੇ ਤਿਉਹਾਰਾਂ 'ਚੋਂ ਸਿਰਮੌਰ ਦੀਵਾਲੀ ਦਾ ਤਿਉਹਾਰ ਹੈ। ਪਿੰਡਾਂ ਵਿਚ ਭਾਵੇਂ ਇਹ ਸਿਰਫ਼ ਮਨਾਈ ਜਾਂਦੀ ਹੈ ਪਰ ਸ਼ਹਿਰਾਂ ਤੇ ਕਸਬਿਆਂ ਵਿਚ ਇਹ ਮਨਾਉਣ ਦੇ ਨਾਲ ਨਾਲ ਮੰਗੀ ਵੀ ਜਾਂਦੀ ਹੈ, ਦਿੱਤੀ ਵੀ ਜਾਂਦੀ ਹੈ ਅਤੇ ਇਕੱਠੀ ਵੀ ਕੀਤੀ ਜਾਂਦੀ ਹੈ।

ਸਰਕਾਰੀ ਕੰਪਲੈਕਸਾਂ ਵਿਚ ਤਾਇਨਾਤ ਲੋਕ ਦੀਵਾਲੀ ਮਗਰੋਂ ਅਕਸਰ ਇੱਕ ਦੂਏ ਨੂੰ ਪੁੱਛਦੇ ਹਨ-ਐਤਕੀਂ ਕਿੰਨੀ ਕੁ ਬਣੀ ਦੀਵਾਲੀ? ਕੁਝ ਵਰ੍ਹੇ ਪਹਿਲਾਂ ਅਖ਼ਬਾਰਾਂ ਵਿਚ ਛਪਿਆ ਸੀ ਕਿ ਪੰਜਾਬ ਦੇ ਸਭ ਤੋਂ ਵੱਡੇ ਸਰਕਾਰੀ ਦਫ਼ਤਰ ਯਾਨੀ ਸਿਵਲ ਸਕੱਤਰੇਤ ਚੰਡੀਗੜ੍ਹ ਵਿਚ ਦਰਜਾ ਚਾਰ ਕਰਮਚਾਰੀਆਂ ਨੂੰ ਹੀ ਲੱਖਾਂ ਰੁਪਏ ਦੀ ਦੀਵਾਲੀ ਬਣ ਜਾਂਦੀ ਹੈ। ਦੱਸਦੇ ਹਨ ਕਿ ਜ਼ਿਲ੍ਹਿਆਂ ਦੇ ਵੱਡੇ ਅਫ਼ਸਰਾਂ ਨੂੰ ਦੀਵਾਲੀ ਦੀਆਂ ਸ਼ੁਭ ਕਾਮਨਾਵਾਂ ਦੇਣ ਆਏ ਪਤਵੰਤੇ ਸੱਜਣ ਉਨ੍ਹਾਂ ਦੇ ਘਰੀਂ ਦਰਸ਼ਣ ਭੇਟਾਵਾਂ ਦੇ ਅੰਬਾਰ ਲਾ ਦਿੰਦੇ ਹਨ। ਜਿਨ੍ਹਾਂ ਵਿਚ ਚਾਂਦੀ ਦੇ ਬਰਤਨ ਅਤੇ ਹੀਰੇ, ਸੋਨੇ ਤੇ ਪਲੈਟੀਨਮ ਦੇ ਗਹਿਣੇ ਵੀ ਸ਼ਾਮਲ ਹੁੰਦੇ ਹਨ। ਚੜ੍ਹਾਵੇ ਦਾ ਇਹ ਮਾਲ ਰਿਸ਼ਵਤ ਜਾਂ ਇਨਕਮ ਟੈਕਸ ਦੇ ਘੇਰੇ ਵਿਚ ਨਹੀਂ ਆਉਂਦਾ। ਕਿਸੇ ਸਰਕਾਰੀ ਅਹੁਦੇ ਦੀ ਸ਼ਾਨ ਅਤੇ ਮਹੱਤਵ ਦਾ ਅੰਦਾਜ਼ਾ ਮਿਲਣ ਵਾਲੀ ਦੀਵਾਲੀ ਤੋਂ ਲਾਇਆ ਜਾਂਦਾ ਹੈ। ਕਈ ਵਾਰ ਸਰਕਾਰੀ ਅਹਿਲਕਾਰਾਂ ਨੂੰ ਸਜ਼ਾ ਦੇ ਤੌਰ ਤੇ ਅਜਿਹੇ ਅਹੁਦੇ ਜਾਂ ਸਟੇਸ਼ਨ ਤੇ ਲਾਇਆ ਜਾਂਦਾ ਹੈ ਜਿਥੇ ਦੀਵਾਲੀ ਨਾ ਮਿਲਦੀ ਹੋਵੇ। ਜੇ ਕਿਸੇ ਮੋਟੀ ਦੀਵਾਲੀ ਵਾਲੇ ਅਹੁਦੇ ਤੇ ਤਾਇਨਾਤ ਅਹਿਲਕਾਰ ਦਾ ਤਬਾਦਲਾ ਦੀਵਾਲੀ ਤੋਂ ਕੁਝ ਦਿਨ ਪਹਿਲਾਂ ਕਿਸੇ ਖੁਸ਼ਕ ਜਗ੍ਹਾ ਤੇ ਹੋ ਜਾਏ ਤਾਂ ਇੰਜ ਮਹਿਸੂਸਿਆ ਜਾਂਦਾ ਹੈ ਜਿਵੇਂ ਕਿਸੇ ਸੌਦਾਗਰ ਦਾ ਹੀਰੇ ਮੋਤੀਆਂ ਦਾ ਭਰਿਆ ਬੇੜਾ ਸਿਰੇ ਲੱਗਣ ਤੋਂ ਪਹਿਲਾਂ ਹੀ ਸਮੁੰਦਰ ਦੇ ਵਿਚਾਲੇ ਡੁੱਬ ਗਿਆ ਹੋਵੇ। ਸਾਰਾ ਟੱਬਰ ਮਰਨ ਹਾਕਾ ਹੋ ਜਾਂਦਾ ਹੈ। ਘਰ ਵਿਚ ਸੋਗ ਪੈ ਜਾਂਦਾ ਹੈ। ਦੂਜੇ ਪਾਸੇ ਯਤਨ ਕਰਕੇ ਅਜਿਹੇ ਅਹੁਦੇ ਤੇ ਲੱਗਣ ਵਾਲੇ ਦੇ ਟੱਬਰ ਦੀਆਂ ਵਾਛਾਂ ਖਿੜ ਜਾਂਦੀਆਂ ਹਨ। ਬਲੱਡ ਪ੍ਰੈਸ਼ਰ ਨਾਰਮਲ ਹੋ ਜਾਂਦੇ ਹਨ। ਢਿੱਡਾਂ ਵਿਚ ਲੱਡੂ ਪੱਕਣ ਲੱਗਦੇ ਹਨ। ਦਿਲਾਂ ਵਿਚ ਘਿਓ ਦੇ ਦੀਵੇ ਬਲਦੇ ਹਨ। ਏਨੀ ਖੁਸ਼ੀ

*Original with;*
Jaswant Singh Zafar
*Digitized by;*
Panjab Digital Library

ਤਾਂ ਭਗਵਾਨ ਰਾਮ ਦੇ ਪਰਤਣ ਤੇ ਅਯੁਧਿਆ ਵਾਸੀਆਂ ਨੂੰ ਵੀ ਨਹੀਂ ਹੋਈ ਹੋਣੀ।

ਕਈ ਅਹਿਲਕਾਰਾਂ ਦਾ ਪਰਿਵਾਰ ਉਨ੍ਹਾਂ ਦੇ ਤਾਇਨਾਤੀ ਸਥਾਨ 'ਤੇ ਨਿਵਾਸ ਨਹੀਂ ਕਰਦਾ ਹੁੰਦਾ ਅਤੇ ਉਹ ਆਮ ਤੌਰ ਤੇ ਆਪਣੇ ਸਦਰ ਮੁਕਾਮ 'ਤੇ ਨਹੀਂ ਰਹਿੰਦੇ। ਪਰ ਉਹ ਦੀਵਾਲੀ ਦੇ ਦਿਨੀਂ ਜ਼ਰੂਰ ਸਰਕਾਰੀ ਰਹਾਇਸ਼ਗਾਹ ਨੂੰ ਝਾੜ ਪੂੰਝ ਕੇ ਇਥੇ ਨਹਾ ਧੋ ਕੇ ਸਜਦੇ ਹਨ, ਭਾਗ ਲਾਉਂਦੇ ਹਨ ਤਾਂ ਕਿ ਦੀਵਾਲੀ ਜਾਂ ਲਕਸ਼ਮੀ ਨੂੰ ਆਉਣ ਵਿਚ ਕੋਈ ਅਸੁਵਿਧਾ ਜਾਂ ਨਿਰਾਸ਼ਾ ਨਾ ਹੋਵੇ। ਗਰਜ਼ਵਾਨ ਸੱਜਣ ਵੇਲੇ ਕੁਵੇਲੇ ਅਹਿਲਕਾਰਾਂ ਦੇ ਮੂੰਹ ਮੱਥੇ ਲੱਗਣ ਦਾ ਨੈਤਿਕ ਅਧਿਕਾਰ ਪ੍ਰਾਪਤ ਕਰਨ ਲਈ ਉਨ੍ਹਾਂ ਦੇ ਹਜ਼ੂਰ ਹਾਜ਼ਰ ਹੋ ਕੇ ਦੀਵਾਲੀ ਦੇਣੋਂ ਨਹੀਂ ਉੱਕਦੇ। ਅਹਿਲਕਾਰ ਵੱਡੇ ਅਹਿਲਕਾਰਾਂ ਦੀ ਸਰਪ੍ਰਸਤੀ ਹਾਸਲ ਕਰਨ ਲਈ ਜਾਂ ਉਨ੍ਹਾਂ ਦੀ ਕਰੋਪੀ ਤੋਂ ਬਚਣ ਲਈ ਉਚੇਚੀ ਦੀਵਾਲੀ ਦਿੰਦੇ ਹਨ। ਕਈ ਵਾਰ ਬਾਹਲੇ ਕਹਿੰਦੇ ਕਹਾਉਂਦੇ ਅਹਿਲਕਾਰ ਹੇਠਲਿਆਂ ਦੇ ਗਲ਼ 'ਚ 'ਗੂਠਾ ਦੇ ਕੇ ਵੀ ਦੀਵਾਲੀ ਲੈਂਦੇ ਦੇਖੇ ਹਨ। ਫੀਲਡ ਵਿਚ ਤਾਇਨਾਤ ਕਈ ਛੋਟੇ ਅਹਿਲਕਾਰ ਦੀਵਾਲੀ ਤੋਂ ਕੁਝ ਦਿਨ ਪਹਿਲਾਂ ਹੀ ਆਪਣੇ ਇਲਾਕੇ 'ਚੋਂ ਦੀਵਾਲੀ ਇਕੱਠੀ ਕਰਨ ਲਈ ਗਜਾ ਕਰਨ ਵਾਲਿਆਂ ਵਾਂਗ ਖ਼ੂਬ ਗੇੜਾ ਬੰਨ੍ਹਦੇ ਹਨ। ਕਈ ਵੇਰ ਛੋਟੇ ਮੋਟੇ ਚਮਚੇ ਨੂੰ ਨਾਲ ਲੈ ਕੇ ਜਾਂਦੇ ਹਨ, ਜੋ ਬੂਹਾ ਖੜਕਾਉਂਦਾ ਹੈ ਅਤੇ ਅਗਲੇ ਨੂੰ ਦੱਸਦਾ ਹੈ- 'ਸਾਬ ਆਏ ਹਨ, ਦੀਵਾਲੀ ਹੈ।

ਸਰਕਾਰੀ ਤੰਤਰ ਵਿਚ ਦੀਵਾਲੀ ਹੇਠੋਂ ਉਪਰ ਨੂੰ ਜਾਂਦੀ ਹੈ ਭਾਵ ਹਮੇਸ਼ਾ ਛੋਟੇ ਹੀ ਵੱਡਿਆਂ ਨੂੰ ਦੀਵਾਲੀ ਦਿੰਦੇ ਹਨ। ਪਰ ਬਹੁਤੇ ਪ੍ਰਾਈਵੇਟ ਖੇਤਰਾਂ ਵਿਚ ਇਸ ਤੋਂ ਉਲਟ ਹੁੰਦਾ ਹੈ। ਕੰਪਨੀਆਂ ਮੁੱਖ ਡੀਲਰਾਂ ਨੂੰ, ਮੁੱਖ ਡੀਲਰ ਆਪਣੇ ਹੇਠਲੇ ਡੀਲਰਾਂ ਨੂੰ ਅਤੇ ਡੀਲਰ ਸੇਲਜ਼ ਕ੍ਰਮਚਾਰੀਆਂ ਨੂੰ ਦੀਵਾਲੀ ਦੇ ਤੋਹਫ਼ੇ ਦਿੰਦੇ ਹਨ। ਵੱਡੇ ਸ਼ਹਿਰਾਂ ਦੇ ਵੱਡੇ ਨਰਸਿੰਗ ਹੋਮਾਂ ਵਾਲੇ ਛੋਟੇ ਸ਼ਹਿਰਾਂ ਦੇ ਛੋਟੇ ਨਰਸਿੰਗ ਹੋਮਾਂ ਵਾਲਿਆਂ ਨੂੰ, ਨਰਸਿੰਗ ਹੋਮਾਂ ਤੇ ਲੈਬਾਟ੍ਰੀਆਂ ਵਾਲੇ ਕਲੀਨਕਾਂ ਵਾਲਿਆਂ ਨੂੰ ਉਚੇਚੀ ਦੀਵਾਲੀ ਦਿੰਦੇ ਹਨ। ਕਹਾਣੀ ਵੱਡੇ ਛੋਟੇ ਦੀ ਨਹੀਂ, ਗਰਜ਼ ਦੀ ਹੈ। ਜਿਸ ਨੂੰ ਗਰਜ਼ ਹੈ, ਉਸ ਦਾ ਦੀਵਾਲੀ ਦੇਣਾ ਫਰਜ਼ ਹੈ। ਜਿਸ ਕੋਲ ਦਿਖਾਉਣ ਲਈ ਪਾਵਰ ਹੈ ਉਸ ਦਾ ਦੀਵਾਲੀ ਬਟੋਰਨਾ ਹੱਕ ਹੈ। ਪਾਵਰ ਦਿਖਾਉਣ ਵਾਲਾ ਜ਼ਰੂਰੀ ਨਹੀਂ ਕਿ ਵੱਡਾ ਅਫ਼ਸਰ ਜਾਂ ਅਮੀਰ ਵਜ਼ੀਰ ਹੀ ਹੋਵੇ: ਮਹੱਲੇ ਦਾ ਡਾਕੀਆ, ਕਮੇਟੀ ਦਾ ਜਮਾਂਦਾਰ ਜਾਂ ਛੋਟੇ ਮੋਟੇ ਸਥਾਨਕ ਅਖਬਾਰ ਦਾ ਛੋਟਾ ਮੋਟਾ ਰਿਪੋਰਟਰ ਵੀ ਹੋ ਸਕਦਾ ਹੈ।

ਕਈ ਵਾਰ ਕੋਈ ਬੰਦਾ ਔਖੇ ਵੇਲੇ ਬਹੁੜਿਆ ਹੁੰਦਾ, ਜਾਂ ਫਸਿਆ ਬੇੜਾ ਬੰਨੇ ਲਾਇਆ ਹੁੰਦਾ। ਉਸ ਦੇ ਅਹਿਸਾਨ ਦਾ ਭਾਰ ਸਾਰੀ ਉਮਰ ਸਿਰ ਤੇ ਚੁੱਕੀ ਫਿਰਨ 'ਚ ਤਾਂ ਕੋਈ ਅਕਲਮੰਦੀ ਨਹੀਂ। ਅਗਲੀ ਦੀਵਾਲੀ ਮੌਕੇ ਕਿਸੇ ਚੀਜ਼ ਵਸਤ ਜਾਂ ਮਠਿਆਈ ਨਾਲ ਮੱਥਾ ਡੰਮਿਆਂ, ਹਿਸਾਬ ਬਰਾਬਰ। ਅਹਿਸਾਨ ਕਰਨ ਵਾਲਾ ਵੀ ਕਈ ਵਾਰ ਮੂਹਰੇ ਹੀ ਮੂੰਹ ਚੱਕ ਕੇ ਦੀਵਾਲੀ 'ਤੇ ਉਡੀਕਦਾ ਹੁੰਦਾ। ਇਸ ਕੰਮ ਵਾਸਤੇ ਉਚੇਚੀ ਚੀਜ਼ ਵਸਤ ਖ਼੍ਰੀਦਣ ਦੀ ਵੀ ਲੋੜ ਨਹੀਂ ਹੁੰਦੀ। ਦੀਵਾਲੀ ਵਿਚ ਬਹੁਤ

*Original with;*
Jaswant Singh Zafar
*Digitized by;*
Panjab Digital Library

ਸਾਰਾ ਬੇਲੋੜਾ ਨਿੱਕ ਸੁੱਕ ਆਇਆ ਹੁੰਦਾ, ਜੋ ਅੱਗੇ ਤੋਰਨ ਦੇ ਕੰਮ ਆਉਂਦਾ। ਅਜਿਹੇ ਸਟਾਕ 'ਚੋਂ ਭੈਣ ਭੂਆ ਨੂੰ ਮੁਫਤ ਵਿਚ ਦੀਵਾਲੀ ਦੇ ਕੇ ਸੰਧਾਰੇ ਜਾਂ ਥਿਆਰ ਵੇਲੇ ਪੱਲਿਓਂ ਖਰਚ ਕਰਨ ਦੀ ਬਜਾਏ ਘੇਸਲ ਵੱਟੀ ਜਾ ਸਕਦੀ ਹੈ। ਦੀਵਾਲੀ ਦੇ ਕਈ ਤੋਹਫ਼ੇ ਤਾਂ ਅੱਗੇ ਤੋਂ ਅੱਗੇ ਛੇਵੇਂ ਘਰ ਪਹੁੰਚ ਜਾਂਦੇ ਹਨ ਅਤੇ ਅਖੀਰ ਥੱਕ ਕੇ ਕਿਸੇ ਘਰ ਦੇ ਸਟੋਰ ਵਿਚ ਅਰਾਮ ਕਰਦੇ ਹਨ। ਫਿਰ ਹੋਰ ਸੁਦ ਤੇ ਜਾਂ ਅਗਲੀ ਦੀਵਾਲੀ ਤੇ ਦਿੱਤੇ ਜਾਣ ਦੇ ਕੰਮ ਆਉਂਦੇ ਹਨ। ਦੀਵਾਲੀ ਦੇ ਤੋਹਫ਼ੇ ਖ਼ੀਦੇ ਅਤੇ ਵਰਤੇ ਘੱਟ ਜਾਂਦੇ ਹਨ, ਇਹ ਸੈਰ ਬਾਹਲ਼ੀ ਕਰਦੇ ਹਨ। ਅਜਿਹੇ ਫੇਰੇ ਤੋਰੇ ਕਾਰਨ ਦੀਵਾਲੀ ਦੇ ਦਿਨ ਸ਼ਹਿਰਾਂ ਵਿਚ ਉਸੇ ਤਰ੍ਹਾਂ ਟ੍ਰੈਫਿਕ ਜਾਮ ਲੱਗਦੇ ਹਨ ਜਿਵੇਂ ਵੱਡੇ ਵੱਡੇ ਨਗਰ ਕੀਰਤਨਾਂ ਵੇਲੇ ਲੱਗਦੇ ਹਨ। ਸੁਣਿਆਂ ਹੈ, ਹੇਠੋਂ ਤਰੱਕੀਆਂ ਪਾ ਪਾ ਕੇ ਬਹੁਤ ਉਚੇ ਅਹੁਦੇ ਤੇ ਪਹੁੰਚੇ ਇਕ ਅਫ਼ਸਰ ਨੂੰ ਪਤਾ ਸੀ ਕਿ ਕਿਵੇਂ ਹੇਠਲੇ ਅਫ਼ਸਰ ਦੀਵਾਲੀ ਨੂੰ ਮੁਫ਼ਤ ਵਿਚ ਆਏ ਵਾਧੂ ਮਾਲ ਤੇ ਦੁਬਾਰਾ ਚਮਕੀਲਾ ਪੇਪਰ ਚੜ੍ਹਵਾ ਕੇ ਉਪਰਲੇ ਅਫ਼ਸਰਾਂ ਨੂੰ ਦੀਵਾਲੀ ਦੇ ਜਾਂਦੇ ਹਨ। ਉਸ ਨੇ ਸਾਰੇ ਮਾਤੈਹਤਾਂ ਨੂੰ ਬਕਾਇਦਾ ਸੰਦੇਸ਼ ਭਿਜਵਾਇਆ, ''ਦੀਵਾਲੀ ਤੇ 'ਵਿਸ਼' ਕਰਨ ਆਉਣ ਸਮੇਂ ਕੋਈ ਗਿਫ਼ਟ ਨਾ ਲਿਆਂਦਾ ਜਾਏ। ਨਾ ਕਿਸੇ ਚੀਜ਼ ਦੀ ਜ਼ਰੂਰਤ ਹੈ, ਨਾ ਘਰ ਵਿਚ ਰੱਖਣ ਲਈ ਥਾਂ ਹੈ। ਦੀਵਾਲੀ ਸਿਰਫ਼ ਨਕਦ ਰੂਪ 'ਚ ਦਿੱਤੀ ਜਾਏ।''

ਦੀਵਾਲੀ ਮੌਕੇ ਦੁਕਾਨਾਂ ਦਾ ਆਕਾਰ ਕਈ ਗੁਣਾ ਵਧ ਜਾਂਦਾ ਹੈ। ਆਮ ਦਿਨਾਂ ਵਿਚ ਸੜਕ ਕਿਨਾਰੇ ਜਿਥੇ ਸਕੂਟਰ, ਕਾਰ ਖੜ੍ਹੀ ਕਰਨ ਦੀ ਮਨਾਹੀ ਹੁੰਦੀ ਹੈ, ਦੁਕਾਨਾਂ ਉਸ ਤੋਂ ਵੀ ਅਗਾਂਹ ਸੜਕ ਦੇ ਵਿਚਕਾਰ ਤੱਕ ਆ ਜਾਂਦੀਆਂ ਹਨ। ਸ਼ਾਇਦ ਅਜਿਹੇ ਨਜ਼ਾਇਜ਼ ਕਬਜ਼ੇ ਦਾ ਅਧਿਕਾਰ ਪ੍ਰਾਪਤ ਕਰਨ ਲਈ ਕਮੇਟੀ ਵਾਲਿਆਂ, ਟ੍ਰੈਫਿਕ ਵਾਲਿਆਂ ਅਤੇ ਹੋਰ ਸਬੰਧਤ ਅਮਲੇ ਨੂੰ ਸੋਹਣੀ ਦੀਵਾਲੀ ਮਿਲਦੀ ਹੋਵੇਗੀ। ਪਿਛਲੇ ਸਾਲ ਸਾਡੇ ਸ਼ਹਿਰ 'ਚ ਰੌਲਾ ਪਿਆ ਕਿ ਦੀਵਾਲੀ ਦੇ ਪਟਾਕੇ ਬਣਾਉਣ ਅਤੇ ਵੇਚਣ ਦੇ ਲਾਈਸੰਸ ਜਾਰੀ ਕਰਨ ਸਮੇਂ ਪਾਰਦਰਸ਼ਤਾ ਨਹੀਂ ਵਰਤੀ ਗਈ। ਜਿਹੜੇ ਵੱਧ ਦੀਵਾਲੀ ਦੇ ਗਏ ਉਹ ਲਾਇਸੰਸ ਲੈ ਗਏ।

ਪਟਾਕਿਆਂ ਤੋਂ ਯਾਦ ਆਇਆ। ਪੰਜਾਬ ਦੇ ਸਾਰੇ ਸ਼ਹਿਰਾਂ ਕਸਬਿਆਂ ਵਿਚ ਵੈਸੇ ਹੀ ਪ੍ਰਦੂਸ਼ਣ ਦਾ ਪੱਧਰ ਸਾਰੀਆਂ ਨਿਰਧਾਰਤ ਸੀਮਾਵਾਂ ਪਾਰ ਕਰ ਚੁੱਕਾ ਹੈ। ਇਨ੍ਹਾਂ ਦਿਨਾਂ ਵਿਚ ਝੋਨੇ ਦੀ ਪਰਾਲ਼ੀ ਸੜਨ ਕਰਕੇ, ਬਦਲਦੇ ਤਾਪਮਾਨ ਕਰਕੇ, ਮੌਸਮ ਦੀ ਖੁਸ਼ਕੀ ਅਤੇ ਉਡਦੀ ਧੂੜ ਕਰਕੇ ਪੰਜਾਬ ਦੀ ਅੱਧੋਂ ਵੱਧ ਵਸੋਂ ਦੇ ਗਲ਼ੇ ਖਰਾਬ ਹੁੰਦੇ ਹਨ, ਨਾਸਾਂ ਚੋਂਦੀਆਂ ਹੁੰਦੀਆਂ ਹਨ। ਫਿਰ ਕਿਹੜੀ ਕਸਰ ਹੁੰਦੀ ਹੈ ਜੋ ਇਨ੍ਹਾਂ ਪਟਾਕਿਆਂ ਦੇ ਧੂੰਏਂ ਨਾਲ ਪੂਰੀ ਕਰਨੀ ਹੁੰਦੀ ਹੈ? ਏਨਾ ਧੂੰਆਂ ਹੁੰਦਾ ਹੈ ਕਿ ਦੀਵਾਲੀ ਦੀ ਰਾਤ ਨੂੰ ਕਿਸੇ ਬੱਦਲਵਾਈ ਦੇ ਨਾ ਹੋਣ ਦੇ ਬਾਵਜੂਦ ਤਾਰੇ ਨਜ਼ਰ ਨਹੀਂ ਆਉਂਦੇ। ਪਾਗਲ ਕਰਨ ਵਾਲੇ ਖੜਕੇ ਤੇ ਸ਼ੋਰ ਦਾ ਕੋਈ ਅੰਤ ਹਿਸਾਬ ਨਹੀਂ ਰਹਿੰਦਾ। ਬਰਸਾਤ ਤੋਂ ਮਗਰੋਂ ਕੀੜੇ ਮਕੌੜਿਆਂ ਦੇ ਵਾਰੇ ਪਹਿਰੇ ਦਾ ਦੌਰ ਖਤਮ ਹੋਣ

*Original with;*
Jaswant Singh Zafar
*Digitized by;*
Panjab Digital Library

'ਤੇ ਦੀਵਾਲੀ ਤੋਂ ਪਹਿਲਾਂ ਘਰਾਂ ਦੀ ਤਾਂ ਖ਼ੂਬ ਸਾਫ਼ ਸਫ਼ਾਈ ਕੀਤੀ ਜਾਂਦੀ ਹੈ। ਪਰ ਦੀਵਾਲੀ ਤੋਂ ਅਗਲੀ ਸਵੇਰ ਸਭ ਗਲੀਆਂ, ਸੜਕਾਂ, ਪਾਰਕਾਂ ਪਟਾਕਿਆਂ ਦੀ ਰਹਿੰਦ ਖੂੰਹਦ ਨਾਲ ਨਰਕ ਰੂਪ ਬਣੀਆਂ ਹੁੰਦੀਆਂ ਹਨ।

ਦੀਵਾਲੀ ਕਹਿਣ ਨੂੰ ਰੌਸ਼ਨੀ, ਪਵਿਤਰਤਾ, ਸੁਹਜ ਅਤੇ ਮੁਹੱਬਤ ਦਾ ਤਿਉਹਾਰ ਹੈ। ਪਰ ਅਸੀਂ ਇਸ ਨੂੰ ਆਪਣੇ ਆਤਮਿਕ ਹਨੇਰ, ਵਾਤਾਵਰਣ ਦੇ ਪ੍ਰਦੂਸ਼ਣ, ਮਾਨਸਿਕ ਕੁਹਜ ਅਤੇ ਖ਼ੁਦਗਰਜ਼ ਸਬੰਧਾਂ ਦੀ ਮੂੰਹ ਬੋਲਦੀ ਤਸਵੀਰ ਬਣਾ ਲਿਆ ਹੈ। ਜਾਂਦੇ ਜਾਂਦੇ ਬਾਬੇ ਨਾਨਕ ਨੂੰ ਯਾਦ ਕਰਦੇ ਹਾਂ:

**ਦੀਵਾ ਬਲੈ ਅੰਧੇਰਾ ਜਾਇ॥ ਬੇਦ ਪਾਠ ਮਤਿ ਪਾਪਾ ਖਾਇ॥**
**ਉਗਵੈ ਸੂਰੁ ਨ ਜਾਪੈ ਚੰਦੁ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ॥**

**ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ॥**
**ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ ॥**

*Original with;*
Jaswant Singh Zafar
*Digitized by;*
Panjab Digital Library

# ਆਓ ਆਪਣੀ ਪੀੜ੍ਹੀ ਹੇਠ ਸੋਟਾ ਫੇਰੀਏ

(ਪ੍ਰਸੰਗ : ਡੇਰਾ ਸਰਸਾ ਵਿਵਾਦ)

ਸਰਸੇ ਵਾਲੇ ਡੇਰੇ ਦੇ ਮੁਖੀ ਵਿਰੁੱਧ ਬਲਾਤਕਾਰ ਅਤੇ ਕਤਲ ਦੇ ਕੇਸਾਂ ਦੀ ਜਾਂਚ ਨੂੰ ਤੇਜ਼ ਕਰਨ ਲਈ ਉੱਚ ਅਦਾਲਤ ਨੇ ਸੀ. ਬੀ. ਆਈ. ਨੂੰ ਝਾੜ ਪਾ ਦਿੱਤੀ। ਸੀ. ਬੀ. ਆਈ. ਲਈ ਬਾਬੇ ਨੂੰ ਹੱਥ ਪਾਉਣਾ ਜ਼ਰੂਰੀ ਹੋ ਗਿਆ ਤਾਂ ਸਥਿਤੀ ਨੂੰ ਭਾਂਪਦਿਆਂ ਬਾਬੇ ਨੇ ਪਹਿਲਾਂ ਚੰਡੀਗੜ੍ਹ ਵਿਚ ਵੱਡਾ 'ਸਤਿਸੰਗ' ਕਰਕੇ ਸ਼ਕਤੀ ਪ੍ਰਦਰਸ਼ਨ ਕੀਤਾ। ਫਿਰ ਅੰਮ੍ਰਿਤ ਸੰਚਾਰ ਦੀ ਤਰਜ਼ ਤੇ ਪ੍ਰੇਮੀਆਂ ਨੂੰ ਜਾਮ-ਏ-ਇੰਸਾਂ ਪਲਾਇਆ। ਕਢਾਈ ਵਾਲਾ ਗੁਲਾਬੀ ਚੋਲਾ ਉਸ ਤਰ੍ਹਾਂ ਦਾ ਪਾਇਆ ਜਿਹੋ ਜਿਹਾ ਚਿਤਰਕਾਰ ਦਵਿੰਦਰ ਸਿੰਘ ਜਾਂ ਉਸ ਵਰਗੇ ਹੋਰ ਚਿਤਰਕਾਰਾਂ ਦੀਆਂ ਕਾਲਪਨਿਕ ਪੇਂਟਿੰਗਜ਼ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਪੁਆਇਆ ਹੁੰਦਾ ਹੈ। ਇਨ੍ਹਾਂ ਤਸਵੀਰਾਂ ਵਾਲੇ ਇਸ਼ਤਿਹਾਰ ਕੁਝ ਅਖ਼ਬਾਰਾਂ ਵਿਚ ਛਪੇ। ਇਸ਼ਤਿਹਾਰਾਂ ਵਿਚ ਕਈ ਨੈਤਿਕ ਸਿੱਖਿਆਵਾਂ ਸਨ, ਨਾਲ ਇੱਕ ਵਿਸ਼ੇਸ਼ ਹੁਕਮ ਸੀ। ਲਗਦਾ ਸੀ ਕਿ ਅਸਲ ਮਕਸਦ ਤਾਂ ਪ੍ਰੇਮੀਆਂ ਤੱਕ ਇਸ ਹੁਕਮ ਨੂੰ ਪਹੁੰਚਾਉਣ ਦਾ ਸੀ ਬਾਕੀ ਨੈਤਿਕ ਸਿੱਖਿਆਵਾਂ ਤਾਂ ਹੇਠਾਂ ਰੱਖੀ ਸੋਹਣੀ ਪਲੇਟ ਮਾਤਰ ਸਨ। ਹੁਕਮ ਇਹ ਸੀ ਕਿ ਜੇ ਤੁਹਾਡੇ ਗੁਰੂ ਤੇ ਕੋਈ ਭਾਰੀ ਬਣੇ ਤਾਂ ਆਪਣੀ ਜਾਨ ਕੁਰਬਾਨ ਕਰਨ ਲਈ ਤਿਆਰ ਰਹਿਣਾ। ਸ਼ਾਇਦ ਇਹ ਕਿਸੇ ਸੰਭਾਵੀ ਗ੍ਰਿਫ਼ਤਾਰੀ ਦੇ ਟਾਕਰੇ ਦੀ ਤਿਆਰੀ ਵਜੋਂ ਕੀਤੀ ਮੋਰਚਾਬੰਦੀ ਸੀ।

13 ਮਈ 2007 ਨੂੰ ਰੌਲੇ ਵਾਲੇ ਇਹ ਇਸ਼ਤਿਹਾਰ ਅਖਬਾਰਾਂ ਵਿਚ ਛਪੇ ਦੇਖ ਕੇ ਮੇਰਾ ਢਿੱਡ ਹੱਸਿਆ ਸੀ। ਮੈਨੂੰ 1976-77 ਦੀ ਗੱਲ ਯਾਦ ਆਈ। ਸਾਡਾ ਇੱਕ ਰਿਸ਼ਤੇਦਾਰ ਨਕਸਲੀ ਲਹਿਰ ਦਾ ਭਗੌੜਾ ਸੀ। ਉਹ ਮਹੀਨੇ ਦੋ ਮਹੀਨੇ ਬਾਅਦ ਸਾਡੇ ਖੂਹ ਤੇ ਆਪਣੇ ਹੋਰ ਸਾਥੀਆਂ ਸਮੇਤ ਠਹਿਰਨ / ਛੁਪਣ ਆਉਂਦਾ ਸੀ। ਉਨ੍ਹਾਂ ਸਾਨੂੰ ਮਾਰਕਸ, ਲੈਨਿਨ ਦੀਆਂ ਤਸਵੀਰਾਂ ਵਾਲੀਆਂ ਰੂਸੀ ਕਿਤਾਬਾਂ ਦਿਖਾਉਣੀਆਂ। ਰੂਸੀ ਕ੍ਰਾਂਤੀ ਦੀਆਂ ਗੱਲਾਂ ਸੁਣਾਉਣੀਆਂ। ਸਾਡਾ ਟੱਬਰ ਰਿਸ਼ਤੇਦਾਰੀ ਕਰਕੇ ਉਨ੍ਹਾਂ ਦੀ ਰੋਟੀ ਪਾਣੀ ਵਲੋਂ ਤਾਂ ਸੇਵਾ ਕਰਦਾ ਸੀ ਪਰ ਵਿਚਾਰ ਵੱਖਰੇ ਤਰ੍ਹਾਂ ਦੇ ਹੋਣ ਕਰਕੇ ਕਈ ਵਾਰ ਗੱਲਬਾਤ 'ਚ ਗਰਮਾ-ਗਰਮੀ ਹੋ ਜਾਂਦੀ ਸੀ। ਉਸ ਗਰੁੱਪ 'ਚ ਦੋ ਬੰਦੇ ਖਾਸ ਤਰ੍ਹਾਂ ਦੀ ਦਾਹੜੀ ਬਣਾ ਕੇ ਰੱਖਦੇ ਸਨ। ਸਿਰਫ਼ ਠੋਡੀ 'ਤੇ ਅੱਗੇ ਨੂੰ ਵਧਵੀਂ 'ਤੇ ਤਰਾਸ਼ੀ ਹੋਈ। ਥੋੜ੍ਹੇ ਅੜਬ ਸੁਭਾ ਵਾਲੇ ਸਾਡੇ ਦਾਦਾ ਜੀ ਕਹਿਣ ਲੱਗੇ "ਭਲਿਓ

*Original with;*
Jaswant Singh Zafar
*Digitized by;*
Panjab Digital Library

ਮਾਣਸੋ, ਤੁਸੀਂ ਦਾਹੜੀ ਘੜ ਕੇ ਐਂ ਬਣਾ ਲੈਨੇਂ ਓਂ ਜਿਵੇਂ ਕੂਹਣੀ ਨੂੰ ਸਾਗ ਲੱਗਾ ਹੁੰਦਾ, ਏਦਾਂ ਕਰਕੇ ਤੁਸੀਂ ਲੈਨਿਨ ਬਣਜੋਂਗੇ?" ਕੋਈ ਬੰਦਾ ਕਿਸੇ ਯੁੱਗਪੁਰਸ਼ ਵਰਗਾ ਭੇਸ ਧਾਰ ਕੇ ਆਪਣੇ ਛੋਟੇਪਨ ਦਾ ਮੁਜ਼ਾਹਰਾ ਹੀ ਕਰ ਸਕਦਾ ਹੈ ਵੱਡਾ ਨਹੀਂ ਬਣ ਸਕਦਾ। ਗਿੱਦੜ ਦੇ ਸ਼ੇਰ ਦੀ ਖੱਲ ਪਾਉਣ ਵਾਲੀ ਗੱਲ ਤਾਂ ਸਭ ਨੇ ਸੁਣੀ ਹੈ। ਪਰ ਇਨ੍ਹਾਂ ਇਸ਼ਤਿਹਾਰਾਂ ਨਾਲ ਸਿੱਖਾਂ ਦੀਆਂ 'ਧਾਰਮਿਕ ਭਾਵਨਾਵਾਂ' ਨੂੰ ਅਜਿਹੀ ਸੱਟ ਵੱਜੀ ਕਿ ਝਗੜੇ, ਟਕਰਾ ਤੇ ਹਿੰਸਾ ਦੀ ਨੌਬਤ ਆ ਗਈ।

ਮਜ਼ੇ ਦੀ ਗੱਲ ਇਹ ਕਿ ਇਸ਼ਤਿਹਾਰਾਂ ਨੂੰ ਛਾਪਣ ਵਾਲੇ ਅਖਬਾਰਾਂ ਦੇ ਮਾਲਕਾਂ, ਸੰਪਾਦਕਾਂ ਅਤੇ ਕਰਮਚਾਰੀਆਂ ਨੂੰ ਇਨ੍ਹਾਂ ਇਸ਼ਤਿਹਾਰਾਂ ਵਿਚ ਕੋਈ ਇਤਰਾਜ਼ਯੋਗ ਗੱਲ ਨਜ਼ਰ ਨਹੀਂ ਸੀ ਆਈ ਜਾਂ ਫਿਰ ਉਹ ਆਪਣੀ ਕਮਾਈ ਦੇ ਲਾਲਚ ਵਿਚ ਏਨੇ ਅੰਨ੍ਹੇ ਹੋ ਗਏ ਕਿ ਉਨ੍ਹਾਂ ਨੂੰ ਇਨ੍ਹਾਂ ਤੋਂ ਨਿਕਲਣ ਵਾਲੇ ਸੰਭਾਵੀ ਭਿਆਨਕ ਸਿੱਟੇ ਦਿਖਾਈ ਨਹੀਂ ਦਿੱਤੇ। ਦੂਸਰੀ ਮਜ਼ੇਦਾਰ ਗੱਲ ਕਿ ਇਨ੍ਹਾਂ ਛਾਪਕਾਂ ਨੂੰ ਨਾ ਪੰਥ ਨੇ ਬੁਰਾ ਭਲਾ ਕਿਹਾ ਤੇ ਨਾ ਹੀ ਪੰਥਕ ਸਰਕਾਰ ਨੇ ਕੋਈ ਬਣਦੀ ਕਾਨੂੰਨੀ ਕਾਰਵਾਈ ਕੀਤੀ। ਕਾਨੂੰਨ ਮੁਤਾਬਕ ਤਾਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਸਮੱਗਰੀ ਛਾਪਣ ਵਾਲਾ ਵੀ ਬਰਾਬਰ ਦਾ ਦੋਸ਼ੀ ਤੇ ਦੰਡ ਦਾ ਭਾਗੀ ਹੁੰਦਾ ਹੈ। ਪੰਥ ਤੇ ਪੰਜਾਬ ਸਰਕਾਰ ਦਾ ਝਗੜਾ ਸਿਰਫ਼ ਸਰਸੇ ਵਾਲਿਆਂ ਨਾਲ ਪਿਆ। ਇਸ ਤੋਂ ਪਹਿਲਾਂ ਕਾਂਗਰਸੀ ਸਿੱਖ ਆਗੂਆਂ ਵਾਂਗ ਪੰਥ ਦੇ ਕਈ ਮੁੱਖੀ ਅਤੇ ਮਹਾਂਮੁਖੀ ਵੀ ਆਪਣੀ ਗਰਜ਼ ਖਾਤਰ ਇਸ ਬਾਬੇ ਅੱਗੇ ਮੱਥੇ ਰਗੜਦੇ ਰਹੇ ਹਨ ਪਰ ਪੰਥ ਦੀਆਂ 'ਧਾਰਮਿਕ ਭਾਵਨਾਵਾਂ' ਨੂੰ ਕੋਈ ਠੇਸ ਨਹੀਂ ਪਹੁੰਚੀ। ਤਲਵੰਡੀ ਸਾਬੋ ਜਾਂ ਅੰਮ੍ਰਿਤਸਰ ਵਾਲੇ ਜਥੇਦਾਰਾਂ ਨੇ ਵੀ ਕਦੇ ਇਨ੍ਹਾਂ ਮੁਖੀਆਂ ਨੂੰ ਅਜਿਹਾ ਕਰਨ ਤੋਂ ਨਹੀਂ ਵਰਜਿਆ। ਪਹਿਲਾਂ ਜਦ ਭਨਿਆਰਾਂ ਵਾਲੇ ਬਾਬੇ ਦਾ ਪੰਗਾ ਪਿਆ ਸੀ ਤਾਂ ਵੀ ਪੰਥ ਦੇ ਕਈ ਵੱਡੇ ਆਗੂਆਂ ਦੀਆਂ ਉਸ ਬਾਬੇ ਦੇ ਚਰਨ ਪਰਸਦਿਆਂ ਦੀਆਂ ਤਸਵੀਰਾਂ ਛਪੀਆਂ ਸਨ। ਪਰ ਪੰਥ ਜਾਂ ਅਕਾਲ ਤਖਤ ਦੇ ਜਥੇਦਾਰ ਸਾਹਿਬ ਨੇ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਕਰਨ ਦੀ ਜੁਰਅਤ ਨਹੀਂ ਕੀਤੀ।

ਸਮਾਜ ਸੁਧਾਰ, ਸੁਤੰਤਰਤਾ ਸੰਗਰਾਮ ਅਤੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਨਾਮਧਾਰੀ ਸਿੱਖਾਂ ਦੀ ਵੱਡੀ ਦੇਣ ਹੈ। ਨਾਮਧਾਰੀ ਸਿੱਖ ਗੁਰੂ ਗਰੰਥ ਸਾਹਿਬ ਦੀ ਬਜਾਏ ਸਤਿਗੁਰੂ ਜਗਜੀਤ ਸਿੰਘ ਨੂੰ ਗੁਰੂ ਮੰਨਦੇ ਹਨ। ਪਰ ਗੁਰੂ ਗਰੰਥ ਸਾਹਿਬ ਨੂੰ ਗੁਰੂ ਦਰਜਾ ਮਿਲਣ ਤੋਂ ਬਾਅਦ ਪੰਥ ਵਲੋਂ ਦੇਹਧਾਰੀ ਗੁਰੂਆਂ ਜਾਂ ਡੇਰੇਦਾਰਾਂ ਨੂੰ ਬੁਰਾ ਅਤੇ ਗੁਰਮਤ ਵਿਰੋਧੀ ਮੰਨਿਆਂ ਜਾਂਦਾ ਹੈ। ਨਾਮਧਾਰੀ ਅਰਦਾਸ ਦੇ ਆਰੰਭ ਵਿੱਚ ਵਾਰ ਸ੍ਰੀ ਭਗੌਤੀ ਜੀ ਪਾਤਸ਼ਾਹੀ ਦਸਵੀਂ ਦੀ ਬਜਾਏ ਪਾਤਸ਼ਾਹੀ ਬਾਰ੍ਹਵੀਂ ਬੋਲਦੇ ਹਨ। ਇਨ੍ਹਾਂ ਦੀ ਇਹ ਵਾਰ ਦਸਵੇਂ ਪਾਤਸ਼ਾਹ ਗੁਰੁ ਗੋਬਿੰਦ ਸਿੰਘ ਸਾਹਿਬ ਸਭ ਥਾਈਂ ਹੋਈਂ ਸਹਾਇ ਦੀ ਬਜਾਏ ਤੇਹਰਵੀਂ ਪਾਤਸ਼ਾਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੱਕ ਪਹੁੰਚ ਕੇ ਮੁੱਕਦੀ ਹੈ। 1997-2002 ਵਾਲੀ ਅਕਾਲੀ ਸਰਕਾਰ ਵੇਲੇ 'ਗੁਰੂ'

*Original with;*
Jaswant Singh Zafar
*Digitized by;*
Panjab Digital Library

ਨਾਨਕ ਦੇਵ ਯੂਨੀਵਰਸਿਟੀ ਵਿਚ 'ਸਤਿਗੁਰੂ' ਰਾਮ ਸਿੰਘ ਚੇਅਰ ਸਥਾਪਤ ਕਰਕੇ ਉਨ੍ਹਾਂ ਨੂੰ ਸਿੱਖਾਂ ਦੀ ਬਾਰ੍ਹਵੀਂ ਪਾਤਸ਼ਾਹੀ ਵਜੋਂ ਮਾਨਤਾ ਦਿੱਤੀ ਗਈ। ਬੜਾ ਚੰਗਾ ਹੋਇਆ ਕਿ ਓਦੋਂ 'ਪੰਥਕ ਭਾਵਨਾਵਾਂ' ਨੂੰ ਕੋਈ ਠੇਸ ਨਹੀਂ ਪਹੁੰਚੀ।

ਸਿੱਖਾਂ ਲਈ ਮੂਰਤੀ ਪੂਜਾ ਵਰਜਿਤ ਹੈ। ਗੁਰਬਾਣੀ ਮੁਤਾਬਕ ਵੀ ਤੇ ਸਿੱਖ ਰਹਿਤ ਮਰਿਯਾਦਾ ਮੁਤਾਬਕ ਵੀ। ਪਰ ਪੰਥ ਪ੍ਰਤੀਨਿਧ ਜਮਾਤ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਾਹਿਬ ਪਾਰਟੀ ਦੀ ਹਰ ਛੋਟੀ ਵੱਡੀ ਸਫਲਤਾ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਦੇ ਨਾਲ ਨਾਲ ਦੁਰਗਿਆਣਾ ਮੰਦਰ ਦੀਆਂ ਮੂਰਤੀਆਂ ਨੂੰ ਮੱਥਾ ਟੇਕਣਾ ਨਹੀਂ ਭੁੱਲਦੇ। ਇਤਿਹਾਸ ਵਿਚ ਦਰਜ ਹੈ ਕਿ ਇਕ ਵਾਰ ਗੁਰੂ ਗੋਬਿੰਦ ਸਿੰਘ ਜੀ ਕਿਧਰੇ ਜਾਂਦਿਆਂ ਖਾਲਸੇ ਦੀ ਜਾਗਰੂਕਤਾ ਨੂੰ ਪਰਖਣ ਲਈ ਰਸਤੇ ਵਿੱਚ ਕਿਸੇ ਕਬਰ ਤੇ ਆਪਣੇ ਤੀਰਾਂ ਨੂੰ ਮੱਥਾ ਟਿਕਾਉਣ ਲੱਗੇ ਤਾਂ ਭਾਈ ਧਰਮ ਸਿੰਘ ਹੁਰਾਂ ਨੇ ਗੁਰੂ ਸਾਹਿਬ ਨੂੰ ਬਾਹੋਂ ਫੜ ਕੇ ਅਜਿਹਾ ਕਰਨ ਤੋਂ ਵਰਜ ਦਿੱਤਾ ਸੀ। ਪਰ ਹੁਣ ਪੰਥ ਦੇ ਸਿੰਘ ਸਾਹਿਬਾਨ ਪੰਥ ਮੁਖੀਆਂ ਨੂੰ ਮਨਮਤਾਂ ਕਰਨ ਤੋਂ ਵਰਜਣ ਦੀ ਜੁਰਅਤ ਕਿਉਂ ਨਹੀਂ ਦਿਖਾਉਂਦੇ? ਪੰਥ ਪ੍ਰਧਾਨ ਵਲੋਂ ਮਹਾਂਮਾਈ ਦੇ ਜਗਰਾਤਿਆਂ ਦੇ ਉਦਘਾਟਨ ਹੁੰਦੇ ਹਨ, ਕਾਲੀ ਦੇਵੀ ਦੀ ਕਾਰ ਸੇਵਾ ਕਰਦੇ ਹਨ, ਚੰਦਰਾ ਸਵਾਮੀ ਵਰਗੇ ਤਾਂਤਰਿਕ ਦੇ ਟੂਣਿਆਂ ਤੇ ਹਵਨਾਂ ਵਿਚ ਸ਼ਾਮਲ ਹੋਣ ਦੀਆਂ ਖਬਰਾਂ ਛਪਦੀਆਂ ਹਨ। ਮਜ਼ਾਲ ਹੈ ਪੰਥ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੋਵੇ ਜਾਂ ਜਥੇਦਾਰਾਂ ਦਾ ਖ਼ੂਨ ਖੌਲਿਆ ਹੋਵੇ।

ਅਕਸਰ ਗੰਦੇ ਗੀਤ ਗਾਉਣ ਵਾਲੇ ਬਹੁਤ ਸਾਰੇ ਫੁਕਰੇ ਗਾਇਕ (ਗਾਇਕਾਵਾਂ ਵੀ) ਜਦ 'ਧਾਰਮਿਕ' ਕੈਸਟਾਂ ਕੱਢਦੇ ਹਨ ਤਾਂ ਉਹ ਰੋਡੇ ਭੋਡੇ ਹੋਣ ਦੇ ਬਾਵਜੂਦ ਨਿਹੰਗੀ ਬਾਣੇ (ਜਿਸ ਨੂੰ ਗੁਰੂ ਸਾਹਿਬ ਦਾ ਖਾਲਸੇ ਨੂੰ ਬਖਸ਼ਿਆ ਬਾਣਾ ਕਿਹਾ ਜਾਂਦਾ ਹੈ) ਵਿਚ ਗੋਲ ਕੇਸਰੀ ਦਸਤਾਰਾਂ ਤੇ ਖੰਡੇ ਲਾ ਕੇ ਗਲਾਂ 'ਚ ਕੇਸਰੀ ਪਰਨੇ ਪਾ ਕੇ ਤਸਵੀਰਾਂ ਛਪਵਾਉਂਦੇ ਹਨ। ਇਹ ਪੰਥ ਨੂੰ ਹਜ਼ਮ ਹੋ ਜਾਂਦੀਆਂ ਹਨ। ਨਾਲ਼ੇ ਕਈ ਕੇਸਾਂ, ਦਾਹੜੀਆਂ ਤੇ ਸੋਹਣੀਆਂ ਦਸਤਾਰਾਂ ਅਤੇ ਸਿੱਖੀ ਸਰੂਪ ਵਾਲੇ ਗਾਇਕ ਟੱਪ ਟੱਪ ਕੇ ਮਹਾਂਮਾਈ ਤੇ ਬਾਬੇ ਬਾਲਕ ਨਾਥ ਦੀਆਂ ਭੇਟਾਂ ਗਾਉਂਦੇ ਹਨ। ਅਕਾਲ ਤਖਤ ਜਾਂ ਕਿਸੇ ਸਥਾਨਕ ਗੁਰਦੁਆਰੇ ਦੀ ਕਮੇਟੀ ਨੇ ਉਨ੍ਹਾਂ ਨੂੰ ਨਹੀਂ ਤਾੜਿਆ।

ਸਿੱਖੀ ਵਿੱਚ ਕਰਮਕਾਂਡਾਂ ਲਈ ਕੋਈ ਥਾਂ ਨਹੀਂ। ਇਥੇ ਸ਼ਬਦ-ਵਿਚਾਰ ਦੀ ਪ੍ਰਧਾਨਤਾ ਹੈ। ਗੁਰਬਾਣੀ ਪੜ੍ਹਨ, ਸੁਣਨ, ਵਿਚਾਰਨ ਅਤੇ ਜੀਵਨ ਵਿਚ ਕਮਾਏ ਜਾਣ ਲਈ ਹੈ। ਪਰ ਬਿਨਾਂ ਸਰਵਣ ਕੀਤੇ ਜਾਣ ਵਾਲੇ ਆਖੰਡ ਪਾਠ ਵੇਚਣ ਅਤੇ ਖ਼੍ਰੀਦਣ ਤੋਂ ਵੱਡਾ ਕਰਮਕਾਂਡ ਕੀ ਹੋ ਸਕਦਾ ਹੈ? ਅਜਿਹੇ ਆਖੰਡ ਪਾਠ ਹੋਰੀਂ ਥਾਈਂ ਤਾਂ ਇੱਕ ਪਾਸੇ ਸ੍ਰੀ ਅਕਾਲ ਤਖਤ ਤੇ ਇਸ ਦੇ ਜਥੇਦਾਰ ਦੇ ਨੱਕ ਹੇਠ ਦਰਬਾਰ ਸਾਹਿਬ ਕੰਪਲੈਕਸ ਵਿਚ ਵਿਕਦੇ ਹਨ। ਇਨ੍ਹਾਂ ਆਖੰਡ ਪਾਠਾਂ ਦੀ ਬੁਕਿੰਗ ਲਈ ਚੱਲਦੀ ਰਿਸ਼ਵਤ ਦੀਆਂ ਖ਼ਬਰਾਂ ਵੀ ਅਖ਼ਬਾਰਾਂ ਵਿੱਚ ਛਪ ਚੁੱਕੀਆਂ ਹਨ। ਅਜਿਹੇ ਕਰਮਕਾਂਡ

*Original with;*
Jaswant Singh Zafar
*Digitized by;*
Panjab Digital Library

ਨੂੰ ਖਤਮ ਕਰਾਉਣਾਂ ਤਾਂ ਸ਼੍ਰੋਮਣੀ ਕਮੇਟੀ ਅਤੇ ਸਿੰਘ ਸਾਹਿਬ ਦੇ ਚੰਗੀ ਤਰ੍ਹਾਂ ਹੱਥ ਵੱਸ ਹੈ। ਪਰ ਉਹ ਅਜਿਹਾ ਕਿਉਂ ਕਰਨਗੇ? ਸ਼੍ਰੋਮਣੀ ਕਮੇਟੀ ਦੀ ਬਹੁਤੀ ਆਮਦਨ ਇਨ੍ਹਾਂ ਆਖੰਡ ਪਾਠਾਂ ਤੋਂ ਹੁੰਦੀ ਹੈ ਅਤੇ ਸਿੰਘ ਸਾਹਿਬਾਨਾਂ ਨੂੰ ਤਨਖਾਹ ਸ਼੍ਰੋਮਣੀ ਕਮੇਟੀ ਤੋਂ ਮਿਲਦੀ ਹੈ।

ਅਸੀਂ ਆਪਣੇ ਧਰਮ ਦੇ ਪੈਰੋਕਾਰ ਬਣਨ ਦੀ ਬਜਾਏ ਇਸ ਦੇ ਮਾਲਕ ਬਣ ਬੈਠੇ ਹਾਂ। ਇਸ ਦਾ ਰੱਜ ਕੇ ਅਪਮਾਨ ਕਰਨ ਨੂੰ ਆਪਣਾ ਅਧਿਕਾਰ ਸਮਝਦੇ ਹਾਂ। ਸਾਡੀ ਨੈਤਿਕ ਕਮਜ਼ੋਰੀ ਕਾਰਨ ਜਾਂ ਸਾਡੇ ਆਗੂਆਂ ਦਾ ਚਮਲਾਇਆ ਕੋਈ ਹੋਰ ਅਜਿਹਾ ਕਰਦਾ ਹੈ ਤਾਂ ਅਸੀਂ ਜਾਂ ਤਾਂ ਸਿਆਸੀ ਲੋੜ ਮੁਤਾਬਕ ਅੱਖਾਂ ਮੀਟ ਲੈਂਦੇ ਹਾਂ ਜਾਂ ਹਿੰਸਾ ਤੇ ਉਤਾਰੂ ਹੋ ਜਾਂਦੇ ਹਾਂ। ਜਿੰਨਾ ਪਾੜਾ ਸਾਡੇ ਭਾਵ ਸਿੱਖ ਅਖਵਾਉਣ ਵਾਲੇ ਲੋਕਾਂ ਦੇ ਜੀਵਨ ਅਮਲਾਂ ਅਤੇ ਸਾਡੇ ਰਹਿਬਰਾਂ ਦੇ ਉਪਦੇਸ਼ (ਗੁਰਬਾਣੀ) ਵਿਚ ਹੈ ਓਨਾ ਸ਼ਾਇਦ ਹੀ ਹੋਰ ਕਿਸੇ ਫਿਰਕੇ ਵਿੱਚ ਹੋਵੇ। ਸਿੱਖਾਂ ਨੂੰ ਕੁੜੀਮਾਰਾਂ ਨਾਲ ਸਮਾਜਕ ਸਬੰਧ ਨਾ ਰੱਖਣ ਦਾ ਹੁਕਮ ਹੈ। ਭਾਵ ਸਿੱਖੀ ਮੁਤਾਬਕ ਕੁੜੀ ਮਾਰਨਾ ਘੋਰ ਵਰਜਿਤ ਧਾਰਮਿਕ ਅਪਰਾਧ ਹੈ। ਪਰ ਸੰਸਾਰ ਵਿਚ ਜੰਮੀਆਂ ਅਣਜੰਮੀਆਂ ਕੁੜੀਆਂ ਨੂੰ ਮਾਰਨ ਦਾ ਸਭ ਤੋਂ ਵੱਧ ਅਪਰਾਧ ਪੰਜਾਬ ਵਿਚ ਹੋ ਰਿਹਾ ਹੈ ਅਤੇ ਪੰਜਾਬ ਵਿਚ ਸਭ ਤੋਂ ਵੱਧ ਸਾਡੇ ਭਾਵ ਸਿੱਖ ਅਖਵਾਉਣ ਵਾਲੇ ਲੋਕਾਂ ਵਿਚ ਹੋ ਰਿਹਾ ਹੈ। ਦੂਸਰੀ ਗੱਲ, ਸਿੱਖਾਂ ਲਈ ਸ਼ਰਾਬ ਪੀਣਾ ਧਾਰਮਿਕ ਤੌਰ ਤੇ ਵਰਜਿਤ ਹੈ:

**ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥**

ਪਰ ਸਿੱਖਾਂ ਨੂੰ ਸਭ ਤੋਂ ਵੱਧ ਸ਼ਰਾਬ ਪੀਣ ਵਾਲਾ ਤਬਕਾ ਮੰਨਿਆਂ ਜਾਂਦਾ ਹੈ। ਪੰਜਾਬ ਵਿਚ ਸਰਕਾਰ ਭਾਵੇਂ ਕਾਂਗਰਸ ਪਾਰਟੀ ਦੀ ਹੋਵੇ ਤੇ ਭਾਵੇਂ ਅਕਾਲੀਆਂ ਦੀ, ਇਹ ਸ਼ਰਾਬ ਦੀ ਵਿਕਰੀ ਤੋਂ ਹੋਣ ਵਾਲੀ ਆਮਦਨ ਨਾਲ ਚੱਲਦੀ ਹੈ। ਕਾਂਗਰਸੀ ਸਿੱਖ ਲੀਡਰਾਂ ਦੇ ਨਾਲ ਨਾਲ ਕਈ 'ਪੰਥਕ' ਆਗੂਆਂ ਦੇ ਵੀ ਸ਼ਰਾਬ ਦੇ ਕਾਰੋਬਾਰ ਹਨ। ਕਈ ਅਕਾਲੀ ਆਗੂਆਂ ਦੇ ਨਾਵਾਂ ਨਾਲ ਸਮੇਂ ਸਮੇਂ ਅਫ਼ੀਮ, ਭੁੱਕੀ ਅਤੇ ਹੋਰ ਨਸ਼ਿਆ ਦੀ ਸਮਗਲਿੰਗ ਦੀ ਚਰਚਾ ਜੁੜੀ ਰਹੀ ਹੈ। ਪੰਜਾਬ ਵਿਚ ਹਰ ਤਰ੍ਹਾਂ ਦੇ ਨਸ਼ਿਆਂ ਦਾ ਹੜ੍ਹ ਸਾਡੇ ਵੇਂਹਦਿਆਂ ਵੇਂਹਦਿਆਂ ਗਿੱਟੇ ਗਿੱਟੇ ਤੋਂ ਗਲ਼ ਗਲ਼ ਤੱਕ ਆ ਚੜ੍ਹਿਆ ਹੈ।

ਤੀਸਰਾ, ਸਿੱਖੀ ਤਾਂ ਜਾਤ-ਪਾਤ ਨੂੰ ਖਤਮ ਕਰਨ ਦਾ ਐਲਾਨਨਾਮਾ ਸੀ। ਪਰ ਅਖ਼ਬਾਰਾਂ ਵਿਚ ਵਰ-ਕੰਨਿਆਂ ਦੇ ਇਸ਼ਤਿਹਾਰਾਂ ਵਿਚ ਲਿਖਿਆ ਹੁੰਦਾ ਹੈ- ਜੱਟ ਸਿੱਖ, ਅਰੋੜਾ ਸਿੱਖ, ਖਤਰੀ ਸਿੱਖ, ਲੁਬਾਣਾ ਸਿੱਖ ਆਦਿ। ਪਹਿਲਾਂ ਇਕੱਲਾ ਅਰੋੜਾ ਸੀ ਹੁਣ ਅਰੋੜਾ ਸਿੱਖ ਤੇ ਅਰੋੜਾ ਹਿੰਦੂ ਦੋ ਹੋ ਗਏ। ਪਹਿਲਾਂ ਇਕੱਲਾ ਖੱਤਰੀ ਸੀ ਹੁਣ ਖੱਤਰੀ ਸਿੱਖ ਤੇ ਖੱਤਰੀ ਹਿੰਦੂ ਦੋ ਹੋ ਗਏ। ਕਹਿਣ ਤੋਂ ਭਾਵ ਸਾਡੀ ਜ਼ਿੰਮੇਵਾਰੀ ਤਾਂ ਜਾਤ-ਪਾਤ ਨੂੰ ਖਤਮ ਕਰਨ ਦੀ ਲੱਗੀ ਸੀ ਪਰ ਅਸੀਂ ਇਸ ਨੂੰ ਦੁੱਗਣਾ ਕਰ ਦਿੱਤਾ।

*Original with;*
Jaswant Singh Zafar
*Digitized by;*
Panjab Digital Library

ਚੌਥਾ, ਸਿੱਖ ਲਈ ਪਰ-ਇਸਤਰੀ ਦਾ ਸੰਗ ਕਰਨਾ ਧਾਰਮਿਕ ਤੌਰ ਤੇ ਵਰਜਿਤ ਹੈ। ਪਰ ਦੁਨੀਆਂ ਦੀ ਸਭ ਤੋਂ ਵੱਧ ਨਾਮੁਰਾਦ ਬਿਮਾਰੀ ਏਡਜ਼ ਦੇ ਕੇਸਾਂ ਦੀ ਪ੍ਰਤੀਸ਼ਤਤਾ ਭਾਰਤ ਵਿਚ ਸਭ ਤੋਂ ਵੱਧ ਪੰਜਾਬ ਵਿੱਚ ਹੈ। ਸਭ ਜਾਣਦੇ ਹਾਂ ਕਿ ਇਹ ਬਿਮਾਰੀ ਮੁੱਖ ਤੌਰ ਤੇ ਗੈਰ ਵਾਜਿਬ ਸਰੀਰਕ ਸਬੰਧਾਂ ਕਾਰਨ ਫੈਲਦੀ ਹੈ। ਜਦ ਕਿ ਗੁਰਬਾਣੀ ਵਿਚ ਮਨੁੱਖ ਦੇ ਪੰਜ ਦੁਸ਼ਮਣਾਂ (ਵਕਾਰਾਂ) ਵਿਚੋਂ ਕਾਮ ਨੂੰ ਪਹਿਲੇ ਨੰਬਰ ਤੇ ਰੱਖ ਕੇ ਇਸ ਤੇ ਕਾਬੂ ਰੱਖਣ ਦੀ ਵਾਰ ਵਾਰ ਤਾੜਨਾ ਕੀਤੀ ਗਈ ਹੈ।

ਪੰਜਵਾਂ, ਗੁਰਬਾਣੀ ਵਿਚ ਕਾਦਰ ਦੀ ਕੁਦਰਤ ਪ੍ਰਤੀ ਅਥਾਹ ਬਲਿਹਾਰਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ। ਪੌਣ, ਪਾਣੀ ਤੇ ਧਰਤੀ ਨੂੰ ਕ੍ਰਮਵਾਰ ਗੁਰੂ, ਪਿਤਾ ਅਤੇ ਮਾਤਾ ਕਿਹਾ ਗਿਆ ਹੈ। ਪਰ ਅਸੀਂ 'ਗੁਰਾਂ ਦੇ ਨਾਂ ਤੇ ਵਸਦੇ' ਪੰਜਾਬ ਦੇ ਪੌਣ-ਪਾਣੀ ਅਤੇ ਮਿੱਟੀ ਨੂੰ ਗੰਦਾ ਅਤੇ ਜ਼ਹਿਰੀਲਾ ਕਰਨ ਦੀਆਂ ਸਾਰੀਆਂ ਸੀਮਾਵਾਂ ਉਲੰਘ ਚੁੱਕੇ ਹਾਂ। ਪੰਜਾਬ ਦੇ ਸ਼ਹਿਰ ਸੰਸਾਰ ਦੇ ਸਭ ਤੋਂ ਗੰਦੇ ਵਾਤਾਵਰਣ ਵਾਲੇ ਸ਼ਹਿਰ ਵਿਚ ਗਿਣੇ ਜਾਂਦੇ ਹਨ।

ਛੇਵਾਂ, ਸਿੱਖ ਗੁਰੂ ਸਾਹਿਬਾਨਾਂ ਨੇ ਕੇਵਲ ਉੱਚ ਵਰਗ (ਜਾਤੀ) ਦੀ ਬਜਾਏ ਸਮੂਹ ਜਨ ਸਧਾਰਨ ਨੂੰ ਵਿਦਿਆ ਅਤੇ ਗਿਆਨ ਦਾ ਭਾਗੀ ਤੇ ਅਧਿਕਾਰੀ ਬਣਾਉਣ ਲਈ ਵਿਆਪਕ ਮੁਹਿੰਮ ਵਿੱਢੀ। ਧਰਮ ਨੂੰ ਅੰਧ-ਵਿਸ਼ਵਾਸ, ਪਾਠ-ਪੂਜਾ, ਤੀਰਥ ਯਾਤਰਾ ਆਦਿ ਦੀ ਬਜਾਏ ਸਿੱਖਣ ਅਤੇ ਸਿੱਖਿਆ ਨਾਲ ਸਬੰਧਤ ਕੀਤਾ। ਆਮ ਲੋਕਾਂ ਦੀ ਭਾਸ਼ਾ ਵਿਚ ਲਿਖੀ ਆਪਣੀ ਅਤੇ ਕਬੀਰ, ਨਾਮਦੇਵ, ਰਵਿਦਾਸ, ਫਰੀਦ ਅਦਿ ਦੀ ਬਾਣੀ ਨੂੰ 'ਗੁਰਮੁਖੀ' ਅੱਖਰਾਂ ਵਿਚ ਉਤਾਰ ਕੇ ਮਾਨਵਤਾ ਨੂੰ ਮਹਾਨ ਦੇਣ ਦਿੱਤੀ। ਪਰ ਪਿਛਲੀਆਂ ਚਾਰ ਸਦੀਆਂ ਦੌਰਾਨ ਅਸੀਂ ਹੋਰਾਂ ਨੂੰ ਤਾਂ ਕੀ ਇਸ ਨਿੱਕੇ ਜਹੇ ਪੰਜਾਬ ਵਿਚ ਵਸਦੇ ਸਾਰੇ ਸਿੱਖਾਂ ਨੂੰ ਗੁਰਮੁਖੀ ਦੇ ਪੈਂਤੀ ਅੱਖਰ ਤੱਕ ਨਹੀਂ ਸਿਖਾ ਸਕੇ। ਖਾਲਸਾ ਸਕੂਲਾਂ / ਕਾਲਜਾਂ ਜਾਂ ਸਿੱਖ ਵਿਦਿਅਕ ਸੰਸਥਾਵਾਂ ਦੇ ਮੁਕਾਬਲੇ ਡੀ. ਏ. ਵੀ. ਸਕੂਲਾਂ / ਕਾਲਜਾਂ ਅਤੇ ਕੌਨਵੈਂਟ ਸਕੂਲਾਂ ਦਾ ਪੱਧਰ ਕਿਤੇ ਬਿਹਤਰ ਮੰਨਿਆਂ ਜਾਂਦਾ ਹੈ। ਕਹਿਣ ਤੋਂ ਭਾਵ ਭਰੂਣ ਹੱਤਿਆ, ਜਾਤ-ਪਾਤ, ਨਸ਼ਿਆਂ, ਪ੍ਰਦੂਸ਼ਣ, ਅਨਪੜ੍ਹਤਾ ਆਦਿ ਸਿੱਖੀ ਦੀਆਂ ਦੁਸ਼ਮਣ ਸ਼ਕਤੀਆਂ ਤੇ ਬਿਰਤੀਆਂ ਨੂੰ ਜੜੋਂ ਮਾਰ ਮੁਕਾਉਣ ਲਈ ਅਜੇ ਖਾਲਸਾਈ ਖੂਨ ਨੇ ਉਬਾਲ਼ਾ ਨਹੀਂ ਖਾਧਾ।

ਅਸੀਂ ਬੜੇ ਦੋਗਲੇ ਅਤੇ ਅਪ੍ਰਮਾਣਿਕ ਕਿਰਦਾਰ ਵਾਲੇ ਲੋਕ ਹਾਂ। ਸੋਚਦੇ ਕੁਛ, ਕਹਿੰਦੇ ਕੁਛ ਤੇ ਕਰਦੇ ਕੁਛ ਹਾਂ। ਪਰ ਡੰਡੇ ਨਾਲ ਹੋਰਾਂ ਨੂੰ ਆਪਣੀ ਮਹਾਨਤਾ ਕਬੂਲ ਕਰਾਉਣੀ ਚਾਹੁੰਦੇ ਹਾਂ। ਸਾਡਾ ਵਤੀਰਾ ਗਰਜ਼ ਵੇਲੇ ਹੋਰ ਤੇ ਫਰਜ਼ ਵੇਲੇ ਹੋਰ ਹੁੰਦਾ ਹੈ। ਸ. ਸਿਮਰਨਜੀਤ ਸਿੰਘ ਮਾਨ ਲੋਕ ਸਭਾ ਵਿਚ ਜਾਣ ਤੋਂ ਇਹ ਕਹਿ ਕੇ ਅੜੇ ਰਹੇ ਕਿ ਵੱਡੀ ਢਾਈ ਫੁੱਟੀ ਕਿਰਪਾਨ ਨਾਲ ਲੈ ਕੇ ਜਾਣੀ ਹੈ। ਪਾਰਲੀਮੈਂਟ ਵਿਚ ਕਿਰਪਾਨ ਨਾਲ ਨਹੀਂ ਜ਼ੁਬਾਨ ਨਾਲ ਬੋਲਣਾ ਹੰਦਾ ਹੈ। ਦੂਜੇ ਪਾਸੇ ਫੰਡ ਇਕੱਠੇ ਕਰਨ ਲਈ ਵਿਦੇਸ਼ੀ ਦੌਰੇ-ਸਮੇਂ ਜਹਾਜ਼ ਚੜ੍ਹਨ ਸਮੇਂ ਢਾਈ ਫੁੱਟੀ ਤਾਂ ਕੀ ਛੇ ਇੰਚੀ

*Original with;*
Jaswant Singh Zafar
*Digitized by;*
Panjab Digital Library

ਕਿਰਪਾਨ ਵੀ ਲਾਹ ਕੇ ਅਗਲਿਆਂ ਦੇ ਹੱਥ ਫੜਾ ਦਿੰਦੇ ਰਹੇ। ਸ਼੍ਰੋਮਣੀ ਕਮੇਟੀ ਦੀ ਚੋਣ ਵੇਲੇ ਅਕਾਲੀ ਦਲ ਦਾ ਸੰਵਿਧਾਨ ਹੋਰ ਹੁੰਦਾ ਹੈ ਤੇ ਵਿਧਾਨ ਸਭਾ ਜਾਂ ਲੋਕ ਸਭਾ ਦੀਆਂ ਸਰਕਾਰੀ ਚੋਣਾਂ ਵੇਲੇ ਹੋਰ। ਗੁਰਦੁਆਰਾ ਚੋਣਾਂ ਵੇਲੇ ਇਹ ਧਾਰਮਿਕ ਪਾਰਟੀ ਤੇ ਸਰਕਾਰੀ ਚੋਣਾਂ ਵੇਲੇ ਸੈਕੂਲਰ ਪਾਰਟੀ ਹੰਦੀ ਹੈ। ਕਦੇ ਅਸੀਂ ਸਿਰੇ ਦੀਆਂ ਪ੍ਰਸਪਰ ਵਿਰੋਧੀ ਮੰਗਾਂ ਲਈ ਮੋਰਚਾ ਲਾਇਆ (ਇਸ 'ਧਰਮ ਯੁੱਧ' ਮੋਰਚੇ ਵਿਚ ਮੈਂ ਵੀ ਦੋ ਵਾਰ ਜੇਲ੍ਹ ਗਿਆ) ਇਕ ਪਾਸੇ ਸਮੁੱਚੇ ਭਾਰਤ ਦੇ ਗੁਰਦੁਆਰਿਆਂ ਨੂੰ ਇਕ ਕੇਂਦਰੀ ਕੰਟਰੋਲ ਹੇਠ ਲਿਆਉਣ ਲਈ ਆਲ ਇੰਡੀਆਂ ਗੁਰਦੁਆਰਾ ਐਕਟ ਦੀ ਮੰਗ ਸੀ ਦੂਜੇ ਪਾਸੇ ਇਸ ਤੋਂ ਉਲਟ ਕੇਂਦਰੀ ਸਰਕਾਰ ਦੀਆਂ ਸ਼ਕਤੀਆਂ ਦੇ ਵਿਕੇਂਦਰੀਕਰਣ ਭਾਵ ਰਾਜਾਂ ਦੀ ਖੁਦਮੁਖਤਾਰੀ ਦੀ ਮੰਗ ਸੀ। ਹੁਣ ਇਹ ਦੋਵੇਂ ਮੰਗਾਂ ਖਾਧੀਆਂ ਪੀਤੀਆਂ ਤੇ ਹਜ਼ਮ ਕੀਤੀਆਂ ਜਾ ਚੁੱਕੀਆਂ ਹਨ।

ਦਰਬਾਰ ਸਾਹਿਬ ਵਿੱਚ ਜਦ ਵੀ ਕੋਈ ਅਮੀਰ ਵਜ਼ੀਰ ਮੱਥਾ ਟੇਕਣ ਆਉਂਦਾ ਹੈ ਤਾਂ ਉਸ ਨਾਲ ਆਮ ਕਪੜਿਆਂ ਵਿਚ ਪੁਲੀਸ ਜਾਂ ਸੁਰੱਖਿਆ ਕਰਮਚਾਰੀ ਜ਼ਰੂਰ ਹੁੰਦੇ ਹਨ। ਇਨ੍ਹਾਂ ਦੇ ਆਉਂਣ ਤੇ ਸੰਗਤ ਨੂੰ ਕੋਈ ਇਤਰਾਜ਼ ਨਹੀਂ ਹੁੰਦਾ। ਪਰ ਸਰਸੇ ਵਾਲਿਆਂ ਦੇ ਰੌਲੇ ਦੌਰਾਨ ਪਰਕਰਮਾ ਵਿੱਚ ਫਿਰਦੇ ਇਕ ਸਿੱਖ ਬਾਰੇ ਇਹ ਪਤਾ ਲੱਗਾ ਕਿ ਉਹ ਪੁਲਿਸ ਕ੍ਰਮਚਾਰੀ ਹੈ ਤਾਂ 'ਸੰਗਤ' ਨੇ ਉਸ ਨੂੰ ਕੇਸਾਂ ਤੋਂ ਫੜ ਕੇ ਘੜੀਸ ਘੜੀਸ ਕੇ ਕੁੱਟਿਆ ਤੇ ਮਰਨਹਾਕਾ ਕਰ ਦਿੱਤਾ। ਮੀਡੀਏ ਨੇ ਇਹ ਦ੍ਰਿਸ਼ ਸੰਸਾਰ ਭਰ ਦੇ ਲੋਕਾਂ ਨੂੰ ਦਿਖਾਇਆ। ਇਕ ਪਾਸੇ ਅਸੀਂ ਸਰਸੇ ਵਾਲਿਆਂ ਦੀ ਕਾਰਵਾਈ ਨਾਲ ਸਿੱਖ ਹਿਰਦਿਆ ਦੇ ਵਲੂੰਧਰੇ ਜਾਣ ਦੀ ਗੱਲ ਕੀਤੀ ਅਤੇ 'ਭਰੇ ਮਨਾਂ' ਨਾਲ 22 ਮਈ 2007 ਨੂੰ ਪੰਜਾਬ ਬੰਦ ਕੀਤਾ। ਸ਼੍ਰੋਮਣੀ ਕਮੇਟੀ ਦੇ ਮੁਖੀ ਦੀਆਂ ਪੰਜਾਬ ਬੰਦ ਵਾਲੇ ਦਿਨ ਦੀਆਂ ਅਖ਼ਬਾਰਾਂ ਵਿਚ ਛਪੀਆਂ ਤਸਵੀਰਾਂ ਦੇਖੀਏ ਤਾਂ ਉਨ੍ਹਾਂ ਦੇ ਚਿਹਰੇ ਤੇ ਲੋਹੜੇ ਦੀ ਮੁਸਕਾਨ ਝਲਕਦੀ ਹੈ, ਜਿਵੇਂ ਕੋਈ ਵੱਡੀ ਪ੍ਰਾਪਤੀ ਹੋਈ ਹੋਵੇ।

ਕੁਝ ਅਰਸਾ ਪਹਿਲਾਂ ਮਹਾਂਰਾਸ਼ਟਰ ਦੀ ਇਕ ਬੀਬੀ ਨੰਦਨੀ ਜੋਸ਼ੀ ਸਿੱਖ ਧਰਮ ਬਾਰੇ ਜਾਣਕਾਰੀ ਲੈਣ ਲਈ ਪੰਜਾਬ ਆਈ। ਬੀਬੀ ਅੰਮ੍ਰਿਤਸਰ ਵਿਖੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਪਹੁੰਚੀ ਤਾਂ ਉਥੇ ਹਾਜ਼ਰ ਕਰਮਚਾਰੀ ਤੇ ਸੇਵਾਦਾਰ ਇਸ ਤਰ੍ਹਾਂ ਦੇ 'ਬਚਨ' ਕਰ ਰਹੇ ਸਨ, "ਭੈਣਚੋ ਪੱਖਾ ਬੰਦ ਕਰਦੇ,---ਭੈਣਚੋ ਪਾਣੀ ਲਿਆਓ,-
---- ਭੈਣਚੋ ਚਾਹ ਠੰਡੀ ਏ,---- ਬਗੈਰਾ ਬਗੈਰਾ। ਬੀਬੀ ਨੇ ਇਸ ਨੂੰ ਸਿੱਖੀ ਦਾ ਕੋਈ ਪਾਵਨ ਸ਼ਬਦ ਸਮਝ ਲਿਆ। ਇਸ ਮਗਰੋਂ ਉਹ ਜਿਸ ਸਿੱਖ ਨੂੰ ਮਿਲਿਆ ਕਰੇ, ਮੁਸਕਰਾ ਕੇ ਬੜੇ ਆਦਰ ਸਤਿਕਾਰ ਨਾਲ ਕਿਹਾ ਕਰੇ- ਭੈਣਚੋ ਸਤਿ ਸ੍ਰੀ ਅਕਾਲ ਜੀ। ਇਹ ਸਿਲਸਿਲਾ ਕਾਫੀ ਦੇਰ ਚੱਲਦਾ ਰਿਹਾ। ਫਿਰ ਕਿਸੇ ਨੇ ਦੱਸਿਆ ਕਿ ਇਹ ਤਾਂ ਗੰਦੀ ਗਾਲ਼ ਹੈ। ਬੀਬੀ ਯਕੀਨ ਨਾ ਕਰੇ, ਕਹੇ ਮੈਂ ਤਾਂ ਇਹ ਦਰਬਾਰ ਸਾਹਿਬ ਦੇ ਦਫ਼ਤਰੋਂ ਸਿੱਖ ਕੇ ਆਈ ਹਾਂ। ਇਹ ਕੋਈ ਮਨਘੜਤ ਕਹਾਣੀ ਨਹੀਂ ਅਤੇ ਕੋਈ

*Original with;*
Jaswant Singh Zafar
*Digitized by;*
Panjab Digital Library

ਹੈਰਾਨ ਹੋਣ ਵਾਲੀ ਗੱਲ ਵੀ ਨਹੀਂ। ਬਹੁ ਗਿਣਤੀ ਸਿੱਖ ਗਾਲ਼ ਕੱਢੇ ਬਗੈਰ ਕੋਈ ਵਾਕ ਬੋਲ ਹੀ ਨਹੀਂ ਸਕਦੇ। ਉਨ੍ਹਾਂ ਨੂੰ ਪਤਾ ਵੀ ਨਹੀਂ ਹੁੰਦਾ ਕਿ ਉਹ ਏਨੀਆਂ ਗਾਲ਼ਾਂ ਕੱਢਦੇ ਹਨ। ਗੁਰਬਾਣੀ ਤਾਂ ਨਿਮਰਤਾ, ਹਲੀਮੀ ਤੇ ਮਿੱਠ ਬੋਲਣੇ ਦਾ ਸਬਕ ਹੈ। ਪਰ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹਿ ਚੁੱਕੇ ਅਤੇ ਸਿੱਖਾਂ ਦੇ ਲੋਹ ਪੁਰਸ਼ ਵਜੋਂ ਜਾਣੇ ਜਾਂਦੇ ਇਕ ਬਜ਼ੁਰਗ ਪੰਥਕ ਆਗੂ ਤਾਂ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਭਾਸ਼ਨ ਕਰਦਿਆਂ ਵੀ ਅਕਸਰ ਗੰਦੀਆਂ ਗਾਲ਼ਾਂ ਕੱਢ ਦਿੰਦੇ ਹਨ। ਸ੍ਰੀ ਅਕਾਲ ਤਖ਼ਤ ਦੇ ਇਕ ਜਥੇਦਾਰ ਵੀ ਗੱਲਾਂ ਕਰਦਿਆਂ ਗੰਦੀਆਂ ਗਾਲ੍ਹਾਂ ਕੱਢਣ ਲਈ ਪ੍ਰਸਿੱਧ ਰਹੇ ਹਨ।

ਸਾਡੇ ਦੋਹਰੇ ਕਿਰਦਾਰ ਨੇ ਸਾਡੀ ਬਹੁਤ ਜੱਗ ਹਸਾਈ ਕਰਾਈ ਹੈ। ਲੱਗਦਾ ਹੈ ਕਿ ਸਰਦਾਰਾਂ (ਸਿੱਖਾਂ) ਦਾ ਮਜ਼ਾਕ ਉਡਾਉਣ ਵਾਲੇ ਲਤੀਫੇ ਨਿਰੇ ਕਿਸੇ ਸਾਜਿਸ਼ ਤਹਿਤ ਨਹੀਂ ਸਗੋਂ ਭਾਈਚਾਰੇ ਦੇ ਪ੍ਰਗਟ ਕਿਰਦਾਰ ਕਾਰਨ ਸੁਭਾਵਕ ਤੌਰ ਤੇ ਬਣੇ ਹਨ। ਪਿੱਛੇ ਜਹੇ ਇਕ ਫਿਲਮ ਆਈ ਸੀ- ਲਗੇ ਰਹੋ ਮੁੰਨਾ ਭਾਈ। ਬੜੀ ਸਫਲ ਤੇ ਹਿੱਟ ਹੋਈ ਸੀ। ਇਸ ਵਿਚ ਖਲਨਾਇਕ ਨੂੰ ਬੜਾ ਝੂਠਾ, ਮਕਾਰ, ਬੇਈਮਾਨ, ਬੇਅਸੂਲਾ, ਲਾਲਚੀ, ਸਿਰੇ ਦਾ ਫੁਕਰਾ ਅਤੇ ਹੋਰ ਔਗੁਣਾਂ ਨਾਲ ਭਰਪੂਰ ਦਿਖਾਉਣਾ ਸੀ। ਇਹ ਸਾਰੇ ਔਗੁਣ ਇੱਕ ਕਿਰਦਾਰ ਵਿਚ ਪੈਕ ਕਰਨ ਲਈ ਫਿਲਮ ਬਣਾਉਣ ਵਾਲਿਆਂ ਨੇ ਖਲਨਾਇਕ ਨੂੰ ਇਕ ਸਰਦਾਰ (ਸਿੱਖ) ਲੱਕੀ ਸਿੰਘ ਦੇ ਰੂਪ ਵਿਚ ਪੇਸ਼ ਕਰਨਾ ਪਿਆ ਜੋ ਸਿੱਖਾਂ ਸਮੇਤ ਸਾਰੇ ਦਰਸ਼ਕਾਂ ਨੂੰ ਬੜਾ ਸੁਭਾਵਕ ਅਤੇ ਜੱਚਵਾਂ ਲੱਗਾ ਸੀ।

ਸਿੰਘ ਸਾਹਿਬਾਨਾਂ ਵਲੋਂ ਕਰਾਏ 22 ਮਈ 2007 ਦੇ ਪੰਜਾਬ ਬੰਦ ਬਾਰੇ ਗੱਲ ਕਰ ਰਹੇ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਸ਼੍ਰੀ ਅਕਾਲ ਦਾ ਪ੍ਰਤੀਕ ਹੈ। ਇਸ ਨੂੰ ਮੰਨਣ ਵਾਲਿਆਂ ਮੁਤਾਬਕ ਇਸ ਦਾ ਪ੍ਰਭਾਵ ਤੇ ਅਧਿਕਾਰ ਖੇਤਰ ਅੰਮ੍ਰਿਤਸਰ, ਪੰਜਾਬ ਜਾਂ ਭਾਰਤ ਨਹੀਂ ਸਗੋਂ ਪੂਰੀ ਦੁਨੀਆਂ ਵਿਚ ਵਸਦਾ ਸਿੱਖ ਭਾਈਚਾਰਾ ਹੈ। ਇਸ ਦੇ ਮੁਖੀ ਦੀ ਇਸ ਦੇ ਵਡੱਪਨ ਨੂੰ ਕਾਇਮ ਰੱਖਣ ਦੀ ਜਿੰਮੇਵਾਰੀ ਹੁੰਦੀ ਹੈ। ਉਸ ਦਾ ਬਚਨ ਜਾਂ ਫ਼ੁਰਮਾਨ ਸਭ ਸਿੱਖਨ ਕੋ ਵਾਸਤੇ ਹੈ। ਜਦ ਕਿਹਾ ਗਿਆ ਕਿ ਸਰਸੇ ਵਾਲਿਆਂ ਦੀ ਕਾਰਵਾਈ ਨਾਲ ਪੂਰੇ ਸਿੱਖ ਜਗਤ ਦੇ ਹਿਰਦਿਆ ਨੂੰ ਠੇਸ ਪਹੁੰਚੀ ਹੈ ਤਾਂ ਕੇਵਲ ਪੰਜਾਬ ਬੰਦ ਕਰਨ ਦਾ ਸੱਦਾ ਦੇ ਕੇ ਸਿੰਘ ਸਾਹਿਬ ਨੇ ਆਪਣੇ ਰੁਤਬੇ ਨੂੰ ਛੋਟਾ ਕੀਤਾ ਹੈ। ਧਾਰਮਿਕ ਮੁੱਖੀ ਸਿੱਖਾਂ ਨੂੰ ਪਾਠ, ਸਿਮਰਨ, ਜਾਪ ਜਾਂ ਅਰਦਾਸ ਕਰਨ ਜਾਂ ਸੰਗਤੀ ਸੇਵਾ ਦੇ ਕਾਰਜ ਕਰਨ ਦਾ ਉਪਦੇਸ਼ ਦਿੰਦੇ ਹੀ ਸੋਭਦੇ ਹਨ, ਕਾਰੋਬਾਰ ਬੰਦ ਕਰਾਉਣੇ ਉਨ੍ਹਾਂ ਦੇ ਰੁਤਬੇ ਨਾਲ ਮੇਲ ਨਹੀਂ ਖਾਂਦਾ। ਦੂਸਰਾ, ਜਿਥੋਂ ਇਹ ਕਾਰਵਾਈ ਸੰਚਾਲਤ ਹੋਈ ਉਹ ਸਰਸਾ ਤਾਂ ਹਰਿਆਣੇ ਵਿੱਚ ਪੈਂਦਾ ਹੈ। ਹਰਿਆਣਾ ਬੰਦ ਕਰਨ ਦਾ ਸੱਦਾ ਕਿਉਂ ਨਾ ਦਿੱਤਾ? ਕੀ ਇਸ ਲਈ ਕਿ ਹਰਿਆਣਾ ਆਪਣੇ ਆਕਾ ਦੇ ਅਧਿਕਾਰ ਖੇਤਰ ਤੋਂ ਬਾਹਰ ਹੈ? ਅਸਲ ਵਿੱਚ ਸਿੰਘ ਸਾਹਿਬ ਨੂੰ ਆਦੇਸ਼ ਦੇਣ ਵਾਲਿਆਂ ਦਾ ਅਧਿਕਾਰ ਅਤੇ ਲੋੜ ਖੇਤਰ ਪੰਜਾਬ ਤੱਕ ਸੀਮਤ ਹੈ।

*Original with;*
Jaswant Singh Zafar
*Digitized by;*
Panjab Digital Library

ਇਸੇ ਕਰਕੇ ਸੱਚੇ ਸੌਦੇ ਵਾਲਿਆਂ ਨੂੰ ਸਰਸਾ ਡੇਰਾ ਬੰਦ ਕਰਨ ਦਾ ਅਲਟੀਮੇਟਮ ਦੇਣ ਦੀ ਬਜਾਏ ਪੰਜਾਬ 'ਚੋਂ ਇਸ ਦੀਆਂ ਸ਼ਾਖ਼ਾਵਾਂ ਬੰਦ ਕਰਨ ਦਾ ਹੁਕਮ ਦਿੱਤਾ ਗਿਆ। ਕੀ ਸਿੱਖਾਂ, ਸਿੱਖੀ ਤੇ ਅਕਾਲ ਤਖਤ ਦਾ ਸਬੰਧ ਸਿਰਫ਼ ਪੰਜਾਬ ਨਾਲ ਹੈ? ਅਸਲ ਵਿਚ ਮਸਲਾ ਸਿੱਖੀ ਦਾ ਨਹੀਂ ਸਗੋਂ ਮਾਲਕਾਂ ਦੀਆਂ ਵੋਟਾਂ ਦਾ ਹੈ।

ਪੰਜਾਬ 'ਚੋਂ 'ਪ੍ਰੇਮੀਆਂ' ਦੇ ਡੇਰੇ ਬੰਦ ਕਰਨ ਵਾਲੇ ਸਿੰਘ ਸਾਹਿਬ ਦੇ ਫ਼ੁਰਮਾਨ ਦੀ ਭਾਸ਼ਾ ਹੂ-ਬ-ਹੂ ਉਸ ਟਿੱਪਣੀ ਨਾਲ ਮੇਲ ਖਾਂਦੀ ਹੈ ਜੋ ਕਦੇ ਜਹਾਂਗੀਰ ਨੇ ਤੁਜ਼ਕੇ ਜਹਾਂਗੀਰੀ ਵਿੱਚ ਗੁਰੂ ਅਰਜਨ ਸਾਹਿਬ ਬਾਰੇ ਦਰਜ ਕੀਤੀ ਸੀ। ਇਸ ਤਰ੍ਹਾਂ ਸਿੰਘ ਸਾਹਿਬ ਨੇ ਆਪਣੇ ਸ਼ਬਦਾਂ ਨਾਲ ਸਰਸੇ ਵਾਲੇ ਨੂੰ ਅਣਜਾਣੇ ਹੀ ਗੁਰੂ ਸਾਹਿਬ ਦੇ ਬਰਾਬਰ ਖੜ੍ਹਾ ਕਰਨ ਦੀ ਕਾਰਵਾਈ ਕਰ ਲਈ। ਇਸ ਪਿੱਛੋਂ ਦਿੱਲੀ ਵਿਖੇ ਸਿੰਘ ਸਾਹਿਬ ਨੇ ਕਿਹਾ, "ਰਾਮ ਹਿੰਦੂਆਂ ਅਤੇ ਰਹੀਮ ਮੁਸਲਮਾਨਾਂ ਦੇ ਇਸ਼ਟ ਹਨ, ਇਨ੍ਹਾਂ ਦੇ ਨਾਂ ਦੀ ਦੁਰਵਰਤੋਂ ਨਹੀਂ ਕਰਨ ਦਿੱਤੀ ਜਾਵੇਗੀ। ਜਿਸ ਬੰਦੇ ਦਾ ਕੋਈ ਧਰਮ ਨਹੀਂ, ਉਹ ਧਰਮ ਦੀਆਂ ਗੱਲਾਂ ਕਰੇ, ਇਸ ਨੂੰ ਸਹਿਣ ਨਹੀਂ ਕੀਤਾ ਜਾਏਗਾ"। ਪਿਆਰੇ ਸਿੰਘ ਸਾਹਿਬ ਜੀ ਨੂੰ ਪਤਾ ਹੋਣਾ ਹੈ ਕਿ ਗੁਰੂ ਸਾਹਿਬਾਨ ਕਹਿੰਦੇ ਰਹੇ ਹਨ-

**ਨਾ ਹਮ ਹਿੰਦੂ ਨ ਮੁਸਲਮਾਨ॥** (ਮ: 5)

ਇਸ ਦੇ ਬਾਵਜੂਦ ਉਹ ਸਾਰੀ ਉਮਰ ਰਾਮ, ਰਹੀਮ ਤੇ ਧਰਮ ਦੀਆਂ ਗੱਲਾਂ ਕਰਦੇ ਰਹੇ। ਸਿੰਘ ਸਾਹਿਬ ਦੇ ਇਸ ਕਥਨ ਨਾਲ ਮੈਨੂੰ ਬਚਪਨ ਵਿੱਚ ਪੜ੍ਹਿਆ ਸ. ਗੁਰਦਿਆਲ ਸਿੰਘ ਫੁੱਲ ਦਾ ਨਾਟਕ "ਜਿਨ ਸਚੁ ਪਲੈ ਹੋਇ" ਯਾਦ ਆ ਗਿਆ। ਇਸ ਵਿਚ ਮੰਦਰ ਦਾ ਪੁਜਾਰੀ ਤੇ ਮਸੀਤ ਦਾ ਮੁੱਲਾਂ ਗੁਰੂ ਨਾਨਕ ਬਾਰੇ ਬਿਲਕੁਲ ਇਹੋ ਜਿਹੀਆਂ ਗੱਲਾਂ ਕਰਦੇ ਦਰਸਾਏ ਹਨ। ਸਰਸੇ ਵਾਲਿਆਂ ਦੀ ਤਾਂ ਸ਼ਾਇਦ ਏਨੀ ਔਕਾਤ ਨਾ ਹੋਵੇ ਕਿ ਉਹ ਗੁਰੂ ਨਾਨਕ, ਗੁਰੂ ਅਰਜਨ ਜਾਂ ਗੁਰੂ ਗੋਬਿੰਦ ਸਿੰਘ ਦੀ ਬਰਾਬਰੀ ਕਰ ਸਕਣ। ਪਰ ਸਾਡੇ ਸਿੰਘ ਸਾਹਿਬਾਨਾਂ ਨੂੰ ਪੁਜਾਰੀ, ਮੁੱਲਾਂ, ਜਹਾਂਗੀਰ ਜਾਂ ਔਰੰਗਜ਼ੇਬ ਵਾਲੀਆਂ ਰੁਚੀਆਂ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ।

ਇਸ ਸਾਰੇ ਘਟਨਾਕ੍ਰਮ ਦੌਰਾਨ ਸਰਸਾ ਡੇਰੇ ਵਲੋਂ ਆਪਣੀ ਗਲਤੀ ਦੀ ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਤੋਂ ਮੁਆਫੀ ਮੰਗੀ ਗਈ ਉਹ ਬਹੁਤ ਚਲਾਕੀ ਭਰੀ ਅਤੇ ਪੰਥ ਦਾ ਇਮਤਿਹਾਨ ਲੈਣ ਵਾਲੀ ਕਾਰਵਾਈ ਸੀ। ਉਸ ਕਾਰਵਾਈ ਸਬੰਧੀ ਆਪਣਾ ਪ੍ਰਤੀਕ੍ਰਮ ਦੇਣ ਲੱਗਿਆਂ ਅਸੀਂ ਆਪਣੀ ਅਕਲ ਦਾ ਬਿਲਕੁਲ ਦੀਵਾਲਾ ਕੱਢ ਲਿਆ। ਕਈ ਕਾਹਲੇ ਆਗੂਆਂ ਨੇ ਬਿਆਨ ਦਾਗੇ ਕਿ ਜੇ ਗੁਰੂ ਗੋਬਿੰਦ ਸਿੰਘ ਤੋਂ ਮਾਫ਼ੀ ਮੰਗਣੀ ਹੈ ਤਾਂ ਉਪਰ ਜਾ ਕੇ ਮੰਗੇ। ਅਜਿਹਾ ਕਹਿ ਕੇ ਅਸੀਂ ਸਰਸੇ ਵਾਲੇ ਬਾਬੇ ਨਾਲੋਂ ਵੱਧ ਗੁਰੂ ਸਾਹਿਬ ਦਾ ਅਪਮਾਨ ਕੀਤਾ। ਇਕ ਪ੍ਰਭਾਵ ਤਾਂ ਇਹ ਦਿੱਤਾ ਕਿ ਸਾਡੇ ਹੁੰਦਿਆਂ ਗੁਰੂ ਸਾਹਿਬ ਕੌਣ ਹੁੰਦੇ ਹਨ ਮਾਫ਼ ਕਰਨ ਵਾਲੇ। ਦੂਸਰਾ ਗੁਰੂ ਸਾਹਿਬ ਨੂੰ 'ਉਪਰ' ਗਏ ਹੋਏ ਕਹਿ ਦਿੱਤਾ ਗਿਆ। ਜਦ ਕਿ ਗੁਰੂ ਸਾਹਿਬ ਨੇ ਕਿਹਾ ਸੀ ਕਿ

*Original with;*
Jaswant Singh Zafar
*Digitized by;*
Panjab Digital Library

ਖਾਲਸਾ ਹਮੇਸ਼ਾ ਮੈਨੂੰ ਆਪਣੇ ਅੰਗ ਸੰਗ ਸਮਝੇ। ਅਸੀਂ ਦਸਾਂ ਪਾਤਸ਼ਾਹੀਆਂ ਨੂੰ ਸਭ ਥਾਈਂ ਸਹਾਇ ਹੋਣ ਦੀ ਅਰਦਾਸ ਕਰਦੇ ਹਾਂ। ਕੋਈ ਗੈਰ ਸਿੱਖ ਜੇ ਸਾਨੂੰ ਮਖੌਲ ਕਰੇ ਕਿ ਤੁਸੀਂ ਅਜਿਹੀ ਅਰਦਾਸ ਸਿਰਫ਼ 'ਉਪਰ' ਜਾ ਕੇ ਕਰਿਆ ਕਰੋ, ਸਾਡੇ ਕੋਲ ਕੀ ਜਵਾਬ ਹੋਏਗਾ? ਪ੍ਰਤੀਕ੍ਰਮ ਦੇ ਇਸ ਇਕ ਵਾਕ ਨਾਲ ਅਸੀਂ ਆਪਣੀ ਹਉਮੈ ਅਤੇ ਗੁਰੂ ਪ੍ਰਤੀ ਨਿਰਾਦਰ ਦਾ ਨਵਾਂ ਰਿਕਾਰਡ ਸਥਾਪਤ ਕਰ ਦਿੱਤਾ।

ਇਸ ਤੋਂ ਪਹਿਲਾਂ ਸਿੰਘ ਸਾਹਿਬਾਨ ਵਲੋਂ ਸਰਸੇ ਵਾਲਿਆਂ ਦੇ ਡੇਰੇ ਬੰਦ ਕਰਨ, ਉਨ੍ਹਾਂ ਦੀਆਂ ਸਰਗਰਮੀਆਂ ਤੇ ਪਾਬੰਦੀ ਲਾਉਣ ਅਤੇ ਡੇਰੇ ਦੇ ਮੁਖੀ ਨੂੰ ਗ੍ਰਿਫਤਾਰ ਕਰਨ ਆਦਿ ਲਈ 31 ਮਈ 2007 ਤੱਕ ਦਾ ਅਲਟੀਮੇਟਮ ਦਿੱਤਾ ਗਿਆ ਸੀ। ਅਜਿਹਾ ਨਾ ਹੋਣ ਦੀ ਹਾਲਤ ਵਿਚ 'ਸਖ਼ਤ ਕਾਰਵਾਈ' ਕਰਨ, 'ਗੰਭੀਰ ਸਿੱਟੇ' ਨਿਕਲਣ ਆਦਿ ਦੀ ਗੱਲ ਕੀਤੀ ਗਈ। ਗੁਰਦੁਆਰਾ ਫਤਹਿਗੜ੍ਹ ਸਾਹਿਬ ਤੋਂ ਰਾਜ ਭਵਨ ਚੰਡੀਗੜ੍ਹ ਤੱਕ ਮਾਰਚ ਕਰਨ ਅਤੇ ਅਗਲਾ ਗਰਮ ਪ੍ਰੋਗਰਾਮ ਦੇਣ ਦਾ ਐਲਾਨ ਕੀਤਾ ਗਿਆ। ਪਰ ਸਾਰੇ ਘਟਨਾਕ੍ਰਮ ਦੇ ਦੌਰਾਨ ਰਾਜਸੀ ਮਾਲਕਾਂ ਨੂੰ ਉਨ੍ਹਾਂ ਦੇ ਮਾਲਕਾਂ (ਭਾਜਪਾ) ਨੇ ਘੂਰੀ ਵੱਟ ਦਿਤੀ। ਇਸ ਦਬਕੇ ਨੂੰ ਜੇ ਅਣਗੌਲਿਆ ਕੀਤਾ ਜਾਂਦਾ ਤਾਂ ਸਾਰੇ ਕਲੇਸ਼ 'ਚੋਂ ਜਿਸ ਸਿਆਸੀ ਲਾਭ ਦੀ ਆਸ ਸੀ ਉਸਦੇ ਉਲਟ ਨੁਕਸਾਨ ਹੋ ਸਕਦਾ ਸੀ। ਮਾਲਕਾਂ ਦੀ ਸਥਿਤੀ ਨੂੰ ਸਮਝਦਿਆਂ ਸਿੰਘ ਸਾਹਿਬਾਨ ਨੇ ਬੈਕ ਗੇਅਰ ਲਾ ਲਿਆ। ਆਪਣੇ ਅਲਟੀਮੇਟਮ ਨੂੰ ਅਣਐਲਾਨੇ ਤੌਰ ਤੇ ਵਾਪਸ ਲੈ ਲਿਆ। ਸਖ਼ਤ ਕਾਰਵਾਈ ਦੀ ਬਜਾਏ ਫਤਹਿਗੜ੍ਹ ਸਹਿਬ ਤੋਂ ਮਾਰਚ ਸਤਿਨਾਮ ਵਾਹਿਗੁਰੂ ਦੇ ਜਾਪ ਨਾਲ ਆਰੰਭ ਹੋਇਆ। ਇਹ ਰਾਜ ਭਵਨ ਚੰਡੀਗੜ੍ਹ ਤੱਕ ਪਹੁੰਚਣ ਦੀ ਬਜਾਏ ਗੁਰਦੁਆਰਾ ਜੋਤੀ ਸਰੂਪ ਵਿਖੇ ਹੀ ਸਮਾਪਤ ਹੋ ਗਿਆ। ਅਗਲਾ ਗਰਮ ਪ੍ਰੋਗਰਾਮ ਦੇਣ ਦੀ ਬਜਾਏ ਇਹ ਅਰਦਾਸ ਕੀਤੀ ਗਈ ਕਿ ਸੱਚੇ ਪਾਤਸ਼ਾਹ ਜੀ ਧਰਮ ਦੋਖੀਆਂ ਨੂੰ ਆਪ ਹੀ ਯੋਗ ਸਜ਼ਾ ਦਿਓ। ਇਸ ਦੇ ਨਾਲ ਹੀ ਭਾਜਪਾ ਆਗੂਆਂ ਨੇ ਸਰਸੇ ਵਾਲਿਆਂ ਦੇ ਵਿਵਾਦ ਦੇ ਖਤਮ ਹੋਣ ਦਾ ਐਲਾਨ ਕਰ ਦਿੱਤਾ। ਜੇ ਗੱਲ ਇਸ ਅਰਦਾਸ ਨਾਲ ਮੁੱਕਣੀ ਸੀ ਤਾਂ ਅਜਿਹੀ ਅਰਦਾਸ ਤਾਂ 17 ਮਈ 2007 ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਜੁੜੇ ਸਰਬੱਤ ਖਾਲਸੇ ਵਿਚ ਪਹਿਲਾਂ ਹੀ ਹੋ ਜਾਣੀ ਚਾਹੀਦੀ ਸੀ। ਪਰ ਓਦੋਂ ਤਾਂ ਮਾਰਾ ਮਾਰੀ ਅਤੇ ਬਾਬੇ ਦਾ ਸਿਰ ਵੱਢਣ ਦੀਆਂ ਗਰਮਾ ਗਰਮ ਤਕਰੀਰਾਂ ਹੋਈਆਂ। ਨਤੀਜੇ ਵਜੋਂ ਹਿੰਸਕ ਘੇਰਾਬੰਦੀਆਂ ਅਤੇ ਮੋਰਚਾਬੰਦੀਆਂ ਹੋਈਆਂ। ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਸਿਰਸੇ ਵਾਲਿਆਂ ਤੋਂ ਖਿਝੀਆਂ ਹੋਈਆਂ ਤਲਵਾਰਾਂ ਮਿਆਨਾਂ ਤੋਂ ਬਾਹਰ ਆ ਗਈਆਂ। ਕਿਧਰੇ ਇਹ ਦੁਕਾਨਾਂ ਦੇ ਬੇਗੁਨਾਹ ਸ਼ੀਸ਼ਿਆਂ ਤੇ ਬਰਸਣ ਲੱਗੀਆਂ ਤੇ ਕਿਧਰੇ ਬੇਜ਼ੁਬਾਨ ਗੱਡੀਆਂ ਤੇ। ਇਹ ਭੁਲਾ ਦਿੱਤਾ ਗਿਆ ਕਿ ਧਰਮ ਦੀ ਤਲਵਾਰ ਤਾਂ ਜ਼ੁਲਮ ਦੀ 'ਤਲਵਾਰ' ਦੇ ਟਾਕਰੇ ਲਈ ਹੁੰਦੀ ਹੈ। ਮੰਦੇ ਵਿਚਾਰਾਂ ਦਾ ਟਾਕਰਾ ਤਾਂ ਸ਼ੁਭ ਵਿਚਾਰਾਂ ਨਾਲ ਅਤੇ ਬੁਰੇ ਕਿਰਦਾਰਾਂ ਦਾ ਟਾਕਰਾ ਚੰਗੇ ਕਿਰਦਾਰਾਂ ਨਾਲ ਕੀਤਾ

*Original with;*
Jaswant Singh Zafar
*Digitized by;*
Panjab Digital Library

ਜਾਣਾ ਹੁੰਦਾ ਹੈ। ਦੁਰਕਰਮਾਂ ਨੂੰ ਸ਼ੁਭਕਰਮਨਾਂ ਨਾਲ ਪਛਾੜਿਆ ਜਾ ਸਕਦਾ ਹੈ। ਗੁਰੂ ਗੋਬਿੰਦ ਸਿੰਘ ਅਨੁਸਾਰ ਤਾਂ ਕ੍ਰਿਪਾਨ ਸਾਰੇ ਵਸੀਲਿਆਂ ਦੀ ਵਰਤੋਂ ਮਗਰੋਂ ਬਿਲਕੁਲ ਅਖੀਰ ਤੇ ਵਰਤਿਆ ਜਾਣ ਵਾਲਾ ਹਥਿਆਰ ਹੈ।

ਅਸਲ ਵਿਚ ਧਰਮ ਜੀਵਨ 'ਚੋਂ ਖਾਰਜ ਹੋ ਰਿਹਾ ਹੈ ਪਰ ਰਾਜਨੀਤੀ ਦੀ ਇਸ ਤੇ ਨਿਰਭਰਤਾ ਵਧ ਰਹੀ ਹੈ। ਰਾਜਨੀਤਕ ਭਾਵਨਾਵਾਂ ਨੂੰ ਧਾਰਮਿਕ ਭਾਵਨਾਵਾਂ ਕਿਹਾ ਜਾਣ ਲੱਗਾ ਹੈ। ਅਜਿਹੀਆਂ ਭਾਵਨਾਵਾਂ ਰਾਜਨੀਤਕ ਮੌਸਮ ਅਨੁਸਾਰ ਕਦੀ ਕਦੀ ਬਿਲਕੁਲ ਫਰੀਜ਼ ਹੋ ਜਾਂਦੀਆਂ ਹਨ ਤੇ ਕਦੀ ਹੱਦੋਂ ਵੱਧ ਬਲਣਸ਼ੀਲ ਹੋ ਉਠਦੀਆਂ ਹਨ। ਭਗਤ ਕਬੀਰ ਅਤੇ ਗੁਰੂ ਸਾਹਿਬਾਨਾਂ ਨੇ ਆਪਣੀ ਬਾਣੀ ਰਾਹੀਂ ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਬਹੁਤ ਸਾਰੀਆਂ ਧਾਰਮਿਕ ਰਹੁਰੀਤਾਂ ਤੇ ਵਿਸ਼ਵਾਸਾਂ ਨੂੰ ਦਿਲ ਖੋਲ੍ਹ ਕੇ ਖੰਡਿਆ ਭੰਡਿਆ। ਇਹ ਬਾਣੀ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ। ਇਨ੍ਹਾਂ ਬਾਰੇ ਉਨ੍ਹਾਂ ਦੀ ਇਨ੍ਹਾਂ ਵਿਸ਼ਵਾਸਾਂ ਦੇ ਧਾਰਨੀਆਂ ਨਾਲ ਬੜੀ ਸ਼ਾਲੀਨਤਾ ਨਾਲ ਬਹਿਸਾਂ ਅਤੇ ਗੋਸ਼ਟਾਂ ਹੁੰਦੀਆਂ ਰਹੀਆਂ। ਪਰ ਅੱਜ ਕੋਈ ਗੈਰਸਿੱਖ ਸਿੱਖਾਂ ਦੀਆਂ ਬ੍ਰਾਹਮਣਵਾਦੀ ਅਤੇ ਕਰਮਕਾਂਡੀ ਕਾਰਵਾਈਆਂ ਬਾਰੇ ਲਿਖ ਕੇ ਛਾਪ ਦੇਵੇ ਤਾਂ ਸਾਡੀਆਂ 'ਧਾਰਮਿਕ ਭਾਵਨਾਵਾਂ' ਹੇਠਲੀ ਉੱਤੇ ਕਰ ਦੇਣਗੀਆਂ। ਗੁਰੂ ਨਾਨਕ ਸਾਹਿਬ ਨੇ ਹਰਿਦੁਆਰ ਵਿਚ ਪੱਛਮ ਵੱਲ ਪਾਣੀ ਦੇ ਕੇ ਹਿੰਦੂ ਵਿਸ਼ਵਾਸ਼ ਦਾ ਮਖੌਲ ਉਡਾਇਆ ਸੀ। ਹਿੰਦੂਆ ਨੇ ਉਨ੍ਹਾਂ ਦੀ ਦਲੀਲ ਨੂੰ ਸੁਣਿਆਂ, ਕੋਈ ਸੱਟ ਫੇਟ ਨਹੀਂ ਮਾਰੀ। ਪਰ ਸਾਡੇ ਦਰਬਾਰ ਸਾਹਿਬ ਵਾਲੇ ਸਰੋਵਰ ਵਿਚ ਜੇ ਕੋਈ ਸ਼ਰਧਾਲੂ ਪਿੰਡਾ ਮਲ਼ਣ ਲੱਗ ਪਏ ਤਾਂ 'ਬਰਛੇ ਵਾਲੇ ਸਿੰਘ' ਝਈਆਂ ਲੈ ਕੇ ਪੈਂਦੇ ਹਨ। ਕੋਈ ਅੱਗਿਓਂ ਇਹ ਦਲੀਲ ਦੇਵੇ ਕਿ ਸਰੋਵਰ ਇਸ਼ਨਾਨ ਕਰਨ ਭਾਵ ਤਨ ਦੀ ਮੈਲ਼ ਲਾਹੁਣ ਲਈ ਤਾਂ ਬਣੇ ਹਨ ਤਾਂ ਵੇਖਣਾ ਕੀ ਗਤ ਬਣਦੀ ਹੈ। ਗੁਰੂ ਨਾਨਕ ਸਾਹਿਬ ਮੱਕੇ ਵੱਲ ਪੈਰ ਕਰ ਕੇ ਇਹ ਕਹਿ ਕੇ ਪੈ ਗਏ ਸਨ ਕਿ ਖ਼ੁਦਾ ਤਾਂ ਹਰ ਤਰਫ਼ ਹੈ ਤਾਂ ਮੁਸਲਮਾਨਾਂ ਨੇ ਉਨ੍ਹਾਂ ਦੇ ਡਾਂਗ ਸੋਟਾ ਨਹੀਂ ਸੀ ਮਾਰਿਆ ਸਗੋਂ ਪੈਰ ਚੁੱਕ ਕੇ ਦੂਸਰੇ ਪਾਸੇ ਕਰ ਦਿੱਤੇ ਸਨ। ਅੱਜ ਕੋਈ ਗੈਰ ਸਿੱਖ ਫ਼ਕੀਰ ਪਰਕਰਮਾ ਵਿਚ ਦਰਬਾਰ ਸਾਹਿਬ ਵੱਲ ਨੂੰ ਪੈਰ ਕਰਕੇ ਇਹ ਕਹਿੰਦਾ ਹੋਇਆ ਲੇਟੇ ਕਿ ਵਾਹਿਗੁਰੂ ਤਾਂ ਹਰ ਤਰਫ਼ ਹੈ ਤਾਂ ਅਨੁਮਾਨ ਲਾਓ ਕੀ ਵਾਪਰੇਗਾ?

ਉਪਰੋਕਤ ਗੱਲ਼ਾਂ 17 ਜੂਨ, 2007 ਨੂੰ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਕਲਾਂ ਵਿਖੇ 'ਸਿੱਖ ਧਰਮ ਅਤੇ ਸਿੱਖ ਸਮਾਜ ਨੂੰ ਦਰਪੇਸ਼ ਚਣੌਤੀਆਂ' ਵਿਸ਼ੇ ਤੇ ਕਰਾਈ ਗਈ ਵਿਚਾਰ ਗੋਸ਼ਟੀ ਵਿੱਚ ਸਾਂਝੀਆਂ ਕਰਨ ਦਾ ਮੌਕਾ ਮਿਲਿਆ। ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਾਹਿਬ ਮੁੱਖ ਮਹਿਮਾਨ ਸਨ। ਗੋਸ਼ਟੀ ਦੇ ਅਖ਼ੀਰ ਤੇ ਉਨ੍ਹਾਂ ਉਪਰੋਕਤ ਸਾਰੀਆਂ ਗੱਲਾਂ ਵਿਚੋਂ ਕੇਵਲ ਦੋ ਦੀ ਚਰਚਾ ਕੀਤੀ। ਪਹਿਲੀ ਸਰੋਵਰ ਦੇ ਇਸ਼ਨਾਨ ਦੀ ਅਤੇ ਦੂਸਰੀ ਆਖੰਡ ਪਾਠਾਂ ਦੀ। ਉਨ੍ਹਾਂ ਕਿਹਾ ਕਿ ਸਰੋਵਰ ਤਨ ਦੀ ਮੈਲ ਲਾਹੁਣ ਲਈ ਬਿਲਕੁਲ ਨਹੀਂ ਹਨ। ਤਨ ਦੀ ਮੈਲ਼ ਲਾਹੁਣ ਲਈ ਤਾਂ

*Original with;*
Jaswant Singh Zafar
*Digitized by;*
Panjab Digital Library

ਟੂਟੀਆਂ ਬਣੀਆਂ ਹੁੰਦੀਆਂ ਹਨ। ਸਰੋਵਰ ਮਨ ਦੀ ਮੈਲ ਲਾਹੁਣ ਲਈ ਹੈ। ਇਸ ਪ੍ਰਥਾਏ ਉਨ੍ਹਾਂ ਗੁਰਬਾਣੀ ਦਾ ਅਢੁੱਕਵਾਂ ਹਵਾਲਾ ਦਿੱਤਾ-

**ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ।**

ਦੇਖੀਏ ਤਾਂ ਸਿੰਘ ਸਾਹਿਬ ਦੇ ਦਾਅਵੇ ਦੇ ਉਲਟ ਇਸ ਤੁਕ ਦਾ ਭਾਵ ਤਾਂ ਇਹੀ ਪ੍ਰਤੀਤ ਹੁੰਦਾ ਹੈ ਕਿ ਤਨੋ ਮਨੋ ਅਰੋਗ ਹੋਣ ਲਈ ਇਸ਼ਨਾਨ ਨਾਲ ਤਨ ਨੂੰ ਸਾਫ਼ ਕਰਨ ਉਪਰੰਤ ਸਿਮਰਨ ਨਾਲ ਮਨ ਨੂੰ ਸਾਫ਼ ਕਰਨਾ ਚਾਹੀਦਾ ਹੈ। ਨਾਲੇ ਟੂਟੀਆਂ ਤਾਂ ਸਿਰਫ਼ 40-50 ਸਾਲ ਪਹਿਲਾਂ ਲੱਗੀਆਂ ਹੋਣਗੀਆਂ। ਦੂਸਰਾ ਉਨ੍ਹਾਂ ਦਰਬਾਰ ਸਾਹਿਬ ਕੰਪਲੈਕਸ ਵਿਚ ਕਰਾਏ ਜਾਂਦੇ ਆਖੰਡ ਪਾਠਾਂ ਦੀ ਮਹਿਮਾ ਦਸਦਿਆਂ ਕਿਹਾ ਕਿ ਇਥੇ ਪਾਠ ਕਰਾਉਣ ਅਤੇ ਸੁਣਨ ਨਾਲ ਕੈਂਸਰ ਵਰਗੇ (ਤਨ ਦੇ) ਭਿਆਨਕ ਰੋਗ ਵੀ ਦੂਰ ਹੋ ਜਾਂਦੇ ਹਨ। ਉਨ੍ਹਾਂ ਨਸੀਹਤ ਕੀਤੀ ਕਿ ਪੜ੍ਹੇ ਲਿਖੇ ਅਤੇ ਡਿਗਰੀਆਂ ਵਾਲੇ ਸਿੱਖਾਂ ਨੂੰ ਏਨੇ ਤਰਕ ਵਿਚ ਨਹੀਂ ਪੈਣਾ ਚਾਹੀਦਾ। ਧਰਮ (ਸਿੱਖੀ) ਤਰਕ ਦਾ ਨਹੀਂ ਸ਼ਰਧਾ ਅਤੇ ਵਿਸ਼ਵਾਸ਼ ਦਾ ਵਿਸ਼ਾ ਹੈ। ਸਿੰਘ ਸਾਹਿਬ ਦੀ ਗੱਲ ਸੁਣ ਕੇ ਸਮਝ ਨਹੀਂ ਸੀ ਆਉਂਦੀ ਕਿ ਕਿਹੜੀ ਕੰਧ 'ਚ ਸਿਰ ਮਾਰੀਏ। ਕਬੀਰ ਅਤੇ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਸ਼ਾਇਦ ਧਰਮ ਵਿਸ਼ਵਾਸ ਜਾਂ ਅੰਧਵਿਸ਼ਵਾਸ ਦਾ ਵਿਸ਼ਾ ਸੀ। ਗੁਰੂ ਸਾਹਿਬ ਨੇ ਧਰਮ ਨੂੰ ਜੇਕਰ ਨਿਰਾ ਸ਼ਰਧਾ ਤੇ ਵਿਸ਼ਵਾਸ ਦਾ ਵਿਸ਼ਾ ਰਹਿਣ ਦੇਣਾ ਹੁੰਦਾ ਤਾਂ ਤਰਕ ਕਰਨ ਦੀ ਬਜਾਏ ਹੱਥ ਜੋੜ ਕੇ ਅੱਖਾਂ ਮੀਟ ਕੇ ਜਨੇਊ ਗਲ਼ 'ਚ ਪਵਾ ਲੈਂਦੇ। ਸਿੱਧਾਂ ਦੇ ਵਿਸ਼ਵਾਸਾਂ ਨੂੰ ਤਰਕ ਨਾਲ ਨਾ ਠੋਰਦੇ, ਜੈਨੀਆਂ ਨਾਲ ਵਿਚਾਰ ਚਰਚਾ ਨਾ ਕਰਦੇ। ਗ੍ਰੰਥੀ ਸਿੰਘ ਤਾਂ ਗੁਰੂ ਕੇ ਵਜ਼ੀਰ ਹੁੰਦੇ ਹਨ, ਇਸ ਹਿਸਾਬ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਾਹਿਬ ਤਾਂ ਗੁਰੂ ਕੇ ਵਜ਼ੀਰ-ਏ-ਆਜ਼ਮ ਹਨ। ਪਰ ਜਦ ਗੁਰੂ ਨਾਨਕ ਵੀ ਉਨ੍ਹਾਂ ਦੀ ਸਿੱਖੀ ਤੇ ਪੂਰੇ ਨਹੀਂ ਉਤਰਦੇ ਤਾਂ....?

ਭੁੱਲਾਂ ਚੁੱਕਾਂ ਦੀ ਖਿਮਾਂ!

☆ ☆ ☆


*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

B-089563


## ਲੇਖਕ ਦੀਆਂ ਹੋਰ ਪੁਸਤਕਾਂ






















*Original with;*
Jaswant Singh Zafar
*Digitized by;*
Panjab Digital Library



ਮੱਧ-ਵਰਗ ਨੂੰ ਸਥਾਪਤੀ-ਸਰੋਕਾਰਾਂ ਤੋਂ ਬਚਾ ਕੇ ਰੱਖਣ ਲਈ ਲੋੜੀਂਦੀ ਜੋਤਿ-ਪ੍ਰੇਰਨਾ ਅਤੇ ਜੁਗਤਿ-ਵਿਧੀ ਗੁਰਬਾਣੀ ਵਿਚ ਦਿੱਤੀ ਹੋਈ ਹੈ। ਇਸ ਦੇ ਹੁੰਦਿਆਂ ਵੀ ਸਿੱਖ ਸਮਾਜ ਕਿਉਂ ਨਿਘਾਰਮੁਖੀ ਹੁੰਦਾ ਚਲਾ ਜਾ ਰਿਹਾ ਹੈ, ਇਸ ਬਾਰੇ ਗੱਲ ਕਰਨ ਵਾਲਿਆਂ ਦੀ ਗਿਣਤੀ ਦਿਨੋ ਦਿਨ ਘਟਦੀ ਜਾ ਰਹੀ ਹੈ। ਗਿਣਤੀ ਦੇ ਗੱਲ ਕਰਨ ਵਾਲਿਆਂ ਵਿਚੋਂ ਜਸਵੰਤ ਸਿੰਘ ਜ਼ਫ਼ਰ ਇਕ ਹੈ। ਇਸ ਗੱਲ ਦਾ ਪ੍ਰਮਾਣ ਉਸਨੇ ਜਦੋਂ "ਅਸੀਂ ਨਾਨਕ ਦੇ ਕੀ ਲਗਦੇ ਹਾਂ" ਪੁਸਤਕ ਰਾਹੀਂ ਦਿੱਤਾ ਸੀ ਤਾਂ ਉਸਦੀ ਤਨਜ਼ੀਆ ਸ਼ੈਲੀ ਦਾ ਸਿੱਕਾ ਦੋਸਤਾਂ ਨੇ ਮੰਨ ਲਿਆ ਸੀ। ਲੇਖਕ ਪਾਲਨਾ ਪੋਸਨਾ ਵਿਚ ਸੁਜੱਗ ਸਿੱਖ ਹੈ, ਕਿੱਤੇ ਵਲੋਂ ਇੰਜਨੀਅਰ ਹੈ ਅਤੇ ਸੁਭਾਅ ਵਲੋਂ ਸ਼ਾਇਰ ਹੈ। ਜਦੋਂ ਉਹ ਇਨ੍ਹਾਂ ਵਿਚੋਂ ਵਿਹਲਾ ਹੋਵੇ ਤਾਂ ਕਾਰਟੂਨਿਸਟ ਹੋਣਾ ਪਸੰਦ ਕਰਦਾ ਹੈ। ਇਹ ਸਾਰੇ ਰੰਗ ਉਸਦੀਆਂ ਲਿਖਤਾਂ ਵਿਚੋਂ ਸਵੱਲੀ ਨਿਗਾਹ ਵਾਲਿਆਂ ਨੂੰ ਨਜ਼ਰ ਆ ਜਾਣੇ ਚਾਹੀਦੇ ਹਨ। ਇਨ੍ਹਾਂ ਲੇਖਾਂ ਵਿਚ ਜ਼ਫ਼ਰ ਦੀ ਸਿੱਖ ਪਾਲਨਾ-ਪੋਸਨਾ ਅਤੇ ਆਧੁਨਿਕ ਅੰਤਰਦ੍ਰਿਸ਼ਟੀਆਂ ਦਾ ਬੋਧ ਕਰਿੰਘੜੀ ਪਾ ਕੇ ਤੁਰਦੇ ਨਜ਼ਰ ਆ ਜਾਂਦੇ ਹਨ। ਉਸਦੀ ਚੇਤਨਾ ਨਾਲ ਜੋ ਵੀ ਪਹਿਲੂ ਟਕਰਾਇਆ, ਉਸਦਾ ਮਰਮੀ-ਬਖਾਨ ਸਾਹਮਣੇ ਆ ਗਿਆ। ਇਸਦਾ ਲੁਤਫ਼ ਤਾਂ ਇਸ ਕਿਤਾਬ ਨੂੰ ਪੜ੍ਹਕੇ ਹੀ ਲਿਆ ਜਾ ਸਕਦਾ ਹੈ।

**A Group of**
**Chetna Parkashan**
Ludhiana | Kotkapura | Canada | USA




ISBN 81-7883-403-0
9 788178 834030

***Sikh Sou Khoj Lahey***

₹ 200/-